


ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind *Weekly*

ਪੰਜਾਬੀ ਦੁਨੀਆ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
917-612-3158

Vol. 13 Issue 42 Tuesday July 31 to August 06, 2018 www.PUNJABIDUNIYA.com Published Weekly from New York

# ਪੰਜਾਬ ਦੀ ਕਥਿਤ ਸਿਆਸੀ ਬਦਲਾਖੋਰੀ ਬਣ ਰਹੀ ਹੈ ਅਮਰੀਕਾ ’ਚ ਸ਼ਰਣ ਲੈਣ ਦਾ ਆਧਾਰ

## ‘ਆਪ’ ਦਾ ਕਾਰਕੁੰਨ ਦੱਸ ਕੇ ਕਾਂਗਰਸ ਸਰਕਾਰ ’ਤੇ ਤੰਗ ਪ੍ਰੇਸ਼ਾਨ ਕਰਨ ਦਾ ਲਗਾਉਂਦੇ ਨੇ ਦੋਸ਼




ਨਵੀਂ ਦਿੱਲੀ (ਪੱਤਰ ਪ੍ਰੇਰਕ) ਅਮਰੀਕਾ ’ਚ ਸ਼ਰਨ ਲੈਣ ਵਾਲੇ ਭਾਰਤੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਿਨ੍ਹਾਂ ’ਚ ਬਹੁ ਗਿਣਤੀ ਪੰਜਾਬੀਆਂ ਦੀ ਹੈ। ਪਰ ਇਨ੍ਹਾਂ ਸ਼ਰਣਾਰਥੀਆਂ ਵੱਲੋਂ ਪੰਜਾਬ ਦੀ ਸਿਆਸਤ ਨੂੰ ਹੀ ਅਮਰੀਕਾ ਵਿੱਚ ਸ਼ਰਣ ਲੈਣ ਦਾ ਜ਼ਰੀਆ ਬਣਾਉਣ ਦਾ ਖੁਲਾਸਾ ਹੋਇਆ ਹੈ। ਪੰਜਾਬੀ ਆਪਣੇ ਆਪ ਨੂੰ ਆਮ ਆਦਮੀ ਪਾਰਟੀ ਦਾ ਦੱਸਦਿਆਂ ਕਹਿ ਰਹੇ ਹਨ ਕਿ ਕਾਂਗਰਸ ਸਰਕਾਰ ਉਨ੍ਹਾਂ ਨੂੰ ਤੰਗ ਪਰੇਸ਼ਾਨ ਕਰ ਰਹੀ ਹੈ ਜਦਕਿ ਹਰਿਆਣਾ ਵਾਲੇ ਖ਼ੁਦ ਨੂੰ ਕਾਂਗਰਸੀ ਦੱਸ ਕੇ ਉੱਥੇ ਭਾਜਪਾ ਤੋਂ ਖ਼ਤਰਾ ਦੱਸਦੇ ਹਨ। ਇਥੇ ਇਹ ਗੱਲ ਵਰਨਣਯੋਗ ਹੈ ਕਿ 90 ਦੇ ਦਹਾਕੇ ਦੌਰਾਨ ਬਹੁਤ ਸਾਰੇ ਨੌਜਵਾਨ ਅਮਰੀਕਾ ਜਾਂ ਹੋਰ ਮੁਲਕਾਂ ਵਿੱਚ ਇਹ ਕਹਿ ਕੇ ਸਿਆਸੀ ਸ਼ਰਣ ਮੰਗਦੇ ਸਨ ਕਿ ਉਹ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਕੁੰਨ ਹਨ ਅਤੇ ਭਾਰਤ ਸਰਕਾਰ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕਰ ਰਹੀ ਹੈ। ਇਸ ਆਧਾਰ ਉਤੇ ਬਹੁਤ ਸਾਰੇ ਨੌਜਵਾਨਾਂ ਨੂੰ ਅਮਰੀਕਾ ਵਿੱਚ ਸਿਆਸੀ ਸ਼ਰਣ ਵੀ ਮਿਲੀ ਸੀ। ਹੁਣ ਆਮ ਆਦਮੀ ਪਾਰਟੀ ਦਾ ਕਾਰਕੁੰਨ ਦਸ ਕੇ ਇਹ ਨਵਾਂ ਰੁਝਾਨ ਚੱਲਿਆ ਹੈ।

**ਸ਼ਰਣ ਮੰਗਣ ਵਾਲਿਆਂ ’ਚੋਂ ਬਹੁ-ਗਿਣਤੀ 20-22 ਸਾਲਾ ਉਮਰ ਦੇ ਬਿਨੈਕਾਰ**

ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਰੁਝਾਨ ਆਏ ਸਾਲ ਵਧ ਰਿਹਾ ਹੈ।

**ਬਾਕੀ ਸਫਾ 24 ’ਤੇ**

## ਪਾਕਿ ’ਚ ਇਮਰਾਨ ਦੀ ਪਾਰਟੀ ਦਾ ਗੁਰਸਿੱਖ ਆਗੂ ਬਣਿਆ ਵਿਧਾਇਕ



ਲਾਹੌਰ :(ਪੱਤਰ ਪ੍ਰੇਰਕ) ਪਾਕਿਸਤਾਨ ਦੀਆਂ ਚੋਣਾਂ ਵਿੱਚ ਲਹਿੰਦੇ ਪੰਜਾਬ ਵਿੱਚੋਂ ਪਹਿਲਾ ਗੁਰਸਿੱਖ ਵਿਧਾਇਕ ਵੀ ਚੁਣਿਆ ਗਿਆ ਹੈ। ਮਹਿੰਦਰ ਪਾਲ ਸਿੰਘ ਸਭ ਤੋਂ ਵੱਧ ਸੀਟਾਂ ਲੈਣ ਵਾਲੀ ਸਾਬਕਾ ਕ੍ਰਿਕਟਰ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੀ ਟਿਕਟ ’ਤੇ ਮੁਲਤਾਨ ਤੋਂ ਖੜ੍ਹਾ ਹੋਇਆ ਸੀ। ਮਹਿੰਦਰ ਪਾਲ ਸਿੰਘ ਲਹਿੰਦੇ ਪੰਜਾਬ ਦਾ ਇਕਲੌਤਾ ਗੁਰਸਿੱਖ ਵਿਧਾਇਕ ਹੈ। ਉਨ੍ਹਾਂ ਦੀ ਜਿੱਤ ’ਤੇ ਪਾਕਿਸਤਾਨ ਦੀ ਸੰਘਣੀ ਸਿੱਖ ਵਸੋਂ ਵਾਲੇ ਇਲਾਕੇ ਨਨਕਾਣਾ ਸਾਹਿਬ, ਲਾਹੌਰ

**ਬਾਕੀ ਸਫਾ 24 ’ਤੇ**

## ਪੰਜਾਬ ’ਚ ਹਰ ਸਾਲ 2000 ਕਰੋੜ ਦਾ ਹੁੰਦੈ ਨਸ਼ਿਆਂ ਦਾ ਕਾਰੋਬਾਰ



ਜਲੰਧਰ (ਪੱਤਰ ਪ੍ਰੇਰਕ)- ਪੰਜਾਬ ਨਸ਼ੇ ਦੇ ਕਾਰੋਬਾਰ ਦਾ ਹੱਬ ਬਣ ਚੁੱਕਾ ਹੈ। ਇਕ ਪਾਸੇ ਸਰਕਾਰ ਤੇ ਪੁਲਸ ਵਿਭਾਗ ਨਸ਼ਾ ਸਮੱਗਲਰਾਂ ਦੀ ਸਪਲਾਈ ਲਾਈਨ ਤੋੜਨ ਦਾ ਦਾਅਵਾ ਕਰ ਰਿਹਾ ਹੈ ਤਾਂ ਦੂਜੇ ਪਾਸੇ ਲਗਾਤਾਰ ਨਸ਼ੇ ਦਾ ਕਾਰੋਬਾਰ ਆਪਣੇ ਪੈਰ ਫੈਲਾ ਰਿਹਾ ਹੈ ਤੇ ਲਗਾਤਾਰ ਬਰਾਮਦਗੀ ਦੀ ਖੇਡ ਜਾਰੀ ਹੈ ਜੇਕਰ ਸਪਲਾਈ ਲਾਈਨ ਟੁੱਟ ਗਈ ਤਾਂ ਨਸ਼ਾ ਕਿੱਥੋਂ ਤੇ ਕਿਵੇਂ ਆ ਰਿਹਾ ਹੈ, ਇਸ ਦਾ ਪੁਲਸ ਅਧਿਕਾਰੀਆਂ ਕੋਲ ਕੋਈ ਜਵਾਬ ਨਹੀਂ ਹੈ। ਇਕ ਅਨੁਮਾਨ ਅਨੁਸਾਰ ਪੰਜਾਬ ’ਚ ਹਰ ਸਾਲ ਨਸ਼ੇ ਦਾ ਕਾਰੋਬਾਰ 2000 ਕਰੋੜ ਦੇ ਲਗਭਗ ਹੈ। ਜਦ ਇਸ ਕਾਰੋਬਾਰ ’ਚ ਇੰਨੀ ਵੱਡੀ ਰਕਮ ਸ਼ਾਮਲ ਹੋਵੇ ਤਾਂ ਫਿਰ ਇਸ ਖੇਡ ’ਚ ਵੱਡੀਆਂ ਮੱਛੀਆਂ, ਆਗੂਆਂ ਤੇ ਖਾਕੀ ਵਰਦੀ ਦਾ ਸ਼ਾਮਲ ਹੋਣਾ ਵੀ ਕੋਈ ਹੈਰਾਨੀਜਨਕ ਗੱਲ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ’ਚ ਆਉਣ ਤੋਂ ਪਹਿਲਾਂ ਗੁਟਕਾ ਸਾਹਿਬ ਹੱਥ ’ਚ ਫੜ ਕੇ ਜਨਤਾ ਦੇ ਸਾਹਮਣੇ ਕਸਮ ਖਾਧੀ ਸੀ ਕਿ ਚਾਰ ਹਫਤਿਆਂ ’ਚ ਉਹ ਪੰਜਾਬ ਤੋਂ ਨਸ਼ਾ ਖਤਮ ਕਰ ਦੇਣਗੇ ਪਰ ਸੱਤਾ ’ਚ ਆਉਣ ਦੇ ਬਾਅਦ ਸਿਰਫ ਐੱਸ. ਟੀ. ਐੱਫ. ਬਣਾਉਣ ਦੇ ਬਾਅਦ ਸਰਕਾਰ ਨੇ ਆਪਣੀ ਡਿਊਟੀ ਖਤਮ ਸਮਝ ਲਈ ਸੀ ਤੇ 15 ਮਹੀਨੇ ਤਕ

**ਬਾਕੀ ਸਫਾ 24 ’ਤੇ**

**Insurance**

**Property & Casualty**

(See Full Page Advt. on Page 17)

**Business, Liability, Disability, Workers Comp., E & O, Auto, Home**




**917-612-3158**

www.whitestonecorpusa.com

Thinking of Buying/Selling ?

Looking for Short Sale, Bank Foreclosure Properites ?

**Sharanjit Singh Thind**


(Serving Buyers/Sellers Since 2008)

Associate Real Estate Broker/Notary Public


nuway group
The South Asian INSIDER Voice of South Asian Community
Josh india tv
BOI BOX OFFICE INSIDER
ਪੰਜਾਬੀ ਦੁਨੀਆ
Ethnic Strategies
Most Trusted
News Media Company
Serving South Asian Amercians
The Only South Asian American Media Group that Gives you Maximum Cost Effective Reach
3 Million + Views on YouTube & Half Million fan like on Facebook
Email:sst@nuwaygroup.com
www.nuwaygroup.com
Phone: 917 612 3158

# ਪੰਜਾਬ ਦੇ ਕੈਂਸਰ ਮਰੀਜ਼ਾਂ ਨੂੰ ਨਹੀਂ ਮਿਲ ਰਹੇ ਮੁਫ਼ਤ ਯਾਤਰਾ ਕੂਪਨ

## ਅਕਾਲੀ-ਭਾਜਪਾ ਸਰਕਾਰ ਵੱਲੋਂ ਦਿੱਤੀ ਗਈ ਸਹੂਲਤ ਤੋਂ ਵਾਂਝੇ ਹੋ ਗਏ ਨੇ ਪੀੜਤ ਲੋਕ


ਕੇਵਲ ਕੈਂਸਰ ਦੇ ਮਰੀਜ਼ਾਂ ਲਈ ਕੂਪਨ
ਪੰਜਾਬ ਰੋਡਵੇਜ਼/ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿੱਚ ਜਾਇਜ ਹੈ
ਕਸਰੀ 1/- (ਇਕ ਰੁਪਈਆ)
ਲੜੀ ਨੰ: B ਨੰ: 286256
ਮਰੀਜ ਦਾ ਨਾਂ
ਸਨਾਖਤੀ ਕਾਰਡ ਨੰ:
ਸਫਰ ਕਿਥੋ ਤੋ ਕਿਥੇ ਤੱਕ
ਮਿਤੀ
ਕੰਡਕਟਰ ਦੇ ਹਸਤਾਖਰ ਮਰੀਜ ਦੇ ਹਸਤਾਖਰ

ਜਲੰਧਰ (ਪੱਤਰ ਪ੍ਰੇਰਕ) ਕੈਂਸਰ ਰੋਗ ਤੋਂ ਪੀੜਤ ਮਰੀਜ਼ਾਂ ਨੂੰ ਪੰਜਾਬ ਦੀਆਂ ਸਰਕਾਰੀ (ਰੋਡਵੇਜ਼ ਤੇ ਪੈਪਸੂ) ਬੱਸਾਂ ਵਿੱਚ ਮੁਫ਼ਤ ਸਫ਼ਰ ਕਰਨ ਦੀ ਪ੍ਰਵਾਨਗੀ ਮਿਲੀ ਹੋਈ ਹੈ ਪਰ ਪਿਛਲੇ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਇਨ੍ਹਾਂ ਮਰੀਜ਼ਾਂ ਨੂੰ ਆਪਣੇ ਇਲਾਜ ਲਈ ਪੀ.ਜੀ.ਆਈ. ਜਾਣ ਵਾਸਤੇ ਕਿਰਾਇਆਂ 'ਤੇ ਮੋਟੀਆਂ ਰਕਮਾਂ ਖ਼ਰਚ ਕਰਨੀਆ ਪੈ ਰਹੀਆਂ ਹਨ। ਪਰ ਹੁਣ ਸਿਵਲ ਹਸਪਤਾਲਾਂ 'ਚ ਇਹ ਮੁਫ਼ਤ ਯਾਤਰਾ ਕੂਪਨ ਖ਼ਤਮ ਹੋ ਚੁੱਕੇ ਹਨ, ਜੋ ਉਨ੍ਹਾਂ ਨੂੰ ਜੂਨ 2011 'ਚ ਮਿਲੇ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ 2011 'ਚ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਅਧੀਨ ਕੈਂਸਰ ਰੋਗੀਆਂ ਲਈ ਮੁਫ਼ਤ ਯਾਤਰਾ ਦੀ ਸਹੂਲਤ ਦਾ ਐਲਾਨ ਕੀਤਾ ਸੀ। ਇਸ ਯੋਜਨਾ ਨੂੰ ਲਾਗੂ ਕਰਦਿਆਂ ਸਰਕਾਰ ਨੇ ਵੱਡੀ ਗਿਣਤੀ ਵਿੱਚ 20 ਰੁਪਏ, 10 ਰੁਪਏ ਅਤੇ 1 ਰੁਪਏ ਦੇ ਮੁਫ਼ਤ ਯਾਤਰਾ ਕੂਪਨ ਸੂਬੇ ਦੇ ਸਰੇ ਸਿਵਲ ਹਸਪਤਾਲਾਂ ਵਿੱਚ ਭੇਜੇ ਸਨ। ਹਸਪਤਾਲ ਇਹ ਕੂਪਨ ਆਪਣੀ ਜ਼ਰੂਰਤ ਅਨੁਸਾਰ ਲਾਭਪਾਤਰੀਆਂ 'ਚ ਵੰਡ ਸਕਦੇ ਹਨ। ਇਹ ਕੂਪਨ ਸਿਰਫ਼ ਪੰਜਾਬ ਰੋਡਵੇਜ਼ ਤੇ ਪੀਆਰਟੀਸੀ ਦੀਆਂ ਬੱਸਾਂ ਲਈ ਹੀ ਵੈਧ ਹਨ। ਨਵਾਂਸ਼ਹਿਰ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਕੁਲਦੀਪ ਰਾਏ ਨੇ ਦੱਸਿਆ ਕਿ ਕੈਂਸਰ ਰੋਗੀ ਵੱਡੀ ਗਿਣਤੀ 'ਚ ਮੌਜੂਦ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮਜ਼ਦੂਰ ਸ਼੍ਰੇਣੀ ਨਾਲ ਸਬੰਧਤ ਹਨ। ਪਰ ਹੁਣ ਉਹ ਚੰਡੀਗੜ੍ਹ ਸਥਿਤ ਪੀਜੀਆਈ ਜਾ ਕੇ ਆਪਣਾ ਇਲਾਜ ਕਰਵਾਉਣ ਤੋਂ ਅਸਮਰੱਥ ਹੋ ਗਏ ਹਨ ਕਿਉਂਕਿ ਉਹ ਆਉਣ-ਜਾਣ ਦਾ ਖ਼ਰਚਾ ਝੱਲਣ ਤੋਂ ਅਸਮਰੱਥ ਹਨ। ਉਨ੍ਹਾਂ ਕਿਹਾ ਕਿ ਇੱਕ ਮਰੀਜ਼ ਦੇ ਨਾਲ ਉਸ ਦਾ ਕੋਈ ਸਹਾਇਕ ਜਾਂ ਸਾਥੀ ਵੀ ਜ਼ਰੂਰ ਜਾਂਦਾ ਹੈ ਤੇ ਇੱਕ ਵਾਰ ਆਉਣ-ਜਾਣ ਦਾ ਖ਼ਰਚਾ 700 ਰੁਪਏ ਤੋਂ ਲੈ ਕੇ 800 ਰੁਪਏ ਤੱਕ ਹੋ ਜਾਂਦਾ ਹੈ। ਉੱਪਰੋਂ ਉਨ੍ਹਾਂ ਦੀ ਦਿਹਾੜੀ ਵੱਖਰੀ ਟੁੱਟਦੀ ਹੈ। ਜਲੰਧਰ ਸਿਵਲ ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਇਹ ਸਕੀਮ ਸ਼ੁਰੂ ਹੋਈ ਸੀ, ਤਦ ਉਨ੍ਹਾਂ ਨੂੰ 11 ਲੱਖ ਰੁਪਏ ਦੇ ਯਾਤਰਾ ਕੂਪਨ ਮਿਲੇ ਸਨ। ਤੇ ਇਹ ਕੂਪਨ ਨਵੰਬਰ 2016 'ਚ ਖ਼ਤਮ ਹੋ ਗਏ ਸਨ। ਉੱਚ ਅਧਿਕਾਰੀਆਂ ਨੇ ਅਜਿਹੇ ਕੁਝ ਕੂਪਨ ਰੋਪੜ ਦੇ ਸਿਵਲ ਹਸਪਤਾਲ ਤੋਂ ਲਿਆਉਣ ਲਈ ਆਖਿਆ ਸੀ, ਜਿੱਥੇ ਕੁਝ ਕੂਪਨ ਵਾਧੂ ਪਏ ਸਨ। ਫਿਰ ਉੱਥੋਂ 50,000 ਰੁਪਏ ਦੇ ਕੂਪਨ ਲਿਆਂਦੇ ਗਏ ਸਨ ਪਰ ਉਹ ਸਿਰਫ਼ ਦੋ ਕੁ ਮਹੀਨਿਆਂ ਅੰਦਰ ਹੀ ਖ਼ਤਮ ਹੋ ਗਏ ਸਨ। ਹੁਣ ਮਰੀਜ਼ ਆ ਕੇ ਉਨ੍ਹਾਂ ਤੋਂ ਇਹ ਕੂਪਨ ਮੰਗਦੇ ਹਨ। ਪੱਤਰਕਾਰਾਂ ਦੀ ਟੀਮ ਨੇ ਚੈੱਕ ਕੀਤਾ ਗਿਆ, ਤਾਂ ਵੇਖਿਆ ਕਿ ਤਰਨ ਤਾਰਨ, ਅੰਮ੍ਰਿਤਸਰ, ਨਵਾਂਸ਼ਹਿਰ, ਲੁਧਿਆਣਾ, ਮੋਗਾ ਤੇ ਪਟਿਆਲਾ ਦੇ ਸਿਵਲ ਹਸਪਤਾਲਾਂ 'ਚ ਵੀ ਇਹੋ ਹਾਲਾਤ ਹਨ। ਇਨ੍ਹਾਂ ਸਾਰੇ ਥਾਵਾਂ 'ਤੇ ਮੁਫ਼ਤ ਯਾਤਰਾ ਕੂਪਨ ਖ਼ਤਮ ਹੋ ਚੁੱਕੇ ਹਨ। ਪਰ ਕਪੂਰਥਲਾ ਤੇ ਫ਼ਰੀਦਕੋਟ ਦੇ ਸਿਵਲ ਹਸਪਤਾਲਾਂ 'ਚ ਪੁਰਾਣੇ ਯਾਤਰਾ ਕੂਪਨ ਹਾਲੇ ਪਏ ਹਨ। ਲੁਧਿਆਣਾ 'ਚ ਆਮ ਮਰੀਜ਼ਾਂ ਦੀ ਰਾਹਤ ਲਈ ਸਿਵਲ ਸਰਜਨ ਦੇ ਹਸਤਾਖਰਾਂ ਵਾਲਾ ਇੱਕ ਕੈਂਸਰ ਸਰਟੀਫ਼ਿਕੇਟ ਦਿੱਤਾ ਜਾਣ ਲੱਗਾ ਹੈ, ਇਸ ਦੇ ਆਧਾਰ 'ਤੇ ਵੀ ਸਰਕਾਰੀ ਬੱਸਾਂ ਵਿੱਚ ਮੁਫ਼ਤ ਯਾਤਰਾ ਦੀ ਇਜਾਜ਼ਤ ਮਿਲ ਜਾਂਦੀ ਹੈ। ਸਰਕਾਰੀ ਅੰਕੜਿਆਂ ਅਨੁਸਾਰ 29 ਦਸੰਬਰ, 2017 ਤੱਕ 8,799 ਮਰੀਜ਼ ਐੱਮ ਪੀ ਸੀ ਆਰ ਕੇ ਐੱਸ ਯੋਜਨਾ ਅਧੀਨ ਰਜਿਸਟਰਡ ਸਨ; ਜਦ ਕਿ 3,089 ਮਰੀਜ਼ 1 ਜਨਵਰੀ, 2018 ਤੋਂ ਲੈ ਕੇ 11 ਮਈ, 2018 ਤੱਕ ਦੌਰਾਨ ਰਜਿਸਟਰਡ ਹੋਏ ਹਨ। ਉੱਧਰ ਵਧੀਕ ਮੁੱਖ ਸਕੱਤਰ (ਸਿਹਤ ਤੇ ਪਰਿਵਾਰ ਕਲਿਆਣ) ਸਤੀਸ਼ ਚੰਦਰਾ ਨੇ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਗੋਚਰੇ ਨਹੀਂ ਹੈ ਅਤੇ ਉਹ ਇਸ 'ਤੇ ਗ਼ੌਰ ਕਰਨਗੇ।

# ਹੁਣ ਭਾਰਤੀਆਂ ਨੂੰ ਟਰਾਂਜ਼ਿਟ ਵੀਜ਼ੇ ਦੀ ਲੋੜ ਨਹੀਂ : ਫਰਾਂਸ

ਨਵੀਂ ਦਿੱਲੀ : ਫਰਾਂਸ ਨੇ ਐਲਾਨ ਦਿੱਤਾ ਹੈ ਕਿ ਦੇਸ਼ ਵਿਚੋਂ ਲੰਘਣ ਦੌਰਾਨ ਭਾਰਤੀ ਪਾਸਪੋਰਟ ਹੋਲਡਰਾਂ ਨੂੰ ਹੁਣ ਟਰਾਂਜ਼ਿਟ ਵੀਜ਼ਾ ਦੀ ਲੋੜ ਨਹੀਂ ਹੋਵੇਗੀ। ਭਾਰਤ ਵਿਚ ਫਰਾਂਸ ਦੇ ਰਾਜਦੂਤ ਅਲੈਗਜ਼ੈਂਡਰ ਜੇਗਲਰ ਨੇ ਪਿਛਲੇ ਹਫਤੇ ਟਵਿੱਟਰ 'ਤੇ ਕਿਹਾ,"ਮੈਨੂੰ ਇਹ ਐਲਾਨ ਕਰਨ ਵਿਚ ਖੁਸ਼ੀ ਹੋ ਰਹੀ ਹੈ ਕਿ 23 ਜੁਲਾਈ 2018 ਤੋਂ ਭਾਰਤੀ ਪਾਸਪੋਰਟ




ਹੋਲਡਰਾਂ ਨੂੰ ਫਰਾਂਸ ਵਿਚ ਕਿਸੇ ਵੀ ਹਵਾਈ ਅੱਡੇ ਦੇ ਅੰਤਰਰਾਸ਼ਟਰੀ ਖੇਤਰ ਵਿਚੋਂ ਲੰਘਣ ਦੌਰਾਨ ਟਰਾਂਜ਼ਿਟ ਵੀਜ਼ਾ ਦੀ ਲੋੜ ਨਹੀਂ ਹੋਵੇਗੀ। ਟਰਾਂਜ਼ਿਟ ਵੀਜ਼ਾ ਇਕ ਤਰ੍ਹਾਂ ਦਾ ਟੈਂਪਰੇਰੀ ਸ਼ਾਰਟ ਪੀਰੀਅਡ ਵੀਜ਼ਾ ਹੁੰਦਾ ਹੈ, ਜੋ ਕਿ ਯਾਤਰਾ ਦੌਰਾਨ ਕੰਮ ਆਉਂਦਾ ਹੈ। ਕਈ ਦੇਸ਼ਾਂ ਵਿਚ ਅਜਿਹਾ ਹੁੰਦਾ ਹੈ ਕਿ ਤੁਸੀਂ 24 ਘੰਟੇ ਤੋਂ ਜ਼ਿਆਦਾ ਸਮੇਂ ਤੱਕ ਰੁਕਦੇ ਹੋ ਤਾਂ ਉਥੇ ਤੁਹਾਨੂੰ ਟਰਾਂਜ਼ਿਟ ਵੀਜ਼ਾ ਲੈਣਾ ਪੈਂਦਾ ਹੈ, ਫਰਾਂਸ ਵੀ ਸ਼ੈਨਗਨ ਖੇਤਰ ਦਾ ਇਕ ਹਿੱਸਾ ਹੈ, ਜਿਸ ਵਿਚ 26 ਯੂਰਪੀ ਦੇਸ਼ ਸ਼ਾਮਲ ਹਨ। ਇਨ੍ਹਾਂ 26 ਯੂਰਪੀ ਦੇਸ਼ਾਂ ਵਿਚ ਯਾਤਰਾ ਦੌਰਾਨ ਅਫਗਾਨਿਸਤਾਨ, ਬੰਗਲਾਦੇਸ਼, ਘਾਨਾ, ਭਾਰਤ, ਈਰਾਨ, ਇਰਾਕ, ਪਾਕਿਸਤਾਨ, ਸ਼੍ਰੀਲੰਕਾ ਸਮੇਤ 19 ਦੇਸ਼ਾਂ ਦੇ ਯਾਤਰੀਆਂ ਨੂੰ ਸ਼ੈਨਗਨ ਖੇਤਰ ਵਿਚ ਆਉਣ ਵਾਲੇ ਦੇਸ਼ਾਂ ਦੇ ਹਵਾਈ ਅੱਡਿਆਂ ਦੇ ਕੌਮਾਂਤਰੀ ਖੇਤਰ ਤੋਂ ਲੰਘਣ ਦੌਰਾਨ ਟਰਾਂਜ਼ਿਟ ਵੀਜ਼ਾ ਦੀ ਲੋੜ ਪੈਂਦੀ ਹੈ। 26 ਯੂਰਪੀ ਦੇਸ਼ਾਂ ਦਾ ਸਮੂਹ, ਜਿਥੋਂ ਦੇ ਨਾਗਰਿਕਾਂ ਨੂੰ ਬਿਨਾਂ ਪਾਸਪੋਰਟ ਆਪਣੇ ਗੁਆਂਢੀ ਮੁਲਕਾਂ ਵਿਚ ਆਉਣ-ਜਾਣ ਦੀ ਸਹੂਲਤ ਦਿੱਤੀ ਗਈ ਹੈ, ਉਸ ਨੂੰ ਸ਼ੈਨਗਨ ਖੇਤਰ ਕਿਹਾ ਜਾਂਦਾ ਹੈ।

# 'ਆਪ' ਹਾਈਕਮਾਨ ਦੇ 'ਦਲਿਤ' ਨਹਿਲੇ 'ਤੇ ਖਹਿਰਾ ਦਾ ਦਹਿਲਾ

## ਦਿੱਲੀ ਦਾ ਉਪ ਮੁੱਖ ਮੰਤਰੀ ਦਲਿਤ ਬਣਾਉਣ ਦੀ ਕੀਤੀ ਮੰਗ



ਚੰਡੀਗੜ੍ਹ, (ਪੱਤਰ ਪ੍ਰੇਰਕ): ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਖਹਿਰਾ ਨੇ ਪਾਰਟੀ ਵੱਲੋਂ ਵਿਰੋਧੀ ਧਿਰ ਦੇ ਨੇਤਾ ਦੇ ਆਹੁਦੇ ਤੋਂ ਲਾਂਭੇ ਕਰਨ ਤੋਂ ਬਾਅਦ ਕਿਹਾ ਕਿ ਮੈਨੂੰ ਹਰਪਾਲ ਚੀਮਾ ਨਾਲ ਕੋਈ ਸਮੱਸਿਆ ਨਹੀਂ ਹੈ ਸਗੋਂ ਦਿੱਲੀ ਦਾ ਉੱਪ ਮੁੱਖ ਮੰਤਰੀ ਵੀ ਦਲਿਤ ਹੋਣਾ ਚਾਹੀਦਾ ਹੈ ਇਸ ਨਾਲ ਪਾਰਟੀ ਨੂੰ ਹੋਰ ਵੀ ਫਾਇਦਾ ਮਿਲੇਗਾ। ਉਨ੍ਹਾਂ ਕਿਹਾ ਕਿ ਮੇਰੇ ਹਿਸਾਬ ਨਾਲ ਤਾਂ ਆਉਂਦੇ ਸਾਲਾਂ 'ਚ ਪੰਜਾਬ ਦਾ ਮੁੱਖ ਮੰਤਰੀ ਵੀ ਦਲਿਤ ਭਾਈਚਾਰੇ ਦਾ ਹੋਵੇਗਾ। ਖਹਿਰਾ ਨੇ ਇੱਕ ਟੀ ਵੀ ਚੈਨਲ ਨੂੰ ਦਿੱਤੇ ਇੰਟਰਵਿਊ 'ਚ ਕਿਹਾ ਮੈਂ ਕੋਈ ਨਵੀਂ ਪਾਰਟੀ ਨਹੀਂ ਬਣਾਉਣੀ ਤੇ ਨਾ ਹੀ ਮੇਰਾ ਕੋਈ ਆਪ ਦੇ ਖਿਲਾਫ ਪ੍ਰੋਗਰਾਮ ਹੈ। ਉਨ੍ਹਾਂ ਹਰਪਾਲ ਚੀਮਾ ਨੂੰ ਸੱਦਾ ਦਿੰਦਿਆਂ ਕਿਹਾ ਕਿ ਮੇਰੇ ਹਰ ਪ੍ਰੋਗਰਾਮ 'ਚ ਆਉਣ ਕਿਉਂਕਿ ਉਹ ਸਾਰੇ ਪ੍ਰੋਗਰਾਮ ਪਾਰਟੀ ਦੇ ਪ੍ਰੋਗਰਾਮ ਹਨ। ਖਹਿਰਾ ਨੇ ਪਾਰਟੀ ਖਿਲਾਫ ਨਰਾਜ਼ਗੀ ਪ੍ਰਗਟਾਉਂਦਿਆਂ ਕਿਹਾ ਕਿ ਪਾਰਟੀ ਨੂੰ ਮੇਰੇ ਨਾਲ ਗੈਰ ਕਨੂੰਨੀ ਤਰੀਕੇ ਨਾਲ ਇਹ ਸਭ ਨਹੀਂ ਕਰਨਾ ਚਾਹੀਦਾ ਸੀ ਕਿਉਂਕਿ ਮੈਂ ਕੁਰਸੀ ਦਾ ਭੁੱਖਾ ਨਹੀਂ ਹਾਂ ਤੇ ਨਾ ਹੀ ਮੈਂ ਮੁੱਖ ਮੰਤਰੀ ਬਣਨਾ ਚਾਹੁੰਦਾ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਤੀਜੇ ਬਦਲ ਦੀ ਤਲਾਸ਼ 'ਚ ਹਨ। ਅਸੀਂ ਪੰਜਾਬ ਲਈ ਬਿਹਤਰ ਬਦਲ ਹੋਵਾਂਗੇ ਤੇ ਕਾਂਗਰਸ ਤੇ ਅਕਾਲੀਆਂ ਨੂੰ ਟੱਕਰ ਦੇਵਾਂਗੇ। ਖਹਿਰਾਂ ਨੇ ਇਹ ਵੀ ਕਿਹਾ ਕਿ ਪਾਰਟੀ ਦੇ ਸਾਰੇ ਵਿਧਾਇਕ ਇਕੱਠੇ ਹਾਂ। ਕੋਈ ਵੀ ਇਕ ਦੂਜੇ ਖ਼ਿਲਾਫ਼ ਨਹੀਂ ਹੈ। ਕੇਜਰੀਵਾਲ ਬਾਰੇ ਬੋਲਦਿਆਂ ਖਹਿਰਾ ਨੇ ਕਿਹਾ ਕੇਜਰੀਵਾਲ ਨੇ ਦਿੱਲੀ 'ਚ ਸਿਖਿਆ ਤੇ ਸਿਹਤ ਦੇ ਖੇਤਰ 'ਚ ਸ਼ਲਾਘਾਯੋਗ ਕੰਮ ਕੀਤਾ ਹੈ। ਜ਼ਿਕਰਯੋਗ ਹੈ ਕਿ ਹਾਲ ਹੀ 'ਚ ਆਮ ਆਦਮੀ ਪਾਰਟੀ ਨੇ ਸੁਖਪਾਲ ਖਹਿਰਾ ਨੂੰ ਵਿਰੋਧੀ ਧਿਰ ਦੇ ਅਹੁਦੇ ਤੋਂ ਲਾਂਭੇ ਕਰਕੇ ਹਰਪਾਲ ਚੀਮਾ ਨੂੰ ਇਹ ਅਹੁਦਾ ਸੌਂਪ ਦਿੱਤਾ ਹੈ।

## ਚੀਮਾ 'ਆਪ' ਦਾ 'ਪੱਪੂ': ਬੈਂਸ



ਲੁਧਿਆਣਾ, (ਪੱਤਰ ਪ੍ਰੇਰਕ) ਆਮ ਆਦਮੀ ਪਾਰਟੀ ਹਾਈਕਮਾਨ ਵੱਲੋਂ ਨਵੇਂ ਲਾਏ ਵਿਰੋਧੀ ਧਿਰ ਦੇ ਨੇਤਾ ਨੂੰ ਸਿਮਰਜੀਤ ਬੈਂਸ ਨੇ ਪੱਪੂ ਕਰਾਰ ਦਿੱਤਾ ਹੈ। ਇਸ ਤੋਂ ਇਲਾਵਾ ਬੈਂਸ ਨੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘੁਟਾਲੇ 'ਚ ਕੈਪਟਨ ਅਮਰਿੰਦਰ ਸਿੰਘ ਮਿਲੀ ਰਾਹਤ ਨੂੰ ਸੁਪਰੀਮ ਕੋਰਟ ਵਿੱਚ ਚੈਲੰਜ ਕਰਨ ਦਾ ਦਾਅਵਾ ਕੀਤਾ। ਬੈਂਸ ਨੇ ਇਕ ਟੀ ਵੀ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ 'ਆਪ' ਹਾਈਕਮਾਨ ਨੂੰ ਪੱਪੂਆਂ ਦੀ ਲੋੜ ਹੈ, ਜੋ ਚੁੱਪ-ਚਾਪ ਉਨ੍ਹਾਂ ਦੇ ਹੁਕਮ ਮੰਨਦੇ ਰਹਿਣ। ਬੈਂਸ ਨੇ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਉਨ੍ਹਾਂ ਦੀ ਦੋਸਤੀ ਕਾਰਨ ਖਹਿਰਾ ਤੋਂ ਅਹੁਦਾ ਖੁੱਸਿਆ ਹੈ। ਦਰਅਸਲ, ਬੀਤੇ ਕੱਲ੍ਹ ਨਵੇਂ ਬਣੇ ਵਿਰੋਧੀ ਧਿਰ ਦੇ ਲੀਡਰ ਹਰਪਾਲ ਸਿੰਘ ਚੀਮਾ ਨੇ ਕਿਹਾ ਸੀ ਕਿ ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਕਾਰਨ ਹੀ ਸੁਖਪਾਲ ਖਹਿਰਾ ਦੀ ਕੁਰਸੀ ਗਈ ਹੈ। ਉਨ੍ਹਾਂ ਬੈਂਸ ਨੂੰ ਮੌਕਾਪ੍ਰਸਤ ਵੀ ਕਿਹਾ ਸੀ। ਅੱਜ ਸਿਮਰਜੀਤ ਬੈਂਸ ਨੇ ਆਮ ਆਦਮੀ ਪਾਰਟੀ 'ਤੇ ਵਰ੍ਹਦਿਆਂ ਕਿਹਾ ਕਿ ਉਨ੍ਹਾਂ ਨੂੰ ਇਮਾਨਦਾਰੀ ਨਾਲ ਕੰਮ ਕਰਨ ਦੀ ਲੋੜ ਹੈ। ਦੂਜੇ ਪਾਸੇ, ਬੈਂਸ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਵਿੱਚ ਅਦਾਲਤ ਵੱਲੋਂ ਬਰੀ ਕਰਕ ਦਿੱਤੇ ਜਾਣ ਦੇ ਫੈਸਲੇ ਨੂੰ ਚੈਲੰਜ ਕਰਨ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਇਸ ਮਾਮਲੇ ਨੂੰ ਸੁਪਰੀਮ ਕੋਰਟ ਤਕ ਲੈਕੇ ਜਾਵਾਂਗੇ ਤੇ ਲਾਲੂ ਪ੍ਰਸਾਦ ਵਾਂਗ ਕੈਪਟਨ ਨੂੰ ਜੇਲ੍ਹ ਦੀ ਚੱਕੀ ਪਿਸਵਾਵਾਂਗੇ। ਵਿਧਾਇਕ ਨੇ ਦੋਸ਼ ਲਾਇਆ ਕਿ ਕੈਪਟਨ ਦੀ ਬਾਦਲਾਂ ਨਾਲ ਸੰਧੀ ਹੋਈ ਸੀ, ਇਸੇ ਕਰਕੇ ਉਨ੍ਹਾਂ ਦੇ ਕੇਸ ਖ਼ਤਮ ਹੋ ਰਹੇ ਹਨ। ਬੈਂਸ ਨੇ ਇਮਾਨਦਾਰ ਰਾਜਨੀਤੀ ਕਰਨ ਵਾਲੇ ਆਗੂਆਂ ਨੂੰ ਇੱਕ ਮੰਚ 'ਤੇ ਇਕੱਠੇ ਹੋਣ ਦੀ ਅਪੀਲ ਵੀ ਕੀਤੀ।

# ਅਫਸਰਾਂ ਖਿਲਾਫ ਕਾਰਵਾਈ ਤੋਂ ਪੰਜਾਬ ਦਾ ਪੁਲਿਸ ਮੁਖੀ ਔਖਾ

ਚੰਡੀਗੜ੍ਹ:(ਪੱਤਰ ਪ੍ਰੇਰਕ) ਪੁਲਿਸ ਤੇ ਨਸ਼ਾ ਸਮਗਲਰਾਂ ਦੇ ਗੱਠਜੋੜ ਬਾਰੇ ਚੱਲ ਰਹੀ ਚਰਚਾ ਦੌਰਾਨ ਪੰਜਾਬ ਦੇ ਡੀਥਜੀਥਪੀਥ ਸੁਰੇਸ਼ ਅਰੋੜਾ ਨੇ ਆਪਣੀ ਖਾਮੋਸ਼ੀ ਤੋੜਦਿਆਂ ਸਰਕਾਰ ਨੂੰ ਚੁਣੌਤੀ ਦਿੱਤੀ ਕਿ ਉਹ ਅਜਿਹੇ ਤਿੰਨ ਡੀਥਜੀਥਪੀਜ਼ਥ ਦੇ ਨਾਂ ਗਿਣਾਏ ਜਿਨ੍ਹਾਂ ਨੂੰ ਅਦਾਲਤ ਨੇ ਗਲਤ ਠਹਿਰਾਇਆ ਹੋਵੇ। ਪੰਜਾਬ ਪੁਲਿਸ ਮੁਖੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਕਾਰਨ ਮੂੰਹ ਖੋਲ੍ਹਣਾ ਪਿਆ ਕਿਉਂਕਿ ਮਾਮਲਾ ਅਦਾਲਤ ਦੇ ਜ਼ੇਰ-ਏ-ਗੌਰ ਹੋਣ ਦੇ ਬਾਵਜੂਦ ਮੀਡੀਆ ਵਿਚ 'ਬਹੁਤ ਵੱਡੇ ਵੱਡੇ ਇਲਜ਼ਾਮ' ਲਾਏ ਜਾ ਰਹੇ ਹਨ ਜਿਸ ਕਾਰਨ ਪੁਲਿਸ ਫੋਰਸ ਦਾ ਹੌਸਲਾ ਡਿੱਗ ਰਿਹਾ ਹੈ। ਇਕ ਦੋਸ਼ ਇਹ ਹੈ ਕਿ ਉਨ੍ਹਾਂ (ਸ੍ਰੀ ਅਰੋੜਾ) ਵੱਲੋਂ ਨਸ਼ਾ ਤਸਕਰੀ ਕੇਸਾਂ ਵਿਚ ਐਸ਼ਐਸ਼ਪੀਥ ਰਾਜਜੀਤ ਸਿੰਘ ਦਾ ਬਚਾਅ ਕੀਤਾ ਜਾ ਰਿਹਾ ਹੈ। ਰਾਜਜੀਤ ਸਿੰਘ ਉਤੇ ਬਰਤਰਫ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਬਚਾਉਣ ਦੇ ਦੋਸ਼ ਹਨ। ਦੱਸਣਯੋਗ ਹੈ ਕਿ ਡੀਥਜੀਥਪੀਥ-ਪੀਥਐਸ਼ਪੀਥਸੀਥਐਲ਼ ਸਿਧਾਰਥ ਚੱਟੋਪਾਧਿਆਏ ਨੇ ਆਪਣੇ-ਆਪ ਨੂੰ ਸਨਅਤਕਾਰ ਇੰਦਰਪ੍ਰੀਤ ਚੱਢਾ ਦੇ ਖੁਦਕੁਸ਼ੀ ਮਾਮਲੇ ਵਿਚ ਨਾਮਜ਼ਦ ਕੀਤੇ ਜਾਣ ਕਾਰਨ ਨਿੱਜੀ ਹੈਸੀਅਤ ਵਿਚ ਇਕ ਹਲਫ਼ਨਾਮੇ ਰਾਹੀਂ ਸ੍ਰੀ ਅਰੋੜਾ ਉਤੇ ਇਹ ਦੋਸ਼ ਲਾਏ ਸਨ। ਇਹ ਵੀ ਆਖਿਆ ਜਾ ਰਿਹਾ ਹੈ ਕਿ ਇਸ ਸਾਰੇ ਮਾਮਲੇ ਵਿਚ ਵਿਵਾਦ ਦਾ ਕੇਂਦਰ ਡੀਥਜੀਥਪੀਥ-ਪੰਜਾਬ ਦਾ ਅਹੁਦਾ ਹੈ ਜੋ 30 ਸਤੰਬਰ ਨੂੰ ਸ੍ਰੀ ਅਰੋੜਾ ਦੀ ਸੇਵਾ ਮੁਕਤੀ ਉਤੇ ਖਾਲੀ ਹੋਣ ਵਾਲਾ ਹੈ। ਸ੍ਰੀ ਚੱਟੋਪਾਧਿਆਏ ਅਤੇ ਡੀਥਜੀਥਪੀਥ-ਇੰਟੈਲੀਜੈਂਸ ਦਿਨਕਰ ਗੁਪਤਾ ਇਸ ਅਹੁਦੇ ਲਈ ਦਾਅਵੇਦਾਰ ਹਨ। ਸ੍ਰੀ ਅਰੋੜਾ ਦਾ ਸੇਵਾਕਾਲ ਵਧਾਏ ਜਾਣ ਦੀ ਵੀ ਚਰਚਾ ਹੈ, ਪਰ ਉਨ੍ਹਾਂ ਇਸ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣੇ 36 ਸਾਲਾਂ ਦੇ ਕਰੀਅਰ ਦੌਰਾਨ ਕਿਸੇ ਗ਼ਲਤ ਪੁਲਿਸ ਮੁਲਾਜ਼ਮ ਜਾਂ ਵਿਅਕਤੀ ਦਾ ਪੱਖ ਨਹੀਂ ਲਿਆ। ਇਹ ਸਾਰੇ ਇਲਜ਼ਾਮ ਮੇਰੇ ਕਰੀਅਰ ਦੇ ਐਨ ਅਖੀਰ ਉਤੇ ਕਿਸੇ ਖਾਸ ਮਕਸਦ ਲਈ ਲਾਏ ਜਾ ਰਹੇ ਹਨ।

# ਹਾਅ ਦਾ ਨਾਅਰਾ ਬੁਲੰਦ ਕਰਨ ਦੀ ਸਿੱਖਾਂ ਦੀ ਵਾਰੀ: ਸਿੱਖ ਬੁੱਧੀਜੀਵੀ

ਚੰਡੀਗੜ੍ਹ (ਪੱਤਰ ਪ੍ਰੇਰਕ, ) – ਕਈ ਨਾਮਵਰ ਸਿੱਖ ਬੁੱਧੀਜੀਵੀਆਂ ਅਤੇ ਸਮਾਜ-ਹਿਤੈਸ਼ੀ ਚਿੰਤਕਾਂ ਨੇ ਪਿਛਲੇ ਦਿਨੀਂ ਅਲਵਰ ਵਿੱਚ ਗਊ-ਤਸਕਰ ਗਰਦਾਨ ਕੇ ਜਨੂੰਨੀ ਭੀੜ ਵੱਲੋਂ ਇੱਕ ਮੁਸਲਮਾਨ ਨੌਜਵਾਨ ਰਕਬਰ ਖਾਨ ਨੂੰ ਕੁੱਟ-ਕੁੱਟ ਕੇ ਮਾਰਨ ਦੀ ਸਖ਼ਤ ਨਿੰਦਾ ਕਰਦਿਆਂ ਸਮੁੱਚੇ ਸਿੱਖ ਭਾਈਚਾਰੇ ਨੂੰ ਏਸ ਘਟਨਾ ਵਿਰੁੱਧ ਹਾਅ ਦਾ ਨਾਅਰਾ ਬੁਲੰਦ ਕਰਨ ਦਾ ਸੱਦਾ ਦਿੱਤਾ ਹੈ। ਰਾਜਸਥਾਨ ਦੇ ਵਜ਼ੀਰਾਂ ਅਤੇ ਹੋਰ ਜ਼ਿੰਮੇਵਾਰਾਂ ਦਾ ਆਖਣਾ ਹੈ ਕਿ ਉਹ ਗਊਬੱਧ ਵਾਸਤੇ ਗਊਆਂ ਲੈ ਕੇ ਜਾ ਰਿਹਾ ਸੀ। ਇਹ ਮਹਿਜ਼ ਕੂਪ੍ਰਚਾਰ ਹੈ। ਪਸ਼ੂ ਪਾਲਣ ਤੋਂ ਰਕਬਰ ਖਾਨ ਆਪਣੇ ਪਰਵਾਰ ਦਾ ਗੁਜ਼ਾਰਾ ਚਲਾਉਂਦਾ ਸੀ- ਇਹ ਸੱਚਾਈ ਹੈ। ਜਾਪਦਾ ਹੈ ਕਿ ਗਊ ਦੇ ਨੇੜੇ ਮੁਸਲਮਾਨ ਨੂੰ ਵੇਖ ਕੇ, ਵਜ਼ੀਰ ਦੀ ਬੋਲੀ ਵਿੱਚ 'ਹਿੰਦੂ ਖ਼ੂਨ ਉਬਲਣ ਲੱਗ ਪਿਆ' ਅਤੇ ਰਕਬਰ ਖਾਨ ਨੂੰ ਭੀੜ ਨੇ (ਸ਼ਾਇਦ ਪੁਲਸ ਦੇ ਯੋਗਦਾਨ ਨਾਲ) ਕੋਹ-ਕੋਹ ਕੇ ਮਾਰ ਦਿੱਤਾ। ਉਹਨਾਂ ਕਿਹਾ ਕਿ ਇੱਕ ਇਕੱਲੇ-ਕਹਰੇ ਬੰਦੇ ਦਾ ਜਾਨਵਰ ਮਾਰਨ ਦੇ ਝੂਠੇ ਮਨਸੂਬੇ ਦਾ ਬਦਲਾ ਲੈਣ ਲਈ ਮਾਰਿਆ ਜਾਣਾ ਇੱਕ ਅਣਮਨੁੱਖੀ ਕਾਰਾ ਹੈ। 'ਗੁੰਡਿਆਂ' ਦੀ ਭੀੜ ਵੱਲੋਂ ਇੱਕ ਨਿਹੱਥੇ ਆਦਮੀ ਉੱਤੇ ਹਮਲਾ ਕਰਨ ਦਾ ਅਮਲ ਨਿਹਾਇਤ ਕਾਇਰਤਾ ਭਰਿਆ ਅਤੇ ਘਿਨਾਉਣਾ ਜੁਰਮ ਹੈ। ਭੀੜ ਵੱਲੋਂ ਕਾਨੂੰਨ ਨੂੰ ਇਉਂ ਹੱਥ ਵਿੱਚ ਲੈਣਾ ਲੋਕਰਾਜ ਦੀ ਤੌਹੀਨ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੈ। ਨਫ਼ਰਤਾਂ ਦੇ ਏਸ ਤਰ੍ਹਾਂ ਦੇ ਵਗਦੇ ਹੜ੍ਹ ਵਿੱਚ ਨਿਆਂਪਸੰਦ, ਮਨੁੱਖਤਾ ਦੇ ਕਦਰਦਾਨ ਲੋਕਾਂ ਦਾ ਹੁਣੇ ਜਾਗ ਕੇ ਵਿਰੋਧ ਕਰਨਾ ਨਿਹਾਇਤ ਜ਼ਰੂਰੀ ਹੋ ਗਿਆ ਹੈ। ਇਹ ਘਟਨਾਵਾਂ ਬਿਲਕੁਲ ਓਸੇ ਤਰਜ਼ ਉੱਤੇ ਵਾਪਰ ਰਹੀਆਂ ਹਨ ਜਿਵੇਂ 1984 ਵਿੱਚ ਹਿੰਦ ਦੇ ਕਈ ਸ਼ਹਿਰਾਂ ਵਿੱਚ ਸਿੱਖਾਂ ਵਿਰੁੱਧ ਵਾਪਰੀਆਂ ਸਨ। ਸਿੱਖਾਂ ਦੀ ਹਰ ਮਕਤੂਲ ਨਾਲ ਹਮਦਰਦੀ ਹੋਣਾ ਅਤੇ ਪਰਗਟ ਕਰਨਾ ਇਨਸਾਨੀਅਤ ਪੱਖੀ ਧਰਮ-ਕਰਮ ਹੈ। ਪਰ ਸਿੱਖ ਪੰਥ ਲਈ ਵੱਡੀ ਨਮੋਸ਼ੀ ਦਾ ਕਾਰਣ ਇਹ ਹੈ ਕਿ ਏਸ ਕੁਕਰਮ ਨਾਲ ਇੱਕ ਸਿੱਖ ਨੂੰ ਵੀ ਸਬੰਧਤ ਦੱਸਿਆ ਜਾ ਰਿਹਾ ਹੈ। ਖ਼ਾਲਸਾ ਸਾਰੀ ਕਾਇਨਾਤ ਨੂੰ, ਹਰ ਮਨੁੱਖ ਨੂੰ ਪਿਆਰ ਕਰਨ ਲਈ ਸਾਜਿਆ ਗਿਆ ਸੀ। ਏਸ ਨੇ ਮਨੁੱਖੀ ਕਦਰਾਂ-ਕੀਮਤਾਂ ਅਤੇ ਭਰਾਤਰੀ ਭਾਵ ਦਾ ਸੁਨੇਹਾ ਸਾਰੇ ਸੰਸਾਰ ਨੂੰ ਦੇਣਾ ਹੈ। ਇੱਕ ਸਿੱਖ ਦਾ ਅਜਿਹੇ ਘਿਰਣਾਯੋਗ ਜੁਰਮ ਵਿੱਚ ਸ਼ਾਮਲ ਹੋਣਾ ਜਾਂ ਨਾਮਜ਼ਦ ਕੀਤੇ ਜਾਣਾ ਸੰਸਾਰ ਉੱਤੇ ਸਿੱਖ ਪੰਥ ਨੂੰ ਬਦਨਾਮ ਕਰਨ ਲਈ ਕਾਫ਼ੀ ਹੈ। ਅਸੀਂ ਅਰਦਾਸ ਕਰਦੇ ਹਾਂ ਕਿ ਅਜਿਹੀ ਮੰਦਭਾਗੀ ਘਟਨਾ ਮੁੜ ਕਦੇ ਨਾ ਵਾਪਰੇ ਅਤੇ ਕੋਈ ਸਿੱਖ ਕਿਸੇ ਦੇ ਸਿਆਸੀ ਮਨਸੂਬਿਆਂ ਨੂੰ ਸਿਰੇ ਚਾੜ੍ਹਨ ਦਾ ਹਿੱਸੇਦਾਰ ਨਾ ਬਣੇ। ਅੱਜ ਦੇ ਮਾਹੌਲ ਵਿੱਚ ਇਹ ਕਹਿਣਾ ਵੀ ਜ਼ਰੂਰੀ ਹੈ ਕਿ ਸਿੱਖ ਗਊਬੱਧ ਦੇ ਹੱਕ ਵਿੱਚ ਨਹੀਂ ਅਤੇ ਹਰ ਕਿਸਮ ਦੀ ਨਿਰਦਇਤਾ, ਕਰੂਰਤਾ ਦੇ ਵਿਰੋਧੀ ਹਨ। ਇੱਕ ਹਜ਼ਾਰ ਸਾਲ ਬਾਅਦ ਖ਼ਾਲਸਾ ਰਾਜ ਨੇ ਮੁਸਲਮਾਨ ਬਹੁਗਿਣਤੀ ਦੇ ਖਿੱਤੇ ਵਿੱਚ ਸਭ ਤੋਂ ਪਹਿਲਾਂ ਗਊਬੱਧ ਕਾਨੂੰਨਨ ਬੰਦ ਕੀਤਾ ਸੀ ਅਤੇ ਸਭ ਦੀ ਸਹਿਮਤੀ ਨਾਲ, ਆਪਸੀ ਭਾਈਚਾਰੇ ਦਾ ਵਾਸਤਾ ਪਾ ਕੇ ਲਾਗੂ ਕੀਤਾ ਸੀ ਨਾ ਕਿ ਫ਼ੌਜ ਦੀ ਧੌਂਸ ਜਮਾ ਕੇ। ਓਸ ਵੇਲੇ ਇੱਕ ਫ਼ਰਾਂਸੀਸੀ ਗਵਰਨਰ ਨੇ ਗਊਬੱਧ ਦੇ ਦੋਸ਼ ਵਿੱਚ ਤਿੰਨ-ਚਾਰ ਮੁਸਲਮਾਨਾਂ ਨੂੰ ਫ਼ਾਂਸੀ ਲਟਕਾ ਦਿੱਤਾ ਸੀ ਕਿਉਂਕਿ ਓਸ ਅਨੁਸਾਰ ਕਾਨੂੰਨ ਨੂੰ ਇੰਨ-ਬਿੰਨ ਲਾਗੂ ਕਰਨਾ ਜ਼ਰੂਰੀ ਸੀ। ਰਣਜੀਤ ਸਿੰਘ ਖ਼ੁਦ ਚੱਲ ਕੇ ਓਸ ਕੋਲ ਗਿਆ ਅਤੇ ਸਮਝਾਇਆ ਕਿ ਜਾਨਵਰਾਂ ਬਦਲੇ ਮਨੁੱਖਾਂ ਨੂੰ ਨਹੀਂ ਮਾਰਿਆ ਜਾ ਸਕਦਾ। ਅਗਾਂਹ ਲਈ ਹਦਾਇਤਾਂ ਕਰਦਿਆਂ ਓਸ ਨੇ ਤਾਕੀਦ ਕੀਤੀ ਸੀ: 'ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰੋ, ਕਾਨੂੰਨ ਅਨੁਸਾਰ ਮੁਕੱਦਮਾ ਚਲਾ ਕੇ ਫ਼ਾਂਸੀ ਦੀ ਸਜ਼ਾ ਜ਼ਰੂਰ ਸੁਣਾਉ। ਆਖ਼ਰ ਉਹਨਾਂ ਨੂੰ ਫ਼ਾਂਸੀ ਵਾਲੇ ਦਿਨ ਤੋਂ ਪਹਿਲਾਂ ਅਣਗਹਿਲੀ ਨਾਲ ਬੰਦੀਖਾਨੇ ਵਿੱਚੋਂ ਭੱਜ ਜਾਣ ਦਿਉ।' ਸਜ਼ਾ ਸੁਣ ਕੇ ਜੁਰਮ ਬੰਦ ਹੋ ਜਾਵੇਗਾ ਅਤੇ ਮਾਵਾਂ ਦੇ ਪੁੱਤ, ਬੱਚਿਆਂ ਦੇ ਬਾਪ ਮੁਲਜ਼ਮ ਵੀ ਜਾਣਨਗੇ ਕਿ ਖ਼ਾਲਸੇ ਦਾ ਰਹਿਮ ਗੁਰੂ ਦੀ ਬਖ਼ਸ਼ਿਸ਼ ਹੈ। ਰਾਜਸੀ ਰੋਅਬ ਦੀ ਹਉਮੈ ਨੂੰ ਪਾਲਣ ਲਈ ਖ਼ਾਲਸਾ ਕਿਸੇ ਨੂੰ ਅਣ-ਆਈ ਮੌਤ ਦੇ ਘਾਟ ਉਤਾਰਨ ਦਾ ਹੱਕਦਾਰ ਨਹੀਂ। ਰਣ-ਤੱਤੇ ਤੋਂ ਬਾਹਰ ਇੱਕ ਵੀ ਮਨੁੱਖ ਸਿੱਖ ਦੇ ਹੱਥੋਂ ਨਹੀਂ ਮਰਨਾ ਚਾਹੀਦਾ- ਇਹ ਗੁਰੂ-ਆਸ਼ਾ ਹੈ। ਉਮੀਦ ਹੈ ਕਿ ਭੁੱਲੜ, ਲਾਲਚੀ, ਹਉਮੈ ਅਧੀਨ ਤੈਸ਼ ਵਿੱਚ ਆਏ ਸਿੱਖ ਅਗਾਂਹ ਤੋਂ ਗੁਰੂ-ਉਪਦੇਸ਼ ਨੂੰ ਯਾਦ ਰੱਖਣਗੇ।

# ਇਮਰਾਨ ਦੇ ਨਾਨਕਿਆਂ ਦਾ ਮਕਾਨ ਹੈ ਜਲੰਧਰ ਦੀ ਪੀਲੀ ਕੋਠੀ





ਜਲੰਧਰ :(ਪੱਤਰ ਪ੍ਰੇਰਕ) ਪਾਕਿਸਤਾਨ ਵਿੱਚ ਹੋਈ ਚੋਣ ਦੇ ਬਾਅਦ ਇਮਰਾਨ ਖ਼ਾਨ ਪਾਕਿਸਤਾਨ ਵਿੱਚ ਸਰਕਾਰ ਬਣਾਉਣ ਤੋਂ ਕੁੱਝ ਕਦਮ ਦੂਰ ਹਨ ਪਰ ਉਨ੍ਹਾਂ ਦੇ ਪ੍ਰਧਾਨ ਮੰਤਰੀ ਬਣਨਾ ਤੈਅ ਹੈ। ਇਮਰਾਨ ਖ਼ਾਨ ਦੀ ਇਸ ਜਿੱਤ ਦੀ ਖ਼ੁਸ਼ੀ ਜਿੱਥੇ ਪਾਕਿਸਤਾਨ ਵਿੱਚ ਵੇਖੀ ਜਾ ਰਹੀ ਹੈ, ਉੱਥੇ ਹੀ ਪੰਜਾਬ ਦੇ ਜਲੰਧਰ ਵਿੱਚ ਵੀ ਖ਼ੁਸ਼ੀ ਦਾ ਮਾਹੌਲ ਹੈ। ਜਲੰਧਰ ਦੇ ਬਸਤੀ ਦਾਨਿਸ਼ਮੰਦਾ ਚ ਪੀਲੀ ਕੋਠੀ ਦੇ ਨਾਂ ਨਾਲ ਮਸ਼ਹੂਰ ਇਹ ਘਰ ਇਮਰਾਨ ਖ਼ਾਨ ਦਾ ਨਾਨਕਾ ਘਰ ਹੈ। ਇਮਰਾਨ ਖ਼ਾਨ ਦਾ ਇਸ ਘਰ ਨਾਲ ਪੁਰਾਣਾ ਨਾਤਾ ਹੈ। ਇਸ ਘਰ ਵਿੱਚ ਉਨ੍ਹਾਂ ਦੇ ਨਾਨਾ ਨਾਨੀ ਰਹਿੰਦੇ ਸਨ ਤੇ ਓਹਨਾਂ ਦੇ ਮਾਤਾ ਸ਼ੌਕਤ ਖਾਨੁਮ ਵੀ ਇਸ ਘਰ ਵਿੱਚ ਰਹੇ। ਜਿਸ ਨੂੰ ਲੈ ਕਿ ਇੱਥੋਂ ਦੇ ਲੋਕਾਂ ਵਿੱਚ ਖ਼ੁਸ਼ੀ ਦਾ ਮਾਹੌਲ ਹੈ। ਸਥਾਨਕ ਲੋਕਾਂ ਮੁਤਾਬਕ ਜੇਕਰ ਇਮਰਾਨ ਖ਼ਾਨ ਦੇ ਹੱਥ ਪਾਕਿਸਤਾਨ ਸਰਕਾਰ ਦੀ ਵਾਗਡੋਰ ਆਉਂਦੀ ਹੈ ਤਾਂ ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਚ ਵੱਡਾ ਸੁਧਾਰ ਆਵੇਗਾ। ਬੇਸ਼ੱਕ ਦੇਸ਼ ਦੀ ਵੰਡ ਤੋਂ ਬਾਅਦ ਇਮਰਾਨ ਖ਼ਾਨ ਦੇ ਨਾਨਾ ਨਾਨੀ ਇਹ ਘਰ ਛੱਡ ਕੇ ਪਾਕਿਸਤਾਨ ਚਲੇ ਗਏ ਸਨ ਪਰ ਆਪਣੇ ਨਾਨਕੇ ਘਰ ਨੂੰ ਦੇਖਣ ਇਮਰਾਨ ਖ਼ਾਨ ਇੱਥੇ ਕਈ ਵਾਰ ਆ ਚੁੱਕੇ ਹਨ ਅਤੇ ਉਸ ਦੇ ਕਰੀਬ 25 ਰਿਸ਼ਤੇਦਾਰ ਵੀ ਹਾਲ ਹੀ 'ਚ ਇਹ ਘਰ ਵੇਖ ਕੇ ਗਏ ਹਨ। ਜ਼ਿਕਰਯੋਗ ਹੈ ਕਿ ਇਮਰਾਨ ਖ਼ਾਨ ਦੇ ਨਾਨਾ-ਨਾਨੀ ਦੇ ਪਾਕਿਸਤਾਨ ਜਾਣ ਤੋਂ ਬਾਅਦ ਇੱਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਕਾਲਜ ਬਣਾਇਆ ਗਿਆ, ਜੋ ਹੁਣ ਸ਼ਿਫ਼ਟ ਹੋ ਚੁੱਕਿਆ ਹੈ ਅਤੇ ਹੁਣ ਇਹ ਕੋਠੀ ਕਿਸੇ ਐਨ.ਆਰ.ਆਈ. ਨੇ ਖ਼ਰੀਦ ਲਈ ਹੈ। ਬੇਸ਼ੱਕ ਇਮਰਾਨ ਖ਼ਾਨ ਦਾ ਪਰਿਵਾਰ ਹੁਣ ਇਸ ਕੋਠੀ ਵਿੱਚ ਨਹੀਂ ਰਹਿੰਦਾ ਪਰ ਜਲੰਧਰ ਵਿੱਚ ਉਨ੍ਹਾਂ ਦੇ ਪਰਿਵਾਰਾਂ ਦੀਆਂ ਯਾਦਾਂ ਕਾਇਮ ਹਨ ਅਤੇ ਉਮੀਦ ਇਹੀ ਹੈ ਕਿ ਜੇਕਰ ਇਮਰਾਨ ਖ਼ਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣਨਗੇ ਤਾਂ ਸਾਲਾਂ ਤੋਂ ਦੋਵਾਂ ਦੇਸ਼ਾਂ ਵਿਚਕਾਰ ਚਲੇ ਆ ਰਹੇ ਤਲਖ਼ੀ ਭਰੇ ਰਿਸ਼ਤੇ ਜ਼ਰੂਰ ਸੁਧਰਨ ਦੀ ਉਮੀਦ ਹੈ।

## ਮੋਦੀ ਨੇ ਅੰਕੜਿਆਂ ਦੀ ਖੇਡ 'ਚ ਉਲਝਾਏ ਕਿਸਾਨ

ਚੰਡੀਗੜ੍ਹ: (ਪੱਤਰ ਪ੍ਰੇਰਕ) ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਸਾਉਣੀ ਦੀਆਂ ਫਸਲਾਂ ਦੇ ਸਮਰਥਨ ਮੁੱਲ ਵਿਚ ਕੀਤੇ ਵਾਧੇ ਨਾਲ ਵੀ ਸੂਬੇ ਦੀ ਕਿਸਾਨੀ ਨੂੰ ਕੋਈ ਬਹੁਤੀ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ ਤੇ ਇਹ ਵਾਧਾ ਸਿਰਫ ਅੰਕੜਿਆਂ ਦੀ ਖੇਡ 'ਚ ਹੀ ਉਲਝ ਕੇ ਰਹਿ ਗਿਆ ਹੈ। ਕੇਂਦਰ ਸਰਕਾਰ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਸਮਰਥਨ ਮੁੱਲ 'ਚ ਲਾਗਤ ਦਾ 20 ਤੋਂ 60 ਫੀਸਦੀ ਤੱਕ ਵਾਧਾ ਕੀਤਾ ਗਿਆ ਹੈ ਤੇ ਕਈ ਫਸਲਾਂ 'ਤੇ ਤਾਂ ਇਸ ਤੋਂ ਵੀ ਜ਼ਿਆਦਾ ਵਾਧਾ ਕੀਤਾ ਗਿਆ ਹੈ ਪਰ ਜੇਕਰ ਇਕੱਲੇ ਝੋਨੇ ਦੀ ਫਸਲ ਦੀ ਹੀ ਗੱਲ ਕੀਤੀ ਜਾਵੇ ਤਾਂ ਸਰਕਾਰ ਦੇ ਦਾਅਵੇ ਕਿਸੇ ਦੇ ਵੀ ਗਲੇ ਤੋਂ ਹੇਠਾਂ ਨਹੀਂ ਉਤਰ ਰਹੇ।ਝੋਨੇ ਦੇ ਸਮਰਥਨ ਮੁੱਲ ਵਿਚ 200 ਰੁਪਏ ਦਾ ਕੀਤਾ ਵਾਧਾ ਸਿਰਫ 13 ਫੀਸਦੀ ਹੀ ਬਣਦਾ ਹੈ, ਜਦਕਿ ਝੋਨੇ ਉਤੇ ਲਾਗਤ ਕਈ ਗੁਣਾ ਜ਼ਿਆਦਾ ਵਧੀ ਹੈ। ਦੱਸਣਯੋਗ ਹੈ ਕਿ ਪਿਛਲੇ ਸਾਲ ਡੀਜ਼ਲ ਦਾ ਭਾਅ 55ਥ38 ਰੁਪਏ ਪ੍ਰਤੀ ਲੀਟਰ ਸੀ, ਜਦਕਿ ਇਸ ਵਾਰ ਡੀਜ਼ਲ ਦੀਆਂ ਕੀਮਤਾਂ 'ਚ 22 ਫੀਸਦੀ ਦਾ ਵਾਧਾ ਹੋਇਆ ਤੇ ਇਸ ਸਮੇਂ ਡੀਜ਼ਲ 68 ਰੁਪਏ ਤੋਂ ਉਪਰ ਮਿਲ ਰਿਹਾ ਹੈ। ਇਸੇ ਤਰ੍ਹਾਂ ਡਾਇਆ (ਡੀਥਏਥਪੀਥ) ਖਾਦ ਦਾ ਬੋਰਾ ਜੋ ਪਿਛਲੇ ਸਾਲ ਇਕ ਹਜ਼ਾਰ ਦੇ ਕਰੀਬ ਮਿਲਦਾ ਸੀ, ਇਸ ਵਾਰ ਉਸ ਦੀਆਂ ਕੀਮਤਾਂ 'ਚ 25 ਫੀਸਦੀ ਦਾ ਵਾਧਾ ਹੋਇਆ ਤੇ ਇਸ ਸਮੇਂ ਕਿਸਾਨਾਂ ਨੂੰ ਡਾਇਆ ਖਾਦ ਦਾ ਬੋਰਾ 1260 ਰੁਪਏ ਦੇ ਹਿਸਾਬ ਨਾਲ ਮਿਲ ਰਿਹਾ ਹੈ। ਇਸੇ ਤਰ੍ਹਾਂ ਸੁਪਰ ਖਾਦ ਦੀਆਂ ਕੀਮਤਾਂ 'ਚ 20 ਫੀਸਦੀ ਅਤੇ ਜ਼ਿੰਕ ਸਲਫੇਟ ਦੀਆਂ ਕੀਮਤਾਂ 'ਚ 60 ਫੀਸਦੀ ਦੇ ਹਿਸਾਬ ਨਾਲ ਵਾਧਾ ਕੀਤਾ ਗਿਆ, ਜਦਕਿ ਸਰਕਾਰ ਵੱਲੋਂ ਝੋਨੇ ਦਾ ਭਾਅ 200 ਰੁਪਏ ਪ੍ਰਤੀ ਕੁਇੰਟਲ ਵਧਾ ਕੇ 1550 ਤੋਂ 1750 ਰੁਪਏ ਕੀਤਾ ਗਿਆ ਹੈ ਜੋ ਲਾਗਤ ਦੇ ਹਿਸਾਬ ਨਾਲ ਬਹੁਤ ਹੀ ਘੱਟ ਹੈ। ਉਧਰ, ਵਿਰੋਧੀ ਧਿਰ ਕਾਂਗਰਸ ਸਮੇਤ ਵੱਖ-ਵੱਖ ਕਿਸਾਨ ਜਥੇਬੰਦੀਆਂ ਇਸ ਵਾਧੇ ਨੂੰ ਪਹਿਲਾਂ ਹੀ ਨਕਾਰ ਚੁੱਕੀਆਂ ਹਨ ਤੇ ਅਜਿਹੇ 'ਚ ਕੇਂਦਰ ਸਰਕਾਰ ਵੱਲੋਂ ਫਸਲਾਂ ਦੇ ਮੁੱਲ ਵਿਚ ਕੀਤੇ ਗਏ ਵਾਧੇ ਨਾਲ ਕਿਸਾਨਾਂ ਨੂੰ ਕਿੰਨਾ ਕੁ ਫਾਇਦਾ ਹੁੰਦਾ ਹੈ

# ਗਾਂਧੀ ਤੋਂ ਬਾਅਦ ਢੀਂਡਸਾ ਨੇ ਕੀਤੀ ਰਵਾਇਤੀ ਨਸ਼ਿਆਂ ਦੀ ਵਕਾਲਤ

## ਔਜਲਾ ਨੇ ਸਸਤੀ ਸ਼ਰਾਬ ਦੀ ਵਿਕਰੀ ਨੂੰ ਸਿੰਥੈਟਿਕ ਡਰੱਗ ਦਾ ਤੋੜ ਦੱਸਿਆ

ਚੰਡੀਗੜ :(ਪੱਤਰ ਪ੍ਰੇਰਕ) ਪੰਜਾਬ ਵਿਚ ਰਵਾਇਤੀ ਨਸ਼ਿਆਂ ਦੀ ਖੇਤੀ ਦਾ ਰਾਹ ਪੱਧਰ ਹੁੰਦਾ ਜਾਪ ਰਿਹਾ ਹੈ। ਪੰਜਾਬ 'ਚ ਦਿਨੋਂ ਦਿਨ ਸਿੰਥੈਟਿਕ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਤੋਂ ਚਿੰਤਤ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਪਿਛਲੇ ਦਿਨੀਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਪੰਜਾਬ ਵਿਚ ਰਿਵਾਇਤੀ ਨਸ਼ਿਆਂ ਦੀ ਖੇਤੀ ਲਈ ਮੰਗ ਪੱਤਰ ਸੌਂਪਿਆ ਸੀ। ਪਤਾ ਲੱਗਾ ਹੈ ਕਿ ਕੇਂਦਰ ਵੱਲੋਂ ਇਸ ਮਸਲੇ ਦੇ ਹੱਲ ਲਈ ਹਾਮੀ ਭਰੀ ਗਈ ਹੈ। ਡਾ. ਧਰਮਵੀਰ ਗਾਂਧੀ ਦੇ ਇਸ ਕਦਮ ਨੂੰ ਜਿਥੇ ਗ੍ਰਹਿ ਮੰਤਰੀ ਨੇ ਪ੍ਰਭਾਵਸ਼ਾਲੀ ਮੰਨਿਆ, ਉਥੇ ਹੀ ਹੁਣ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਵੀ ਡਾ. ਗਾਂਧੀ ਨਾਲ ਆਪਣੀ ਨਿੱਜੀ ਸਹਿਮਤੀ ਜਤਾਈ ਹੈ। ਇਥੇ ਹੀ ਬੱਸ ਨਹੀਂ ਸੱਤਾਧਾਰੀ ਕਾਂਗਰਸ ਪਾਰਟੀ ਦੁਆਰਾ ਵੀ ਹੁਣ ਰਵਾਇਤੀ ਨਸ਼ਿਆਂ ਦੀ ਪ੍ਰੋੜਤਾ ਦੇ ਨਾਲ ਸ਼ਰਾਬ ਨੂੰ ਸਸਤਾ ਕੀਤੇ ਜਾਣ ਦੀ ਮੰਗ ਕੀਤੀ ਹੈ। ਉਸ ਨੂੰ ਲੱਗਦਾ ਹੈ ਕਿ ਜੇਕਰ ਸ਼ਰਾਬ ਸਸਤੀ ਹੋਵੇਗੀ ਤਾਂ ਨਸ਼ੇੜੀ ਸਿੰਥੈਟਿਕ ਨਸ਼ਿਆਂ ਨੂੰ ਛੱਡ ਕੇ ਸ਼ਰਾਬ ਪੀਣੀ ਸ਼ੁਰੂ ਕਰ ਸਕਦੇ ਹਨ। ਸ਼ਰਾਬ ਦਾ ਨਸ਼ਾ ਵੀ ਠੀਕ ਨਹੀਂ ਹੈ ਪਰ ਓਨਾ ਖਤਰਨਾਕ ਨਹੀਂ ਹੈ ਜਿੰਨਾ ਕਿ ਸਿੰਥੈਟਿਕ ਡਰੱਗ ਜਾਂ ਹੈਰੋਇਨ ਦਾ ਹੈ। ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਕਾਂਗਰਸ ਸਾਂਸਦ ਗੁਰਜੀਤ ਸਿੰਘ ਔਜਲਾ, ਉਂਝ ਤਾਂ ਨਸ਼ਿਆਂ 'ਚ ਡੁੱਬੇ ਹੋਏ ਨੌਜਵਾਨਾਂ ਨੂੰ ਮੁੱਖਧਾਰਾ ਵਿੱਚ ਲਿਆਉਣ ਲਈ ਯਤਨਸ਼ੀਲ ਹਨ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਸ਼ਰਾਬ ਸਸਤੀ ਹੋਵੇ ਤਾਂ ਇਸ ਨਾਲ ਨੌਜਵਾਨ ਖਤਰਨਾਕ ਨਸ਼ਿਆਂ ਤੋਂ ਤੌਬਾ ਕਰ ਸਕਦੇ ਹਨ। ਦੱਸ ਦਈਏ ਕਿ ਡਾ. ਧਰਮਵੀਰ ਗਾਂਧੀ ਕਾਫੀ ਸਮੇਂ ਤੋਂ ਪੰਜਾਬ ਵਿਚ ਰਵਾਇਤੀ ਨਸ਼ਿਆਂ ਦੀ ਖੇਤੀ ਦੀ ਗੱਲ ਕਰਦੇ ਆ ਰਹੇ ਹਨ। ਉਨ੍ਹਾਂ ਨੇ ਇਸ ਤੋਂ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਵੀ ਇਹ ਮੁੱਦਾ ਉਠਾਇਆ ਸੀ, ਉਸ ਸਮੇਂ ਮੁੱਖ ਮੰਤਰੀ ਨੇ ਆਖਿਆ ਸੀ ਕਿ ਜੇਕਰ ਉਹ ਕੇਂਦਰ ਤੋਂ ਮਨਜ਼ੂਰੀ ਲੈ ਕੇ ਆਉਣ ਤਾਂ ਉਹ ਇਸ ਬਾਰੇ ਸੋਚ ਸਕਦੇ ਹਨ। ਹੁਣ ਕੇਂਦਰ ਕੋਲ ਪਹੁੰਚ ਕਰਨ ਤੋਂ ਬਾਅਦ ਡਾ. ਗਾਂਧੀ ਨੇ ਮੁੱਖ ਮੰਤਰੀ ਨੂੰ ਵਾਅਦਾ ਯਾਦ ਕਰਵਾਇਆ ਹੈ। ਉਨ੍ਹਾਂ ਪੰਜਾਬ ਮੁੱਖ ਮੰਤਰੀ ਨੂੰ ਵੀ ਪੱਤਰ ਲਿਖਿਆ ਕਿ ਗ੍ਰਹਿ ਮੰਤਰਾਲੇ ਵੱਲੋਂ ਇਸ ਮੁੱਦੇ 'ਤੇ ਵਿਚਾਰ ਕਰਨ ਦੀ ਗੱਲ ਆਖ ਦਿੱਤੀ ਗਈ ਹੈ ਕਿ ਜੇਕਰ ਪੰਜਾਬ ਸਰਕਾਰ ਉਨ੍ਹਾਂ ਨੂੰ ਕੋਈ ਡਰਾਫ਼ਟ ਤਿਆਰ ਕਰ ਕੇ ਦੇਵੇ ਤਾਂ ਉਹ ਜ਼ਰੂਰ ਇਸ ਮੁੱਦੇ 'ਤੇ ਗੰਭੀਰਤਾ ਨਾਲ ਵਿਚਾਰ ਕਰਨਗੇ। ਉਧਰ, ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਨਸ਼ੇ ਦੁਨੀਆ ਦੇ ਕਿਸੇ ਕੋਨੇ ਵਿਚ ਕਦੀ ਵੀ ਖਤਮ ਨਹੀਂ ਕੀਤੇ ਜਾ ਸਕਦੇ। ਉਨ੍ਹਾਂ ਵੱਲੋਂ ਪੰਜਾਬ ਸਰਕਾਰ ਦੇ ਕੀਤੇ ਵਾਅਦੇ ਦਾ ਵੀ ਜ਼ਿਕਰ ਕੀਤਾ ਗਿਆ ਕਿ ਸਰਕਾਰ ਕਹਿੰਦੀ ਸੀ ਕਿ ਚਾਰ ਹਫਤਿਆਂ ਵਿਚ ਨਸ਼ਾ ਖਤਮ ਕਰ ਦੇਵੇਗੀ, ਪਰ ਨਹੀਂ ਕਰ ਸਕੀ। ਢੀਂਡਸਾ ਨੇ ਕਿਹਾ ਕਿ ਉਹ ਨਿੱਜੀ ਤੌਰ 'ਤੇ ਰਿਵਾਇਤੀ ਨਸ਼ਿਆਂ ਦੀ ਖੁੱਲ੍ਹ ਨੂੰ ਲੈ ਕੇ ਡਾ. ਗਾਂਧੀ ਨਾਲ ਸਹਿਮਤ ਹਨ ਕਿਉਂਕਿ ਅਫੀਮ ਦਾ ਨਸ਼ਾ ਅੱਜ ਤੋਂ ਕਈ ਸਦੀਆਂ ਪਹਿਲਾਂ ਕੀਤਾ ਜਾਂਦਾ ਸੀ ਤੇ ਉਸ ਨਸ਼ੇ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੁੰਦਾ ਸੀ। ਉਨ੍ਹਾਂ ਕਿਹਾ ਕਿ ਉਹ ਨਸ਼ਾ ਲੋਕ ਇਸ ਕਰਕੇ ਕਰਦੇ ਸਨ ਕਿਉਂਕਿ ਉਨ੍ਹਾਂ ਨੇ ਜ਼ੋਰ ਵਾਲੇ ਕੰਮ ਕਾਜ ਕਰਨੇ ਹੁੰਦੇ ਸਨ ਤੇ ਅਫੀਮ ਦਾ ਨਸ਼ਾ ਕਰਕੇ ਉਨ੍ਹਾਂ ਨੂੰ ਜ਼ੋਰ ਦਾ ਪਤਾ ਨਹੀਂ ਸੀ ਚੱਲਦਾ।

### ਮੁਕਤਸਰ 'ਚ 3 ਸਾਲਾਂ 'ਚ ਔਰਤਾਂ ਖ਼ਿਲਾਫ਼ ਨਸ਼ਾਖੋਰੀ ਦੇ ਮਾਮਲੇ 6 ਗੁਣਾ ਵਧੇ

ਮੁਕਤਸਰ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਕਰਨ ਦੇ ਮਾਮਲਿਆਂ ਵਿਚ ਮੁਕਤਸਰ ਜ਼ਿਲ੍ਹੇ ਵਿਚ ਔਰਤਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਪਿਛਲੇ ਸਾਲ (2017-18) ਦੌਰਾਨ ਐਨਡੀਪੀਐਸ ਐਕਟ ਦੇ ਅਧੀਨ ਰਜਿਸਟਰਡ ਕੇਸਾਂ ਵਿਚੋਂ ਤਕਰੀਬਨ 13% (ਅੱਠ 'ਚੋਂ ਇੱਕ ) ਮਾਮਲਾ ਔਰਤਾਂ ਵਿਰੁੱਧ ਦਰਜ ਹੈ। ਕੁੱਲ 365 ਔਰਤਾਂ ਦੇ ਖ਼ਿਲਾਫ਼ 47 ਕੇਸ. ਕੇਸਾਂ ਦੀ ਸੰਖਿਆ 2016-17 ਦੇ ਦੌਰਨ 22 ਸੀ ਜੋ ਅੰਕੜਿਆਂ ਦੇ ਅਨੁਸਾਰ ਹੁਣ ਦੋ ਗੁਣਾ ਵਧ ਗਈ ਹੈ। 2015 ਤੋਂ ਤਿੰਨ ਸਾਲਾਂ ਤੱਕ, ਜ਼ਿਲ੍ਹੇ ਵਿੱਚ ਰਜਿਸਟਰਡ 761 ਐਨ.ਡੀ.ਪੀ. ਦੇ ਕੇਸਾਂ ਵਿੱਚੋਂ 77 (10%) ਔਰਤਾਂ ਦੇ ਵਿਰੁੱਧ ਸਨ। ਕ੍ਰਮਵਾਰ 2015-16 ਵਿਚ 225 ਕੇਸ ਦਰਜ ਕੀਤੇ ਗਏ ਸਨ, ਜੋ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਦੇ ਪਿਛਲੇ ਸਾਲ 25 ਫ਼ੀਸਦੀ ਘੱਟ ਕੇ 171 ਹੋ ਗਏ ਸੀ। 2017-18 ਵਿਚ ਕਾਂਗਰਸ ਦੀ ਸਰਕਾਰ ਦੇ ਪਹਿਲੇ ਸਾਲ ਵਿਚ ਇਹ ਗਿਣਤੀ ਦੁਗਣੇ ਤੋਂ ਵੱਧ ਕੇ 365 ਹੋ ਗਈ ਹੈ। ਆਬਕਾਰੀ ਮਾਮਲਿਆਂ ਦੀ ਗਿਣਤੀ 2015-16 (180) ਤੋਂ 2016-17 ਵਿਚ 197 ਤੋਂ ਵਧ ਕੇ ਪਿਛਲੇ ਸਾਲ 447 ਹੋ ਗਈ ਹੈ। ਇਹਨਾਂ ਵਿਚੋਂ ਸਿਰਫ ਕੁਝ ਮਾਮੂਲੀ ਕੇਸ ਹੀ ਔਰਤਾਂ ਦੇ ਵਿਰੁੱਧ ਸਨ।

ਮੁਕਤਸਰ ਦੇ ਐਸਐਸਪੀ ਮਨਜੀਤ ਸਿੰਘ ਢੇਸੀ ਨੇ ਕਿਹਾ, "ਨਸ਼ਾਖੋਰੀ ਵਿਰੁੱਧ ਇਕ ਲਗਾਤਾਰ ਮੁਹਿੰਮ ਚੱਲ ਰਹੀ ਹੈ ਅਤੇ ਅਸੀਂ ਲੋਕਾਂ ਨੂੰ ਜਾਣਕਾਰੀ ਦੇਣ ਲਈ ਕਿਹਾ ਹੈ। ਜਿਸ ਨਾਲ ਕੇਸਾਂ ਦੀ ਗਿਣਤੀ ਵਧ ਗਈ ਹੈ। ਮਰਦਾਂ ਦੇ ਮੁਕਾਬਲੇ ਆਮ ਤੌਰ 'ਤੇ ਔਰਤਾਂ ਦੀ ਗਿਣਤੀ ਘੱਟ ਹੁੰਦੀ ਹੈ। ਔਰਤਾਂ ਨੂੰ ਪੈਸੇ ਜਾਂ ਨਸ਼ੀਲੇ ਪਦਾਰਥਾਂ ਦੁਆਰਾ ਲੁਭਾਇਆ ਜਾ ਰਿਹਾ ਹੈ।" ਫੋਨ 'ਤੇ ਗੱਲ ਕਰਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਦੀਪਕ ਕੁਮਾਰ ਨੇ ਕਿਹਾ,'ਇਸ ਯੁੱਗ ਵਿਚ ਔਰਤਾਂ ਨੂੰ ਵਧੇਰੇ ਆਜ਼ਾਦੀ ਦਿੱਤੀ ਗਈ ਹੈ। ਲੋਕ ਇਸ ਮੁੱਦੇ 'ਤੇ ਚਰਚਾ ਕਰਨ ਤੋਂ ਝਿਜਕਦੇ ਹਨ। ਸਾਨੂੰ ਇਸ ਮੁੱਦੇ 'ਤੇ ਡੂੰਘੀ ਖੋਜ ਦੀ ਜ਼ਰੂਰਤ ਹੈ।'

**Indian Consul General in New York, Sandeep Chakraborty recently visited Shani Temple of New Hyde Park, New York ( Shri Saneeswara Temple). Consul General interacted with temple devotees and was honored with a Shawl by Temple President Shridhar. Some noted individuals among present during the occasion were; Community leader Umasen Gupta, Former Human Right Commissioner Sharanjit Singh Thind, Filmmaker Raj Rahi, & Jasbir Jay Singh of Hum Hindustani Weekly.**









# An interfaith paper, first from South Asian community, launched

***A known name in Sikh community, the paper's publisher Darshan Singh Bagga has also started a foundation to give back to society.***



Hicksville, NY: An interfaith journal titled 'One World Under God' was launched here July 22 at an event where speakers from six major world religions gave presentations on how their faiths endorse and reinforce the Founding Principles of America as enshrined in the Declaration of Independence: …that all men are created equal, that they are endowed by their Creator with certain unalienable Rights, that among these are Life, Liberty and the pursuit of Happiness.

The South Asian
INSIDER

# ਹਾਈਟੈੱਕ ਠੱਗਾਂ ਤੋਂ ਸੁਚੇਤ ਹੋਣ ਅਮਰੀਕਨ ਪੰਜਾਬੀ

ਜਦੋਂ ਇਨਸਾਨ ਆਪਣੀ ਸਮਝਦਾਰੀ ਦਾ ਨਜਾਇਜ ਫਾਇਦਾ ਚੁਕੇ ਤਾਂ ਉਹ ਸਮਝੋ ਠੱਗ ਬਣ ਗਿਆ ਹੈ। ਚਲਾਕੀ ਅਤੇ ਸਮਝਦਾਰੀ 'ਚੋਂ ਗੁਜਰਨ ਤੋਂ ਬਾਅਦ ਜਦੋਂ ਕਿਸੇ ਨੂੰ ਬੁੱਧੂ ਬਣਾਇਆ ਜਾਵੇ ਤਾਂ ਉਹ ਠੱਗੀ ਹੈ। ਠੱਗੀ ਮਾਰਨ ਦਾ ਇਤਿਹਾਸ ਵੀ ਮਨੁੱਖੀ ਹੋਂਦ ਦੇ ਨਾਲ ਹੀ ਸ਼ੁਰੂ ਹੋਇਆ ਹੈ। ਪ੍ਰਮਾਤਮਾ ਨੇ ਤਾਂ ਸਿਰਫ ਇਨਸਾਨ ਬਣਾਏ ਸਨ, ਪਰ ਆਪਣੀ ਚਲਾਕੀ ਨਾਲ ਕੁੱਝ ਲੋਕਾਂ ਨੇ ਆਪਣੇ ਆਪ ਨੂੰ ਹੋਰ ਲੋਕਾਂ ਤੋਂ ਅੱਡ ਕਰ ਲਿਆ ਅਤੇ ਇਹੀ ਚਲਾਕ ਲੋਕ ਭੋਲੇ-ਭਾਲੇ ਲੋਕਾਂ ਨੂੰ ਠੱਗਣ ਦਾ ਕੰਮ ਕਰਨ ਲੱਗ ਪਏ, ਠੱਗਣ ਦੇ ਢੰਗ,ਤਰੀਕੇ ਸਮੇਂ ਅਤੇ ਹਾਲਾਤਾ ਨਾਲ ਬਦਲਦੇ ਰਹੇ ਅਤੇ ਬਦਲਦੇ ਰਹਿਣਗੇ, ਕਿਸੇ ਨੂੰ ਠੱਗਣ ਲਈ ਬੁੱਧੂ ਬਣਾਉਣਾ ਜਰੂਰੀ ਹੁੰਦਾ ਹੈ ਅਤੇ ਬੁੱਧੂ ਬਣਾਉਣ ਲਈ ਸਾਹਮਣੇ ਵਾਲੇ ਤੋਂ ਤੇਜ ਦਿਮਾਗ ਹੋਣਾ ਜਰੂਰੀ ਹੈ ਅਤੇ ਤੇਜ ਦਿਮਾਗ ਤੋਂ ਵੀ ਜਰੂਰੀ ਹੁੰਦਾ ਹੈ ਸਾਹਮਣੇ ਵਾਲੇ ਦੇ ਦਿਮਾਗ ਨੂੰ ਵਸ ਵਿੱਚ ਕਰ ਲੈਣਾ ਅਤੇ ਉਸ ਦੀ ਸੋਚਣ ਸ਼ਕਤੀ ਨੂੰ ਆਪਣੇ ਤਰੀਕੇ ਨਾਲ ਵਰਤਣਾ ਦਾ ਢੰਗ ਆਉਣਾ।

ਬਦਲਦੇ ਸਮੇਂ ਨਾਲ ਠੱਗਾਂ ਨੇ ਲੋਕਾਂ ਨੂੰ ਠੱਗਣ ਦੇ ਢੰਗ ਵੀ ਬਦਲ ਲਏ ਹਨ, ਹੁਣ ਨਿੱਤ ਹੀ ਅਖਬਾਰਾਂ ਵਿੱਚ ਹਾਈਟੈੱਕ ਢੰਗ ਨਾਲ ਲੋਕਾਂ ਨੂੰ ਠੱਗਣ ਦੀਆਂ ਘਟਨਾਵਾਂ ਸੁਰਖੀਆ 'ਚ ਰਹਿੰਦੀਆਂ ਹਨ, ਸੋਸ਼ਲ ਮੀਡੀਆ 'ਤੇ ਵੀ ਇਸ ਤਰਾਂ ਦੀਆਂ ਖਬਰਾਂ ਤੇ ਵੀਡੀਓਜ ਵੇਖਣ ਨੂੰ ਮਿਲਦੀਆਂ ਹਨ। ਹਾਈਟੈੱਕ ਹੋਏ ਠੱਗਾਂ ਨੇ ਹੁਣ ਦੇਸ਼ ਹੀ ਨਹੀਂ ਵਿਦੇਸ਼ਾਂ ਤੱਕ ਭੋਲੇ-ਭਾਲੇ ਪਰਵਾਸੀਆਂ ਨੂੰ ਸ਼ਿਕਾਰ ਬਣਾਉਣਾਂ ਸ਼ੁਰੂ ਕੀਤਾ ਹੋਇਆ ਹੈ। ਪੰਜਾਬੀਆਂ ਦੇ ਖੂਨ ਵਿੱਚ ਹੀ ਕਿਸੇ ਦੀ ਮਦਦ ਕਰਨਾ ਦਾ ਜਜਬਾ ਹੁੰਦਾ ਹੈ ਅਤੇ ਉਹ ਚਾਹੇ ਦੇਸ਼ 'ਚ ਹੋਣ ਚਾਹੇ ਬਾਹਰ ਹੋਣ ਜਦੋਂ ਵੀ ਕਿਸੇ 'ਤੇ ਭੀੜ ਬਣਦੀ ਹੈ ਤਾਂ ਪੰਜਾਬੀ ਦਿਲ ਖੋਲ ਕੇ ਮਦਦ ਕਰਦੇ ਹਨ, ਕਿਸੇ ਦੇਸ਼ 'ਚ ਕੋਈ ਮਾੜੇ ਹਾਲਾਤ ਹੋਣ, ਕਿਸੇ ਦੇਸ਼ 'ਚ ਭੂਚਾਲ ਆ ਗਿਆ ਹੋਵੇ ਜਾਂ ਕਿਸੇ ਵੀ ਤਰਾਂ ਦੀ ਕੋਈ ਆਫਤ ਆਈ ਹੋਵੇ, ਪੰਜਾਬੀ ਜਿੱਥੇ ਗੁਰੂਆਂ ਦੀ ਬਖਸ਼ਿਸ਼ ਲੰਗਰ ਲਗਾ ਕੇ ਪੂਰੀ ਮਾਨਵਤਾ ਨੂੰ ਊਚ-ਨੀਚ ਦੇ ਭੇਦ-ਭਾਵ ਤੋਂ ਮੁਕਤ ਹੋਣ ਦਾ ਸੰਦੇਸ਼ ਦਿੰਦੇ ਹਨ ਉੱਥੇ ਲੰਗਰ ਤੋਂ ਬਿਨਾਂ ਵੀ ਹਰ ਤਰਾਂ ਨਾਲ ਬਣਦਾ ਯੋਗਦਾਨ ਦੇ ਕੇ ਆਪਣੀ ਕਿਰਤ ਕਮਾਈ ਨੂੰ ਸਫ਼ਲ ਕਰਦੇ ਹਨ, ਅਤੇ ਬਿਨਾਂ ਸ਼ੱਕ ਇਹ ਸਭ ਕਰਨਾ ਵੀ ਚਾਹੀਦਾ ਹੈ, ਮਾਨਵਤਾ ਦੇ ਅਧਾਰ 'ਤੇ ਬਿਨਾਂ ਭੇਦ-ਭਾਵ, ਰੰਗ-ਨਸਲ ਤੋਂ ਉੱਪਰ ਉੱਠ ਕੇ ਬਣਦਾ ਯੋਗਦਾਨ ਦੇਣਾ ਚਾਹੀਦਾ ਹੈ। ਦਸ ਗੁਰੂਆਂ ਨੇ ਸਾਨੂੰ ਸਾਂਝੀ ਮਨੁੱਖਤਾ ਦਾ ਉਪਦੇਸ਼ ਇਸੇ ਕਰਕੇ ਦਿੱਤਾ ਸੀ ਕਿ ਲੋੜ ਪੈਣ 'ਤੇ ਅਸੀਂ ਲੋੜਵੰਦਾਂ ਦੇ ਕੰਮ ਆ ਸਕੀਏ ਅਤੇ ਇਹੀ ਸਭ ਤੋਂ ਵੱਡਾ ਕਰਮ ਹੈ ਤੇ ਇਹੀ ਵੱਡਾ ਧਰਮ ਹੈ। ਪਰ ਇਸ ਸਭ ਦਾ ਨਜਾਇਜ ਫਾਇਦਾ ਚੁੱਕ ਰਹੇ ਨੇ ਕੁੱਝ ਚਾਲਬਾਜ ਤੇ ਸ਼ਾਤਰ ਬੰਦੇ, ਅਤੇ ਇਨ੍ਹਾਂ ਦੀ ਚਲਾਕੀ ਦਾ ਵੱਡਾ ਸ਼ਿਕਾਰ ਬਣ ਰਹੇ ਨੇ ਪਰਵਾਸੀ ਪੰਜਾਬੀ।

ਚੰਗੇ ਦਿਨਾਂ ਦੀ ਭਾਲ ਵਿੱਚ ਸੱਤ ਸਮੁੰਦਰੋਂ ਪਾਰ ਬੈਠੇ ਪਰਵਾਸੀ ਵੀਰਾਂ ਨੂੰ ਹਮੇਸ਼ਾਂ ਆਪਣੇ ਪਿੰਡ,ਸ਼ਹਿਰ,ਦੇਸ਼ ਦੀ ਫਿਕਰ ਰਹਿੰਦੀ ਹੈ ਇਹੀ ਕਾਰਨ ਹੈ ਕਿ ਉਹ ਹਰ ਛੋਟੀ ਵੱਡੀ ਘਟਨਾਂ ਲਈ ਫਿਕਰਮੰਦ ਰਹਿੰਦੇ ਨੇ। ਬਹੁਤ ਸਾਰੇ ਪਿੰਡਾਂ,ਕਸਬਿਆਂ, ਸ਼ਹਿਰਾਂ ਦੀ ਪਰਵਾਸੀਆਂ ਨੇ ਨੁਹਾਰ ਬਦਲ ਦਿੱਤੀ ਹੈ, ਜੋ ਕੰਮ ਸਾਡੀਆਂ ਸਰਕਾਰਾਂ ਨਾ ਕਰ ਸਕੀਆਂ ਉਹ ਸਾਡੇ ਇਨਾਂ ਪਰਵਾਸੀਆਂ ਨੇ ਬਾਹਰੋਂ ਹੱਡ-ਭੰਨਵੀਂ ਕਮਾਈ ਕਰਕੇ ਕਮਾਏ ਡਾਲਰਾਂ,ਪੌਂਡਾਂ 'ਚੋਂ ਬਚਾ ਕੇ ਭੇਜੇ ਪੈਸਿਆਂ ਨਾਲ ਬਹੁਤ ਹੀ ਵਧੀਆ ਤਰੀਕੇ ਨਾਲ ਕਰ ਵਿਖਾਇਆ, ਉਨਾਂ ਨੇ ਪਿੰਡ, ਸ਼ਹਿਰ ਦੇ ਨੇੜੇ-ਤੇੜੇ ਜੇ ਕਿਸੇ ਨੂੰ ਕੋਈ ਮਦਦ ਦੀ ਲੋੜ ਪਈ ਤਾਂ ਉਨ੍ਹਾਂ ਨੇ ਦਿਲ ਖੋਲ ਕੇ ਮਦਦ ਕੀਤੀ। ਪੰਜਾਬ ਵਿੱਚ ਬਹੁਤ ਸਾਰੇ ਅਜਿਹੇ ਚੰਗੇ ਬੰਦੇ ਹਨ ਜਿਨ੍ਹਾਂ ਨੇ ਬਾਹਰ ਬੈਠੇ ਪਰਵਾਸੀਆਂ ਨਾਲ ਮੇਲ-ਜੋਲ ਸਥਾਪਿਤ ਕਰਕੇ ਇੱਧਰ ਲੋੜਵੰਦਾਂ ਦੀ ਮਦਦ ਲਈ ਕਈਂ ਸੰਸਥਾਵਾਂ ਦਾ ਗਠਨ ਕਰ ਰੱਖਿਆ ਹੈ ਜੋ ਵੱਡੇ ਪੱਧਰ 'ਤੇ ਲੋੜਵੰਦਾਂ ਦੀ ਮਦਦ ਕਰਦੀਆਂ ਹਨ, ਜਿਵੇਂ ਕਿ ਬਿਮਾਰੀਆਂ ਵਿੱਚ ਇਲਾਜ ਕਰਵਾਉਣਾ, ਅੱਖਾਂ ਲਈ ਮੁਫਤ ਲੈਨਜ, ਮੁਫਤ ਮੈਡੀਕਲ ਕੈਂਪਾਂ ਦਾ ਆਯੋਜਨ ਅਤੇ ਗਰੀਬ ਘਰਾਂ ਦੀਆਂ ਲੜਕੀਆਂ ਦੇ ਵਿਆਹ ਆਦਿ ਕਰਵਾਉਣੇ, ਇਹ ਸੰਸਥਾਵਾਂ ਕਿਸੇ ਸਹਾਰੇ ਵਾਂਗ ਲੋਕਾਂ ਲਈ ਕਾਰਜਸ਼ੀਲ ਨੇ, ਅਤੇ ਸਾਰਥਕ ਢੰਗ ਨਾਲ ਲੋੜਵੰਦਾਂ ਨੂੰ ਲਾਭ ਪਹੁੰਚਾ ਵੀ ਰਹੀਆਂ ਹਨ, ਪਰ ਇਸ ਸਭ ਦੇ ਬਾਵਜੂਦ ਕੁੱਝ ਠੱਗ ਲੋਕ ਵੀ ਇਨ੍ਹਾਂ ਵਿੱਚ ਸ਼ਾਮਿਲ ਹੋ ਚੁੱਕੇ ਨੇ ਜਿਹੜੇ ਫੇਸਬੁੱਕ ਜਾਂ ਹੋਰ ਸੋਸ਼ਲ ਮੀਡੀਆ ਦੇ ਸਾਧਨਾਂ ਰਾਹੀਂ ਪਰਵਾਸੀਆਂ ਨਾਲ ਸੰਪਰਕ ਸਥਾਪਿਤ ਕਰਕੇ ਉਨ੍ਹਾਂ ਨੂੰ ਕਿਸੇ ਦੇ ਬਿਮਾਰ ਹੋਣ ਜਾਂ ਕਿਸੇ ਦਾ ਕੁਦਰਤੀ ਕਰੋਪੀ ਦਾ ਸ਼ਿਕਾਰ ਹੋਏ ਦਾ ਬਹਾਨਾ ਲਾ ਕੇ ਲੱਖਾਂ ਰੁਪਏ ਠੱਗ ਲੈਂਦੇ ਹਨ, ਇਹ ਲੋਕ ਬੜੇ ਹੀ ਸ਼ਾਤਰ ਢੰਗ ਨਾਲ ਕਿਸੇ ਦੀ ਵੀਡੀਓ ਜਾਂ ਆਡੀਓ ਕਲਿੱਪ ਰਾਹੀਂ ਕਿਸੇ ਬਿਮਾਰ ਵਿਅਕਤੀ ਦੀ ਫੋਟੋ ਜਾਂ ਅਵਾਜ ਰਾਹੀਂ ਪਰਵਾਸੀਆਂ ਤੱਕ ਆਪਣੀ ਪਹੁੰਚ ਬਣਾਉਂਦੇ ਨੇ ਅਤੇ ਬੈਂਕ ਅਕਾਊਂਟ ਨੰਬਰ ਦੱਸਦੇ ਨੇ ਕਿ ਜੇ ਕੋਈ ਵੀਰ ਮਦਦ ਕਰਨਾ ਚਾਹੁੰਦਾ ਹੈ ਤਾਂ ਉਹ ਇਸ ਅਕਾਊਂਟ ਨੰਬਰ ਵਿੱਚ ਪੈਸੇ ਭੇਜ ਸਕਦਾ ਹੈ, ਮਦਦ ਲਈ ਤਿਆਰ ਬੈਠੇ ਪੰਜਾਬੀ ਆਪਣੀ ਮਿਹਨਤ ਦੀ ਕਮਾਈ ਚੋਂ ਜਿੱਥੇ ਇਨਾਂ ਨੂੰ ਮਦਦ ਭੇਜ ਦਿੰਦੇ ਨੇ ਉੱਥੇ ਹੀ ਨਾਲ ਕੰਮ ਕਰਦੇ ਜਾਂ ਜਾਣ-ਪਹਿਚਾਣ ਵਾਲਿਆਂ ਨੂੰ ਮਦਦ ਕਰਨ ਲਈ ਵੀ ਰਾਜੀ ਕਰਦੇ ਨੇ, ਅਤੇ ਜਿਸ ਦੀ ਮਦਦ ਕੀਤੀ ਜਾ ਰਹੀ ਹੁੰਦੀ ਹੈ ਉਹ ਜਾਂ ਤਾਂ ਹੁੰਦਾ ਹੀ ਨਹੀਂ ਜਾਂ ਫਿਰ ਉਸ ਤੱਕ ਮਦਦ ਪਹੁੰਚਦੀ ਹੀ ਨਹੀਂ ਜੇ ਪਹੁੰਚ ਦੀ ਹੈ ਤਾਂ ਬਹੁਤ ਘੱਟ, ਪੰਜਾਬ ਵਿੱਚ ਹੀ ਕਈਂ ਅਜਿਹੇ ਕੇਸ ਹੋ ਚੁੱਕੇ ਹਨ ਜਿਨਾਂ ਵਿੱਚ ਕੁੱਝ ਚਲਾਕ ਲੋਕਾਂ ਨੇ ਪਰਵਾਸੀਆਂ ਤੋਂ ਕਈਂ-ਕਈਂ ਲੱਖ ਰੁਪਏ ਠੱਗੇ ਹਨ, ਅਤੇ ਜਿਨਾਂ ਦੇ ਨਾਮ 'ਤੇ ਮਦਦ ਮੰਗਵਾਈ ਗਈ ਸੀ ਉਨ੍ਹਾਂ ਨੂੰ ਕੁੱਝ ਨਹੀਂ ਮਿਲਿਆ।

ਜੇ ਕੋਈ ਪਰਵਾਸੀ ਅਜਿਹੀ ਕਿਸੇ ਸੰਸਥਾਂ ਨਾਲ ਜੁੜਿਆ ਹੋਇਆ ਹੈ ਜੋ ਗਰੀਬ ਜਾਂ ਲੋੜਵੰਦਾ ਦੀ ਮਦਦ ਕਰਦੀ ਹੈ ਤਾਂ ਬਹੁਤ ਵਧੀਆ ਗੱਲ ਹੈ,ਪਰ ਕੀ ਉਹ ਸੰਸਥਾ ਪਰਵਾਸੀਆਂ ਦੁਆਰਾ ਭੇਜੀ ਸਹਾਇਤਾ ਨੂੰ ਪਾਰਦਰਸ਼ੀ ਢੰਗ ਨਾਲ ਸਹੀ ਥਾਂ 'ਤੇ ਲਗਾਉਂਦੀ ਹੈ? ਇਸ ਦਾ ਪਤਾ ਕਰਨਾ ਭੇਜਣ ਵਾਲੇ ਦਾ ਇਖਲਾਕੀ ਫਰਜ ਬਣਦਾ ਹੈ ਕਿਉਂਕਿ ਦਾਨ ਉਹੀ ਸਫਲ ਹੁੰਦਾ ਹੈ ਜੋ ਸਹੀ ਵਿਅਕਤੀ ਤੱਕ ਪੁਜੇ, ਵਿਹਲੜਾਂ ਨੂੰ ਘਰ ਲੁਟਾ ਕੇ ਖੁਦ ਗਰੀਬ ਬਣਨ ਵਾਲੀ ਗੱਲ ਹੈ, ਵੈਸੇ ਵੀ ਸਿਆਣੇ ਕਹਿੰਦੇ ਨੇ ਕਿ ਗਧਿਆਂ ਨੂੰ ਖੇਤ ਲੁਟਾ ਕੇ ਕੋਈ ਫਾਇਦਾ ਨਹੀ ਹੈ।

ਕੁੱਝ ਸਮਾਂ ਪਹਿਲਾਂ ਕਿਸੇ ਦੋਸਤ ਮਿੱਤਰ ਨੇ ਇੱਕ ਵਿਅਕਤੀ ਬਾਰੇ ਦੱਸਿਆ ਸੀ ਜੋ ਬਾਹਰ ਦੇ ਅਖਬਾਰਾਂ ਵਿੱਚ ਇਸ ਤਰਾਂ ਦੇ ਇਸ਼ਤਿਹਾਰ ਦਿੰਦਾ ਹੈ ਕਿ ਫਲਾਣੇ ਸ਼ਹਿਰ ਵਿੱਚ ਇੱਕ ਗਰੀਬ ਵਿਅਕਤੀ ਦੇ ਗੁਰਦੇ ਖਰਾਬ ਨੇ ਅਪਰੇਸ਼ਨ ਲਈ ਕਈਂ ਲੱਖ ਰੁਪਏ ਦੀ ਜਰੂਰਤ ਹੈ, ਇਕ ਅਕਾਊਂਟ ਨੰਬਰ ਅਤੇ ਇੱਕ ਫੋਨ ਨੰਬਰ ਵੀ ਦਿੱਤਾ ਜਾਂਦਾ ਸੀ, ਬਾਹਰੋਂ ਜਦੋਂ ਕੋਈ ਫੋਨ ਆਉਂਦਾ ਸੀ ਤਾਂ ਉਹ ਆਪ ਹੀ ਬਿਮਾਰ ਵਿਅਕਤੀ ਬਣ ਜਾਂਦਾ ਸੀ ਅਤੇ ਦੁਹਾਈ ਪਾ ਕੇ ਪੈਸੇ ਦੀ ਮੰਗ ਕਰਦਾ ਸੀ, ਇੱਕ ਦੋ ਸਾਲ ਵਿੱਚ ਉਹ ਵਿਅਕਤੀ ਲੱਖਪਤੀ ਬਣ ਗਿਆ ਸੀ, ਬਾਹਰ ਖੂਨ-ਪਸੀਨੇ ਦੀ ਕਮਾਈ ਕਰਦੇ ਪਰਵਾਸੀ ਲੋੜਵੰਦਾ ਦੀ ਮਦਦ ਲਈ ਪੈਸੇ ਭੇਜਦੇ ਨੇ ਪਰ ਅਜਿਹੇ ਠੱਗ ਲੋਕ ਵਿਹਲੇ ਬੈਠ ਕੇ ਐਸ਼ ਉਡਾਉਂਦੇ ਹਨ।

ਕੁੱਝ ਵਿਹਲੜ ਲੋਕਾਂ ਨੇ ਇਹ ਧੰਦਾ ਹੀ ਬਣਾ ਰੱਖਿਆ ਹੈ, ਬੜੇ ਹੀ ਸ਼ਾਤਰ ਤਰੀਕੇ ਨਾਲ ਪਰਵਾਸੀਆਂ ਨੂੰ ਲੁੱਟਿਆ ਜਾਂਦਾ ਹੈ, ਉਨਾਂ ਦੇ ਕਮਾਏ ਡਾਲਰਾਂ ਨੂੰ ਗਰੀਬਾਂ ਦੀ ਦੁਹਾਈ ਪਾ ਕੇ ਹੜੱਪਿਆ ਜਾਂਦਾ ਹੈ। ਇਹ ਲੋਕ ਸੜਕ ਤੇ ਜਾਂਦਿਆਂ ਦੇ ਮੋਬਾਇਲ, ਪਰਸ ਖੋਹਣ ਵਾਲਿਆਂ ਤੋਂ ਵੀ ਵੱਧ ਖਤਰਨਾਕ ਨੇ ਜੋ ਤੁਹਾਨੂੰ ਹਨੇਰੇ ਵਿੱਚ ਰੱਖ ਕੇ ਤੁਹਾਡੀ ਕਮਾਈ 'ਤੇ ਮਜੇ ਕਰਦੇ ਨੇ। ਪਿੱਛੇ ਜਿਹੇ ਪੰਜਾਬ 'ਚ ਵਟਸਐਪ 'ਤੇ ਇੱਕ ਸੁਨੇਹਾ ਆਇਆ ਸੀ ਜੋ ਮੁਹਾਲੀ ਨੇੜੇ ਗਰੀਬ ਲੜਕੀਆਂ ਦੇ ਵਿਆਹ ਕਰਵਾਉਣ ਦਾ ਸੀ, ਕਿਸੇ ਜਾਣ-ਪਹਿਚਾਣ ਦੇ ਗਰੀਬ ਬੰਦੇ ਨੇ ਮੈਨੂੰ ਉਨ੍ਹਾਂ ਨਾਲ ਗੱਲ ਕਰਕੇ ਆਪਣੀ ਲੜਕੀ ਦੇ ਵਿਆਹ ਸਬੰਧੀ ਗੱਲ ਕਰਨ ਲਈ ਅਰਜੋਈ ਕੀਤੀ, ਮੈ ਇਸ਼ਤਿਹਾਰ 'ਚ ਦਿੱਤੇ ਨੰਬਰ 'ਤੇ ਕਾਲ ਕੀਤੀ ਤਾਂ ਅੱਗੇ ਬੋਲਣ ਵਾਲੇ ਨੇ ਦੋ ਤਿੰਨ ਬਾਅਦ ਗੱਲ ਕਰਨ ਲਈ ਆਖਿਆ, ਚਾਰ ਦਿਨ ਬਾਅਦ ਮੈ ਦੁਬਾਰਾ ਕਾਲ ਕੀਤੀ ਤਾਂ ਫੋਨ ਕਿਸੇ ਹੋਰ ਬੰਦੇ ਨੇ ਚੁੱਕਿਆ, ਉਸ ਨੇ ਫਿਰ ਦੋ ਤਿੰਨ ਦਿਨ ਬਾਅਦ ਕਾਲ ਕਰਨ ਬਾਰੇ ਕਿਹਾ, ਉਨਾਂ ਦੇ ਬੋਲਣ ਦੇ ਢੰਗ ਤੋਂ ਲੱਗਦਾ ਨਹੀਂ ਸੀ ਕਿ ਇਹ ਕੋਈ ਮਦਦ ਕਰਨ ਵਾਲੇ ਨੇ, ਪਰ ਮੈ ਉਸ ਗਰੀਬ ਆਦਮੀ ਦੀ ਮਦਦ ਕਰਨ ਕਰਕੇ ਵਾਰ-ਵਾਰ ਫੋਨ ਕਰਦਾ ਰਿਹਾ, ਜਦੋਂ ਉਨ੍ਹਾਂ ਨੂੰ ਲੱਗਿਆ ਕਿ ਇਹ ਬੰਦਾ ਤਾਂ ਸਾਡੇ ਗਲ਼ ਹੀ ਪੈ ਗਿਆ ਹੈ ਤਾਂ ਉਨ੍ਹਾਂ ਨੇ ਮੈਨੂੰ ਸਾਰੀ ਕਹਾਣੀ ਦੱਸੀ ਕਿ ਸੀ ਕਿ ਅਸੀਂ ਬਾਹਰ ਦੇ ਕਈਂ ਅਖਬਾਰਾਂ ਵਿੱਚ ਇਹ ਇਸ਼ਤਿਹਾਰ ਦੇ ਕੇ ਪਰਵਾਸੀਆਂ ਤੋਂ ਮਦਦ ਮੰਗੀ ਸੀ, ਪਰ ਸਾਨੂੰ ਕਿਸੇ ਦਾ ਕੋਈ ਵਧੀਆ ਹੁੰਗਾਰਾ ਨਹੀਂ ਮਿਲਿਆ, ਹੁਣ ਸਾਡੇ ਕੋਲ ਇੰਨੇ ਪੈਸੇ ਕਿੱਥੇ, ਉਨ੍ਹਾਂ ਦੀ ਗੱਲਾਂ ਤੋਂ ਮੈਨੂੰ ਸਮਝ ਆ ਗਈ ਕਿ ਇਹ ਲੋਕ ਬਾਹਰ ਤੋਂ ਪੈਸੇ ਇੱਕਠੇ ਕਰਨ ਦੇ ਚੱਕਰ 'ਚ ਹੀ ਸਨ, ਜੇ ਪੰਜ, ਸੱਤ ਲੱਖ ਇਕੱਠਾ ਹੋ ਜਾਂਦਾ ਤਾਂ ਇੱਕ ਦੋ ਲੱਖ ਲਾ ਕੇ ਦੋ, ਚਾਰ ਕੁੜੀਆਂ ਦੇ ਵਿਆਹ ਕਰ ਦਿੰਦੇ ਤੇ ਬਾਕੀ ਆਪਣੀ ਜੇਬ 'ਚ, ਵੈਸੇ ਵੀ ਜਦੋਂ ਕੋਈ ਸੰਸਥਾਂ ਜਾਂ ਆਦਮੀ ਕਿਸੇ ਦੀ ਗਰੀਬ ਲੜਕੀ ਦਾ ਵਿਆਹ ਕਰਦਾ ਹੈ ਤਾਂ ਉਸ ਨੂੰ ਲੜਕੀ ਪਰਿਵਾਰ ਵਾਲੇ ਜੋਰ ਪਾ ਕੇ ਤਾਂ ਇਹ ਨਹੀਂ ਕਹਿ ਸਕਦੇ ਕਿ ਸਾਡੀ ਲੜਕੀ ਨੂੰ ਆਹ ਕੁੱਝ ਦੇਣਾ ਹੀ ਦੇਣਾ ਹੈ, ਜੋ ਕੁੱਝ ਸੰਸਥਾਂ ਕਰਦੀ ਹੈ ਉਸ ਤੋਂ ਵੱਧ ਤਾਂ ਘਰ ਵਾਲੇ ਅਤੇ ਨੇੜੇ-ਤੇੜੇ ਦੇ ਲੋਕ, ਰਿਸ਼ਤੇਦਾਰ ਮਦਦ ਕਰ ਦਿੰਦੇ ਨੇ ਅਤੇ ਨਾਮ ਸੰਸਥਾਂ ਦਾ ਹੋ ਜਾਂਦਾ ਹੈ।

ਦੋਸਤੋ! ਸਾਡਾ ਮਕਸਦ ਇਹ ਕਦਾਚਿਤ ਵੀ ਨਹੀਂ ਕਿ ਤੁਸੀਂ ਕਿਸੇ ਅਜਿਹੀ ਸੰਸਥਾਂ ਦੀ ਮਦਦ ਨਾ ਕਰੋ, ਤੇ ਨਾ ਹੀ ਇਹ ਕਹਾਂਗੇ ਕਿ ਅਜਿਹਾ ਕਰਨ ਵਾਲਿਆਂ ਦਾ ਸਾਥ ਨਾ ਦਿ?, ਪਰ ਤੁਹਾਡੀ ਦਿੱਤੀ ਮਦਦ ਅਸਲ ਹੱਕਦਾਰ ਤੱਕ ਪੂਰੀ ਦੀ ਪੂਰੀ ਪਹੁੰਚੀ ਹੈ ਇਹ ਜਾਨਣਾ ਤੁਹਾਡਾ ਇਖਲਾਕੀ ਫਰਜ ਹੈ। ਸੈਂਕੜੇ ਸੰਸਥਾਵਾਂ ਨੇ ਜਿਨਾਂ ਨੇ ਪਰਵਾਸੀਆਂ ਦੇ ਸਿਰਾਂ 'ਤੇ ਲੋੜਵੰਦਾਂ ਨੂੰ ਨਵਾਂ ਜੀਵਨ ਦਿੱਤਾ ਹੈ, ਉਨਾਂ ਨੂੰ ਸਾਬਾਸ਼ੀ ਦੇਣੀ ਬਣਦੀ ਹੈ, ਪਰ ਸਾਧਾਂ ਦੇ ਭੇਸ ਵਿੱਚ ਘੁੰਮਦੇ ਠੱਗ ਟੋਲਿਆਂ ਤੋਂ ਪਰਵਾਸੀਆਂ ਨੂੰ ਸੁਚੇਤ ਕਰਨਾ ਵੀ ਸਾਡਾ ਫਰਜ ਬਣਦਾ ਹੈ। ਬਾਹਰ ਬੈਠੇ ਮਿਹਨਤਕਸ਼ ਲੋਕਾਂ ਨੂੰ ਅਸੀਂ ਅਪੀਲ ਕਰਨਾਂ ਚਾਹੁੰਦੇ ਹਾਂ ਕਿ ਆਪਣੇ ਪਿੰਡ, ਸ਼ਹਿਰ, ਕਸਬੇ ਨੂੰ ਕੁੱਝ ਵੀ ਦਿਓ ਜੋ ਕਿ ਤੁਹਾਡਾ ਫਰਜ ਵੀ ਹੈ ਪਰ ਜਿਸ ਦੇ ਜਰੀਏ ਮਦਦ ਪਹੁੰਚਾਈ ਜਾ ਰਹੀ ਹੈ ਉਸ ਬਾਰੇ ਕਦੇ-ਕਦਾਈਂ ਜਾਣ ਲਿਆ ਕਰੋ, ਜੇ ਤੁਸੀਂ ਅੱਖਾਂ ਬੰਦ ਕਰਕੇ ਇਸੇ ਤਰਾਂ ਦਾਨ ਪੁੰਨ ਕਰਦੇ ਰਹੇ ਤਾਂ ਬਹੁਤ ਸਾਰੇ ਲੋੜਵੰਦ ਰਹਿ ਜਾਣਗੇ ਅਤੇ ਵਿਹਲੜ ਲੋਕ ਤੁਹਾਡੀ ਕਮਾਈ 'ਤੇ ਐਸ਼ਾਂ ਕਰਦੇ ਰਹਿਣਗੇ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਸ਼ਪੈਸ਼ਲ ਕੋਰੇਸਪੌਂਡੈਂਸ :
ਫੋਟੋਗ੍ਰਾਫਰ : ਹਮਾਦ
ਗਗਨਦੀਪ ਸਿੰਘ (ਇੰਡੀਆ)
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)

Address :
P.O Box 7005 Hicksville New York 11801
Phone: 917 612 3158 TelFax : 516 342 1076
editor@thesouthasianinsider.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# ਖਹਿਰਾ ਨੂੰ ਆਮ ਲੋਕਾਂ ਤੇ ਪ੍ਰਵਾਸੀ ਪੰਜਾਬੀਆਂ ਦੀ ਹਮਾਇਤ ਤੋਂ ਘਬਰਾਈ ਆਪ ਹਾਈਕਮਾਂਡ



ਚੰਡੀਗੜ੍ਹ, (ਪੱਤਰ ਪ੍ਰੇਰਕ) : ਕੱਲ੍ਹ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਨੇ ਸੁਖਪਾਲ ਸਿੰਘ ਖਹਿਰਾ ਤੇ ਉਨ੍ਹਾਂ ਦੇ 8 ਹੋਰ ਸਮਰਥਕ ਵਿਧਾਇਕਾਂ ਸਮੇਤ ਸਾਰੇ ਵਿਧਾਇਕਾਂ ਨੂੰ ਇੱਕ ਹੰਗਾਮੀ ਮੀਟਿੰਗ ਲਈ ਦਿੱਲੀ ਸੱਦਿਆ ਸੀ ਪਰ ਉਸ ਮੀਟਿੰਗ ਦਾ ਕੋਈ ਫ਼ਾਇਦਾ ਨਾ ਹੋਇਆ। ਸੁਖਪਾਲ ਖਹਿਰਾ ਤੇ ਉਨ੍ਹਾਂ ਦੇ ਸਮਰਥਕ ਵਿਧਾਇਕ ਪਾਰਟੀ ਲੀਡਰਸ਼ਿਪ ਦੇ ਜਵਾਬ ਤੋਂ ਸੰਤੁਸ਼ਟ ਨਾ ਹੋ ਸਕੇ। ਇੰਝ ਇਹ ਮੀਟਿੰਗ ਬੇਨਤੀਜਾ ਰਹੀ। ਪਰ ਅਜਿਹੇ ਸਮੇਂ ਸੁਖਪਾਲ ਸਿੰਘ ਖਹਿਰਾ ਪ੍ਰਤੀ ਆਮ ਲੋਕਾਂ ਦੀ ਹਮਦਰਦੀ ਵਧਦੀ ਜਾ ਰਹੀ ਹੈ। ਪਾਰਟੀ ਲੀਡਰਸ਼ਿਪ ਇਸ ਗੱਲ ਤੋਂ ਕੁਝ ਘਬਰਾ ਗਈ ਹੈ। ਸੁਖਪਾਲ ਖਹਿਰਾ ਕਿਉਂਕਿ ਆਮ ਲੋਕਾਂ ਨਾਲ ਵਧੇਰੇ ਜੁੜੇ ਹੋਏ ਹਨ, ਇਸੇ ਲਈ ਅਜਿਹਾ ਪ੍ਰਤੀਕਰਮ ਹੋਣਾ ਸੁਭਾਵਕ ਸੀ ਕਿਉਂਕਿ ਉਨ੍ਹਾਂ ਨੂੰ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਜਿਸ ਤਤਫੱਟ ਤਰੀਕੇ ਨਾਲ ਹਟਾਇਆ ਗਿਆ ਹੈ, ਉਹ ਲੋਕਾਂ ਨੂੰ ਚੰਗਾ ਨਹੀਂ ਲੱਗਾ। ਇਸੇ ਲਈ ਉਦੋਂ ਤੋਂ ਹੀ ਜਿੱਥੇ ਸੁਖਪਾਲ ਖਹਿਰਾ ਲਗਾਤਾਰ ਇਹੋ ਆਖ ਰਹੇ ਹਨ ਕਿ ਸਾਰਾ ਨੁਕਸ ਪੰਜਾਬ ਦੀ ਸੂਬਾਈ ਲੀਡਰਸ਼ਿਪ ਦਾ ਹੈ ਕਿ ਉਸੇ ਨੇ ਕਥਿਤ ਤੌਰ 'ਤੇ ਉਨ੍ਹਾਂ ਨੂੰ ਇਸ ਅਹੁਦੇ ਤੋਂ ਲਾਂਭੇ ਕਰਨ ਲਈ ਦਿਨ-ਰਾਤ ਇੱਕ ਕੀਤਾ ਹੋਇਆ ਸੀ। ਖਹਿਰਾ ਦਾ ਸਿੱਧਾ ਇਸ਼ਾਰਾ ਪਾਰਟੀ ਦੀ ਪੰਜਾਬ ਇਕਾਈ ਦੇ ਸਹਿ-ਪ੍ਰਧਾਨ ਡਾ. ਬਲਬੀਰ ਸਿੰਘ ਵੱਲ ਹੈ। ਸੁਖਪਾਲ ਸਿੰਘ ਖਹਿਰਾ ਬਰਨਾਲਾ 'ਚ ਆਪਣੇ ਕੁਝ ਸਮਰਥਕਾਂ ਨੂੰ ਮਿਲੇ ਤੇ ਉਨ੍ਹਾਂ ਵੱਲੋਂ ਮਿਲ ਰਹੇ ਨਿਰੰਤਰ ਪਿਆਰ ਲਈ ਧੰਨਵਾਦ ਕੀਤਾ। ਇਸ ਦੌਰਾਨ ਆਮ ਆਦਮੀ ਪਾਰਟੀ ਨਾਲ ਜੁੜੇ ਕੈਨੇਡਾ, ਅਮਰੀਕਾ, ਯੂਰਪ, ਨਿਊਜ਼ੀਲੈਂਡ ਤੇ ਆਸਟਰੇਲੀਆ ਦੇ ਕੁਝ ਪ੍ਰਮੁੱਖ ਐੱਨ ਆਰ ਆਈ ਪੰਜਾਬੀਆਂ ਨੇ ਸੁਖਪਾਲ ਖਹਿਰਾ ਦੇ ਹੱਕ ਵਿੱਚ ਪੰਜਾਬ ਦੇ ਪਾਰਟੀ ਵਿਧਾਇਕਾਂ ਨੂੰ ਚਿੱਠੀ ਲਿਖੀ ਹੈ। ਜਿਸ ਤਰੀਕੇ ਨਾਲ ਸੁਖਪਾਲ ਖਹਿਰਾ ਨੂੰ ਅਹੁਦੇ ਤੋਂ ਹਟਾਇਆ ਗਿਆ ਹੈ, ਉਨ੍ਹਾਂ ਨੂੰ ਵੀ ਇਸੇ ਗੱਲ 'ਤੇ ਇਤਰਾਜ਼ ਹੈ।

## ਕੇਜਰੀਵਾਲ ਦੇ 'ਡਾਕਟਰ' ਪੰਜਾਬ 'ਚ ਪਾਰਟੀ ਦੀ ਬੇੜੀ ਵਿੱਚ ਪਾਉਂਦੇ ਰਹੇ ਨੇ ਵੱਟੇ




ਚੰਡੀਗੜ੍ਹ :(ਪੱਤਰ ਪ੍ਰੇਰਕ) ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ 'ਚੋਂ ਜਨਮ ਲੈਣ ਵਾਲੀ ਆਮ ਆਦਮੀ ਪਾਰਟੀ ਦਾ ਉਨ੍ਹਾਂ ਨੇਤਾਵਾਂ ਨਾਲ ਤਜ਼ਰਬਾ ਕੁਝ ਜ਼ਿਆਦਾ ਚੰਗਾ ਨਹੀਂ ਰਿਹਾ ਜਿਨ੍ਹਾਂ ਦੇ ਨਾਮ ਨਾਲ ਡਾਕਟਰ ਲੱਗਦਾ ਹੈ। ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਕਹਿਣ ਤੇ ਡਾ.ਧਰਮਵੀਰ ਗਾਂਧੀ, ਡਾ.ਬਲਵੀਰ ਸਿੰਘ, ਡਾ.ਦਲਜੀਤ ਸਿੰਘ, ਡਾ.ਅਮਰਜੀਤ ਸਿੰਘ ਥਿੰਦ ਤੇ ਡਾ.ਰਣਜੋਤ ਸਿੰਘ ਸਰਾਂ ਨੇ ਆਮ ਆਦਮੀ ਪਾਰਟੀ ਦਾ ਝਾੜੂ ਚੱਕਿਆ ਸੀ। ਡਾ.ਬਲਵੀਰ ਸਿੰਘ ਨੂੰ ਛੱਡ ਦੇਈਏ ਤਾਂ ਜ਼ਿਆਦਾਤਰ ਡਾਕਟਰ ਨੇਤਾ ਜਾਂ ਤਾਂ ਪਾਰਟੀ 'ਚੋਂ ਬਾਹਰ ਚੱਲ ਰਹੇ ਹਨ ਜਾਂ ਹਾਈਕਮਾਨ ਦੇ ਨਾਲ ਵਿਵਾਦਾਂ ਕਰਕੇ ਪਾਰਟੀ ਛੱਡ ਚੁੱਕੇ ਹਨ। ਡਾ.ਧਰਮਵੀਰ ਗਾਂਧੀ ਨੂੰ ਤਿੰਨ ਸਾਲ ਪਹਿਲਾਂ ਪਾਰਟੀ ਵਿਰੋਧੀ ਗਤੀਵਿਧੀਆਂ ਦਾ ਦੋਸ਼ ਲਗਾ ਕੇ ਬਾਹਰ ਕੱਢ ਦਿੱਤਾ ਗਿਆ। ਅੰਮ੍ਰਿਤਸਰ ਲੋਕ ਸਭਾ ਸੀਟ ਤੋਂ 2014 'ਚ ਕੈਪਟਨ ਅਮਰਿੰਦਰ ਦੇ ਖ਼ਿਲਾਫ਼ ਲੜਨ ਵਾਲੇ ਡਾ.ਦਲਜੀਤ ਸਿੰਘ ਨੇ ਜਨਵਰੀ 2017 ਵਿਚ ਕਾਂਗਰਸ ਦਾ ਪੱਲਾ ਫੜ ਲਿਆ, ਉਨ੍ਹਾਂ ਦੀ ਵੀ ਪਾਰਟੀ ਹਾਈਕਮਾਨ ਨਾਲ ਵਿਵਾਦ ਚੱਲ ਰਿਹਾ ਸੀ। ਸ਼ਾਹਕੋਟ ਸੀਟ ਤੋਂ 2017 ਵਿਧਾਨਸਭਾ ਚੋਣਾਂ ਲੜਨ ਵਾਲੇ ਡਾ.ਥਿੰਦ ਨੇ 2018 ਉਪਚੋਣ ਦੌਰਾਨ ਅਕਾਲੀ ਦਲ ਦਾ ਸਾਥ ਦਿੱਤਾ।

## ਬਠਿੰਡਾ ਰੈਲੀ ਦੇ ਪੋਸਟਰ 'ਤੇ ਕੇਜਰੀਵਾਲ ਅਤੇ ਸਿਸੋਦੀਆ ਦੀ ਵੀ ਤਸਵੀਰ



ਪੋਸਟਰ ਫਾਈਲ ਫੋਟੋ

ਬਠਿੰਡਾ(ਪੱਤਰ ਪ੍ਰੇਰਕ) : ਆਮ ਆਦਮੀ ਪਾਰਟੀ ਪੰਜਾਬ 'ਚ ਵਿਰੋਧੀ ਪੱਖ ਦੇ ਨੇਤਾ ਬਦਲਣ ਤੋਂ ਬਾਅਦ ਸ਼ੁਰੂ ਹੋਇਆ ਵਿਵਾਦ ਵੱਧਦਾ ਹੀ ਜਾ ਰਿਹਾ ਹੈ। ਪੰਜਾਬ 'ਚ ਪਾਰਟੀ ਦੋ-ਫਾੜ ਹੋ ਗਈ ਹੈ। ਆਮ ਆਦਮੀ ਪਾਰਟੀ ਦੇ ਨੇਤਾ ਸੁਖਪਾਲ ਖਹਿਰਾ ਨੇ ਹਾਈਕਮਾਨ ਦੇ ਵੱਲੋਂ ਕਨਵੈਨਸ਼ ਰੱਦ ਕਰਨ ਦੇ ਆਦੇਸ਼ਾਂ ਨੂੰ ਦਰਕਿਨਾਰ ਕਰਨ ਦਾ ਫੈਸਲਾ ਕੀਤਾ ਹੈ। ਖਹਿਰਾ ਨੇ ਟਵਿਟਰ 2 ਅਗਸਤ 2018 ਦਿਨ ਵੀਰਵਾਰ ਨੂੰ ਆਪ ਵਰਕਰਾਂ ਨੂੰ ਬਠਿੰਡਾ 'ਚ ਇਕੱਠਾ ਹੋਣ ਲਈ ਕਿਹਾ ਹੈ। ਉਨ੍ਹਾਂ ਨੇ ਇੱਕ ਪੋਸਟਰ ਜਾਰੀ ਕਰਦੇ ਹੋਏ ਕਿਹਾ ਹੈ ਕਿ ਪੰਜਾਬ ਦੇ ਹਿਤਾਂ, ਹੱਕ ਅਤੇ ਸੱਚ ਦੀ ਲੜਾਈ ਦੇ ਲਈ ਆਪ ਵਰਕਰ 2 ਅਗਸਤ ਨੂੰ ਬਠਿੰਡਾ ਦੇ ਵੁੱਡ ਰਿਜੋਰਟ ਡੱਬਵਾਲੀ ਜ਼ਰੂਰ ਪੁੱਜਣ। ਦੱਸ ਦੇਈਏ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੇ ਮੈਂਬਰ ਖਹਿਰਾ ਵੱਲੋਂ ਬੁਲਾਈ ਗਈ 2 ਅਗਸਤ ਦੀ ਕਨਵੈਨਸ਼ ਨੂੰ ਰੱਦ ਕਰਵਾਉਣ ਲਈ ਆਪ ਹਾਈਕਮਾਨ ਵੱਲੋਂ ਦਿੱਲੀ 'ਚ ਹੋਈ ਖਹਿਰਾ ਸਮਰਥਕਾਂ ਦੇ ਨਾਲ ਮੀਟਿੰਗ ਬੇਨਤੀਜਾ ਰਹੀ ਹੈ। ਮੀਟਿੰਗ ਦੌਰਾਨ ਹਾਈਕਮਾਨ ਇਸ ਰੈਲੀ ਨੂੰ ਰੱਦ ਕਰਵਾਉਣ ਦੇ ਫੈਸਲੇ 'ਤੇ ਅੜੀ ਰਹੀ ਅਤੇ ਹਰਪਾਲ ਚੀਮਾ ਨੂੰ ਵਿਧਾਨ ਸਭਾ 'ਚ ਸਪੀਕਰ ਦੇ ਅਹੁਦੇ ਤੋਂ ਹਟਾਉਣ ਤੋਂ ਸਾਫ਼ ਮਨ੍ਹਾ ਕਰ ਦਿੱਤਾ। ਹਾਈਕਮਾਨ ਦੇ ਇਸ ਫ਼ੈਸਲੇ ਤੋਂ ਬਾਅਦ ਸੁਖਪਾਲ ਖਹਿਰਾ ਸਮਰਥਕਾ ਨਾਲ ਮੀਟਿੰਗ ਤੋਂ ਬਾਹਰ ਆਏ ਅਤੇ ਉਨ੍ਹਾਂ ਨੇ 2 ਅਗਸਤ ਦੀ ਕਨਵੈਨਸ਼ ਨੂੰ ਰੱਦ ਕਰਾਉਣ ਦੇ ਫ਼ੈਸਲੇ 'ਤੇ ਅਟਲ ਰਹਿਣ ਦੀ ਗੱਲ ਕਹੀ । ਜਾਣਕਾਰੀ ਮੁਤਾਬਿਕ ਮੀਟਿੰਗ 'ਚ ਮੌਜੂਦ ਖਰੜ ਨਾਲ ਵਿਧਾਇਕ ਕੰਵਰ ਸੰਧੂ ਨੇ ਕਿਹਾ ਕਿ ਪਾਰਟੀ ਹਾਈਕਮਾਨ ਨੇ ਵਿਧਾਇਕਾਂ ਨਾਲ 2 ਅਗਸਤ ਦੇ ਕਨਵੈਨਸ਼ ਦਾ ਕਾਰਨ ਪੁੱਛਿਆ ਤਾਂ ਹਾਈਕਮਾਨ ਨੂੰ ਦੱਸਿਆ ਗਿਆ ਕਿ ਇਹ ਪਾਰਟੀ ਵਰਕਰਾਂ ਦੀਆਂ ਭਾਵਨਾਵਾਂ ਨੂੰ ਧਿਆਨ 'ਚ ਰੱਖਕੇ ਬੁਲਾਈ ਗਈ ਹੈ ਕਿਉਂਕਿ ਜਿਸ ਤਰੀਕੇ ਨਾਲ ਵਿਰੋਧੀ ਪੱਖ ਦੇ ਨੇਤਾ ਸੁਖਪਾਲ ਖਹਿਰਾ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾਇਆ ਗਿਆ ਹੈ। ਉਹ ਢੰਗ ਪਾਰਟੀ ਵਰਕਰਾਂ ਨੂੰ ਨਾ ਗਵਾਰਾ ਰਿਹਾ ਹੈ।




# ਨਸ਼ੇ ਖਿਲਾਫ ਮੁਹਿੰਮ ਦਾ ਜੇਲ੍ਹਾਂ 'ਤੇ ਪਿਆ ਅਸਰ

ਕਪੂਰਥਲਾ (ਪੱਤਰ ਪ੍ਰੇਰਕ) : ਪੰਜਾਬ 'ਚ ਨਸ਼ੇ ਨਾਲ ਵਧ ਰਹੀਆਂ ਨੌਜਵਾਨ ਮੌਤਾਂ ਰੁਕਣ ਦਾ ਨਾਮ ਹੀ ਨਹੀਂ ਲੈ ਰਹੀਆਂ। ਰੋਜ਼ਾਨਾ ਕਿਸੇ ਨਾ ਕਿਸੇ ਪਿੰਡ ਜਾਂ ਸ਼ਹਿਰ ਤੋਂ ਕੋਈ ਨਾ ਕੋਈ ਪਰਿਵਾਰ ਆਪਣੇ ਨੌਜਵਾਨ ਪੁੱਤ ਦੀ ਲਾਸ਼ ਨੂੰ ਆਪਣੇ ਮੋਢਿਆਂ 'ਤੇ ਲਿਜਾ ਰਿਹਾ ਹੁੰਦਾ ਹੈ। ਉਥੇ ਹੀ ਸੂਬੇ ਵਿੱਚ ਨਸ਼ਿਆਂ ਦੇ ਵਿਰੁੱਧ ਚਲੇ ਅਭਿਆਨ ਦੇ ਬਾਅਦ ਜੇਲ੍ਹਾਂ ਵਿੱਚ ਨਵੇਂ ਕੈਦੀਆਂ ਦਾ ਬੋਝ ਵਧ ਗਿਆ ਹੈ। ਆਪਣੀ ਸਮਰੱਥਾ ਤੋਂ ਜ਼ਿਆਦਾ ਕੈਦੀ ਜੇਲ੍ਹ ਵਿੱਚ ਬੰਦ ਹਨ। ਜਿਨ੍ਹਾਂ ਨੂੰ ਸਾਂਭਣ ਲਈ ਜੇਲ੍ਹ ਪ੍ਰਸ਼ਾਸਨ ਨੂੰ ਕਾਫੀ ਮਿਹਨਤ ਕਰਨੀ ਪੈ ਰਹੀ ਹੈ। ਦੱਸ ਦਈਏ ਕਿ ਜੇਲ੍ਹ ਵਿੱਚ ਬੰਦ ਜ਼ਿਆਦਾਤਰ ਕੈਦੀ ਐਨ ਡੀ ਪੀ ਐਸ ਐਕਟ ਨਾਲ ਸਬੰਧਤ ਹਨ ।

ਜੇ ਗੱਲ ਕਰੀਏ ਮਾਡਰਨ ਜੇਲ੍ਹ ਕਪੂਰਥਲਾ ਦੀ ਤਾਂ ਇਸ ਦੀ ਨਿਰਧਾਰਤ ਸਮਰੱਥਾ 2690 ਹਨ , ਪਰ ਮੰਗਲਵਾਰ ਤੱਕ ਜੇਲ੍ਹ ਵਿੱਚ ਲਗਭਗ ਤਿੰਨ ਕੈਦੀ ਸਨ। ਰੋਜ਼ਾਨਾ ਜੇਲ੍ਹ ਵਿੱਚ ਔਸਤਨ 26 ਕੈਦੀ ਨਵੇਂ ਆ ਰਹੇ ਹਨ। ਜਿੰਨ੍ਹਾਂ ਵਿੱਚੋਂ ਜਿਆਦਾਤਰ ਨਸ਼ੇ ਦੇ ਧੰਦੇ ਨਾਲ ਸਬੰਧਤ ਹਨ। ਪਿਛਲੇ 24 ਦਿਨਾਂ ਵਿੱਚ ਜਲੰਧਰ ਅਤੇ ਕਪੂਰਥਲਾ ਪੁਲਿਸ ਰਾਹੀਂ ਗ੍ਰਿਫਤਾਰ ਕੀਤੇ ਗਏ 600 ਆਰੋਪੀ ਡਰੱਗ ਪੈਡਲਰ ਹਨ। ਜਿਸਦੇ ਬਾਰੇ ਦੱਸਦੇ ਹੋਏ ਇੱਕ ਉੱਤਮ ਜੇਲ੍ਹ ਅਧਿਕਾਰੀ ਦੇ ਅਨੁਸਾਰ 80 ਫੀਸਦੀ ਤੋਂ ਜਿਆਦਾ ਕੈਦੀ ਐਨ ਡੀ ਪੀ ਐਸ ਐਕਟ ਦੇ ਤਹਿਤ ਗ੍ਰਿਫਤਾਰ ਕੀਤੇ ਗਏ ਹਨ ਅਤੇ ਉਹ ਨਸ਼ੇ ਦੇ ਆਦੀ ਹਨ ਨਸ਼ੇ ਦੀ ਭੈੜੀ ਆਦਤ ਵਾਲਾ ਕੈਦੀ ਜੋ ਕਿ ਸੋਮਵਾਰ ਨੂੰ ਹੀ ਜੇਲ੍ਹ ਲਿਆਂਦਾ ਗਿਆ ਐਚਆਈਵੀ ਪਾਜ਼ਟਿਵ ਸੀ। ਜਦੋਂ ਕਿ ਆਈਸੀਟੀਸੀ ਵੱਲੋਂ ਲਾਜ਼ਮੀ ਜਾਂਚ ਦੇ ਦੌਰਾਨ ਹੈਪੇਟਾਇਟਿਸ - ਸੀ ਤੋਂ ਪ੍ਰਭਾਵਿਤ ਇੱਕ ਕੈਦੀ ਬਾਰੇ ਵੀ ਪਤਾ ਲੱਗਿਆ ਹੈ। ਜੇਲ੍ਹ ਅਧਿਕਾਰੀ ਦੇ ਮੁਤਾਬਿਕ ਨਸ਼ਾ ਕਰਨ ਵੇਲੇ ਜੋ ਇੰਜੇਕਸ਼ਨ ਵਰਤਿਆ ਜਾਂਦਾ ਹੈ ਉਸਨੂੰ ਹੀ ਸਾਰੇ ਨਸ਼ਾ ਕਰਨ ਵਾਲੇ ਕੈਦੀ ਵਰਤਦੇ ਹਨ ਅਤੇ ਉਸਦੇ ਸੰਕ੍ਰਮਿਤ ਹੋਣ ਦੀ ਸੰਭਾਵਨਾ ਵੀ ਹੈ।

ਜੇਲ੍ਹ ਦੀਆਂ 90 ਬੈਰਕਾਂ ਵਿੱਚੋਂ ਹਰ ਇੱਕ ਵਿੱਚ 25 ਤੋਂ 30 ਕੈਦੀਆਂ ਨੂੰ ਰੱਖਣ ਦੀ ਕਪੈਸਟੀ ਹੈ, ਪਰ ਇਨ੍ਹੀ ਦਿਨੀਂ ਹਰ ਬੈਰਕ ਵਿੱਚ 40 ਤੋਂ ਲੈ ਕੇ 50 ਕੈਦੀਆਂ ਨੂੰ ਰੱਖਣ ਲਈ ਜੇਲ੍ਹ ਪ੍ਰਸ਼ਾਸਨ ਮਜ਼ਬੂਰ ਹੈ। ਹਰ ਬੈਰਕ ਸੱਤ ਲੋਕਾਂ ਲਈ ਮੰਜੂਰ ਹੈ ਪਰ ਉਸਦੇ ਖਿਲਾਫ ਕੇਵਲ ਇੱਕ ਵਾਰਡਰ ਹੈ। ਜੇਲ੍ਹ ਦੇ ਏਆਈਜੀ-ਕਮ-ਐਸ ਪੀ ਨੇ ਕਿਹਾ ਕਿ ਉਹ ਕੈਦੀਆਂ ਦੀ ਭੀੜ ਨੂੰ ਸੰਭਾਲਣ ਦੀ ਕੋਸ਼ਿਸ਼ ਕਰ ਰਹੇ ਹਨ, ਕਿਉਂਕਿ ਕੁੱਝ ਕੈਦੀ ਜ਼ਮਾਨਤ ਜਾਂ ਸੁਰੱਖਿਅਤ ਰਿਹਾਈ ਉੱਤੇ ਜੇਲ੍ਹ ਤੋਂ ਬਾਹਰ ਆਉਂਦੇ ਹਨ।

# 'ਰਾਇਸ਼ੁਮਾਰੀ 2020' 'ਤੇ ਪੰਥਕ ਜਥੇਬੰਦੀਆਂ ਨੇ ਉਠਾਏ

## ਅੰਮ੍ਰਿਤਸਰ ਅਕਾਲੀ ਦਲ ਨੇ ਗੁਰਪਤਵੰਤ ਪੰਨੂ ਨੂੰ ਲਿਖੀ






ਚੰਡੀਗੜ੍ਹ (ਪੱਤਰ ਪ੍ਰੇਰਕ) : ਮਨੁੱਖੀ ਹੱਕਾਂ ਲਈ ਕੰਮ ਕਰਦੀ ਜਥੇਬੰਦੀ ਸਿੱਖਜ਼ ਫਾਰ ਜਸਟਿਸ ਵੱਲੋਂ ਕਰਾਈ ਜਾ ਰਹੀ ਰਾਇਸ਼ੁਮਾਰੀ 2020 'ਤੇ ਕਈ ਹਮਾਇਤੀ ਸਿੱਖ ਜਥੇਬੰਦੀਆਂ ਨੂੰ ਵੀ ਸ਼ੰਕੇ ਹਨ। ਪੰਜਾਬ ਵਿੱਚ ਇੱਕ ਪਾਸੇ ਕਾਂਗਰਸ ਤੇ ਅਕਾਲੀ ਦਲ ਸਣੇ ਕਈ ਸਿਆਸੀ ਧਿਰਾਂ ਵੱਲੋਂ ਇਸ ਦੀ ਅਲੋਚਨਾ ਕੀਤੀ ਜਾ ਰਹੀ ਹੈ, ਦੂਜੇ ਪਾਸੇ ਰਾਇਸ਼ੁਮਾਰੀ 2020 ਦੀ ਹਮਾਇਤ ਕਰ ਰਹੀਆਂ ਪਾਰਟੀਆਂ ਦਲ ਖ਼ਾਲਸਾ ਤੇ ਅਕਾਲੀ ਦਲ (ਅੰਮ੍ਰਿਤਸਰ) ਨੇ ਵੀ ਕਈ ਸਵਾਲ ਉਠਾਏ ਹਨ। ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਸਿੱਖਜ਼ ਫਾਰ ਜਸਟਿਸ ਦੇ ਸੰਚਾਲਕ ਗੁਰਪਤਵੰਤ ਸਿੰਘ ਪੰਨੂ ਨੂੰ ਚਿੱਠੀ ਭੇਜੀ ਗਈ ਹੈ। ਇਸ ਵਿੱਚ ਉਨ੍ਹਾਂ ਕੁਝ ਸ਼ੰਕੇ ਉਭਾਰੇ ਹਨ ਤੇ 12 ਅਗਸਤ ਨੂੰ ਲੰਡਨ ਵਿੱਚ ਹੋਣ ਵਾਲੀ ਕਾਨਫਰੰਸ ਵਿੱਚ ਸਥਿਤੀ ਸਪੱਸ਼ਟ ਕਰਨ ਦੀ ਮੰਗ ਕੀਤੀ ਹੈ। ਇਸ ਪੱਤਰ ਵਿੱਚ ਉਨ੍ਹਾਂ ਆਖਿਆ ਕਿ ਇਨ੍ਹਾਂ ਖ਼ਦਸ਼ਿਆਂ ਤੇ ਚਿੰਤਾਵਾਂ ਨੂੰ ਕਾਨਫਰੰਸ ਦਾ ਵਿਰੋਧ ਨਾ ਸਮਝਿਆ ਜਾਵੇ। ਦੋ ਸਫਿਆਂ ਦੇ ਇਸ ਪੱਤਰ ਵਿੱਚ ਉਨ੍ਹਾਂ 8 ਪ੍ਰਸ਼ਨਾਂ ਦੇ ਉੱਤਰ ਮੰਗੇ ਹਨ, ਤਾਂ ਜੋ ਸਿੱਖ ਕੌਮ ਅੱਗੇ ਰਾਇਸ਼ੁਮਾਰੀ 2020 ਸਬੰਧੀ ਸਥਿਤੀ ਸਪਸ਼ਟ ਹੋ ਸਕੇ।

ਉਨ੍ਹਾਂ ਪੁੱਛਿਆ ਕਿ ਇਹ ਸਪੱਸ਼ਟ ਕੀਤਾ ਜਾਵੇ ਕਿ ਪੰਜਾਬ ਵਿੱਚ ਇਹ ਰਾਇਸ਼ੁਮਾਰੀ ਕਿਸ ਤਰ੍ਹਾਂ ਹੋਵੇਗੀ ਤੇ ਕੌਣ ਕਰਾਵੇਗਾ। ਰਾਇਸ਼ੁਮਾਰੀ ਸੰਯੁਕਤ ਰਾਸ਼ਟਰ ਦੇ ਆਦੇਸ਼ਾਂ ਜਾਂ ਨਿਗਰਾਨੀ ਅਧੀਨ ਹੁੰਦੇ ਹੈ ਜਾਂ ਫਿਰ ਕਾਬਜ਼ ਦੇਸ਼ ਵੱਲੋਂ ਕਰਾਇਆ ਜਾਂਦਾ ਹੈ, ਪਰ ਇਸ ਪ੍ਰਸਤਾਵ ਵਿੱਚ ਅਜਿਹਾ ਕੁਝ ਵੀ ਸਪਸ਼ਟ ਨਹੀਂ। ਕੀ ਇਹ ਰਾਇਸ਼ੁਮਾਰੀ ਸੰਸਾਰ ਭਰ ਵਿੱਚ ਵਸੇ ਸਿੱਖਾਂ ਲਈ ਸੀਮਤ ਹੋਵੇਗੀ ਜਾਂ ਉਸ ਵਿੱਚ ਸਾਰੇ ਪੰਜਾਬੀ ਹਿੱਸਾ ਲੈ ਸਕਣਗੇ। ਇਹ ਕਿਵੇਂ ਤੈਅ ਹੋਵੇਗਾ ਕਿ ਕੌਣ ਪ੍ਰਮਾਣਿਤ ਵੋਟਰ ਹੈ ਤੇ ਇਹ ਫ਼ੈਸਲਾ ਕਰਨ ਦਾ ਹੱਕ ਕਿਸ ਕੋਲ ਹੋਵੇਗਾ ਕਿ ਕੌਣ ਸਹੀ ਵੋਟਰ ਹੈ। ਪੰਜਾਬ ਵਿੱਚ ਇਸ ਅੰਦੋਲਨ ਦੀ ਅਗਵਾਈ ਕੌਣ ਕਰੇਗਾ ? ਕੀ ਅਜਿਹੀ ਕਾਰਵਾਈ ਪੰਜਾਬ ਅਤੇ ਭਾਰਤ ਵਿੱਚ ਸਰਕਾਰੀ ਤਸ਼ੱਦਦ ਨੂੰ ਸੱਦਾ ਦੇਵੇਗੀ ਤੇ ਆਮ ਲੋਕਾਂ ਦੀ ਰੱਖਿਆ ਲਈ ਕੌਣ ਜ਼ਿੰਮੇਵਾਰ ਹੋਵੇਗਾ। ਰਾਇਸ਼ੁਮਾਰੀ 2020 ਤੋਂ ਬਾਅਦ ਵੱਖਰਾ ਸਿੱਖ ਰਾਜ ਹੋਂਦ ਵਿੱਚ ਆਵੇਗਾ, ਕੀ ਅਜਿਹੀ ਧਾਰਨਾ ਨੂੰ ਫੈਲਾਉਣਾ ਲੋਕਾਂ ਨੂੰ ਧੋਖੇ ਵਿੱਚ ਰੱਖਣਾ ਨਹੀਂ ਹੋਵੇਗਾ। ਦੋਵਾਂ ਸਿੱਖ ਆਗੂਆਂ ਨੇ ਉਮੀਦ ਪ੍ਰਗਟਾਈ ਹੈ ਕਿ ਸਬੰਧਤ ਸਿੱਖ ਆਗੂ ਇਸ ਬਾਰੇ ਲੋਕਾਂ ਨੂੰ ਸਮੁੱਚੀ ਸਥਿਤੀ ਸਪਸ਼ਟ ਕਰਨਗੇ। ਦੋਵਾਂ ਪਾਰਟੀਆਂ ਨੇ ਉਮੀਦ ਪ੍ਰਗਟਾਈ ਹੈ ਕਿ ਸਬੰਧਤ ਸਿੱਖ ਆਗੂ ਇਸ ਬਾਰੇ ਲੋਕਾਂ ਨੂੰ ਸਮੁੱਚੀ ਸਥਿਤੀ ਸਪੱਸ਼ਟ ਕਰਨਗੇ। ਆਪਣੇ ਪੱਤਰ ਵਿੱਚ ਉਨ੍ਹਾਂ ਲਿਖਿਆ ਕਿ ਦੋਵੇਂ ਸਿੱਖ ਜਥੇਬੰਦੀਆਂ ਪੰਜਾਬ ਵਿੱਚ ਰਾਇਸ਼ੁਮਾਰੀ ਕਰਾਉਣ ਲਈ ਕਈ ਵਾਰ ਕੌਮੀ ਤੇ ਕੌਮਾਂਤਰੀ ਮੰਚ 'ਤੇ ਇਹ ਮਾਮਲਾ ਰੱਖ ਚੁੱਕੀਆਂ ਹਨ, ਜਿਸ ਕਾਰਨ ਦੋਵਾਂ ਜਥੇਬੰਦੀਆਂ ਨੂੰ ਸਰਕਾਰੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਹੈ ਤੇ ਇਨ੍ਹਾਂ ਦੇ ਆਗੂਆਂ ਖ਼ਿਲਾਫ਼ ਕਈ ਕੇਸ ਦਰਜ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਵਿੱਚ ਕੋਈ ਵੀ ਪ੍ਰਮੁੱਖ ਸਿਆਸੀ ਧਿਰ ਰਾਇਸ਼ੁਮਾਰੀ ਦੀ ਮੰਗ ਨਹੀਂ ਕਰ ਰਹੀ ਹੈ ਤੇ ਅਜਿਹੀ ਕੋਈ ਵਿਵਸਥਾ ਵੀ ਨਹੀਂ ਬਣਾਈ ਗਈ ਹੈ, ਜਿਸ ਰਾਹੀਂ ਸਮੁੱਚੀ ਸਿੱਖ ਕੌਮ ਦੀ ਇਸ ਸਬੰਧੀ ਰਾਏ ਨੂੰ ਯਕੀਨੀ ਬਣਾਇਆ ਜਾ ਸਕੇ।

# ਪੰਜਾਬ ਪੁਲਿਸ 'ਚੋਂ 'ਕਾਲੀਆਂ ਭੇਡਾਂ' ਦਾ ਹੋਵੇਗਾ ਸਫਾਇਆ : ਡੀ.ਜੀ.ਪੀ. ਅਰੋੜਾ

ਚੰਡੀਗੜ੍ਹ (ਪੱਤਰ ਪ੍ਰੇਰਕ) : ਨਸ਼ਾ ਤਸਕਰੀ ਵਿੱਚ ਪੰਜਾਬ ਪੁਲਿਸ ਦੀ ਕੁਨੈਕਸ਼ਨ ਨੂੰ ਲੈ ਕੇ ਉਠ ਰਹੇ ਸਵਾਲਾਂ ਉੱਤੇ ਡੀ . ਜੀ . ਪੀ . ਸੁਰੇਸ਼ ਅਰੋੜਾ ਨੇ ਕੁਝ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਪੁਲਿਸ ਵਿੱਚ ਕਿਸੇ ਵੀ 'ਕਾਲੀ ਭੇਡ' ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਸਿਸਟਮ ਵਿੱਚ ਕਾਲੀਆਂ ਭੇਡਾਂ ਦਾ ਹੋਣਾ ਸਧਾਰਨ ਗੱਲ ਹੈ। ਪੰਜਾਬ ਪੁਲਿਸ ਵੀ ਸਿਸਟਮ ਦਾ ਇੱਕ ਹਿੱਸਾ ਹੈ ਪਰ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਸਰਕਾਰ ਨੇ ਡਰੱਗ ਨੂੰ ਲੈ ਕੇ ਜੀਰੋ ਟੋਲਰੈਂਸ ਦੀ ਨੀਤੀ ਆਪਣਾ ਰੱਖੀ ਹੈ। ਪੁਲਿਸ ਕਰਮਚਾਰੀਆਂ ਤੱਕ ਬਰਖਾਸਤ ਕੀਤੇ ਗਏ ਹਨ। ਇਸ ਲਈ ਉਹ ਇਸ ਗੱਲ ਨੂੰ ਦਾਅਵੇ ਦੇ ਨਾਲ ਕਹਿ ਰਹੇ ਹਨ ਕਿ ਪੰਜਾਬ ਪੁਲਿਸ ਤੋਂ ਕਾਲੀਆਂ ਭੇਡਾਂ ਦਾ ਪੂਰੀ ਤਰ੍ਹਾਂ ਸਫਾਇਆ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਜ਼ੀਰੋ ਟੋਲਰੈਂਸ ਨੀਤੀ ਦਾ ਹੀ ਨਤੀਜਾ ਹੈ ਕਿ ਪੰਜਾਬ ਪੁਲਿਸ ਨੇ ਪਿਛਲੇ ਕੁੱਝ ਸਾਲਾਂ ਵਿੱਚ ਨਸ਼ੇ ਦੀ ਸਪਲਾਈ ਲਾਈਨ ਨੂੰ ਪੂਰੀ ਤਰ੍ਹਾਂ ਵਿਨਾਸ਼ ਕਰ ਦਿੱਤਾ ਹੈ। ਇਸਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਅੱਜ ਹੈਰੋਇਨ ਦੀ ਸਪਲਾਈ ਟੁੱਟਣ ਨਾਲ ਸਿੰਥੈਟਿਕ ਡਰੱਗ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇਹ ਸਿੰਥੈਟਿਕ ਡਰੱਗ ਵੀ ਪੰਜਾਬ ਦੀ ਬਜਾਏ ਉੱਤਰ ਪ੍ਰਦੇਸ਼, ਦਿੱਲੀ ਅਤੇ ਬਾਹਰੀ ਰਾਜਾਂ ਤੋਂ ਪੰਜਾਬ ਵਿੱਚ ਸਪਲਾਈ ਕੀਤੀ ਜਾ ਰਹੀ ਹੈ। ਹਾਲ ਹੀ ਵਿੱਚ ਪੰਜਾਬ ਪੁਲਿਸ ਨੇ ਸੂਚਨਾਵਾਂ ਦੇ ਆਧਾਰ ਉੱਤੇ ਉੱਤਰ ਪ੍ਰਦੇਸ਼ ਪੁਲਿਸ ਦੇ ਨਾਲ ਮਿਲਕੇ ਸਹਾਰਨਪੁਰ ਵਿੱਚ ਛਾਪੇਮਾਰੀ ਕੀਤੀ ਸੀ, ਜਿਸ ਵਿੱਚ ਵੱਡੀ ਮਾਤਰਾ ਵਿੱਚ ਬਰੁਫਿਨ, ਇੰਜੈਕਸ਼ਨ ਸਹਿਤ ਅਲਪਰਾਜ਼ੋਲਮ ਦੀਆਂ ਗੋਲੀਆਂ, ਪੈਰਵੋਂ ਸਪਾਸ ਕੈਪਸੂਲ ਫੜੇ ਗਏ ਹੈ।

**ਅਫਸਰਾਂ ਦੀ ਆਪਸੀ ਲੜਾਈ ਨਾਲ ਪੰਜਾਬ ਪੁਲਿਸ ਦਾ ਅਕਸ ਹੋਇਆ ਧੁੰਦਲਾ**

ਡੀ . ਜੀ . ਪੀ . ਸੁਰੇਸ਼ ਅਰੋੜਾ ਨੇ ਕਿਹਾ ਕਿ ਅਧਿਕਾਰੀਆਂ ਦੀ ਆਪਸੀ ਲੜਾਈ ਨਾਲ ਪੰਜਾਬ ਪੁਲਿਸ ਦਾ ਅਕਸ ਧੁੰਦਲਾ ਹੋ ਰਿਹਾ ਹੈ। ਅਰੋੜਾ ਦੇ ਮੁਤਾਬਕ 36 ਸਾਲ ਦੇ ਕਰੀਅਰ ਵਿੱਚ ਇਹ ਸਭ ਤੋਂ ਬੁਰਾ ਦੌਰ ਆਇਆ ਹੈ ਪਰ ਇਸ ਗੱਲ ਦੀ ਵੀ ਪੂਰੀ ਉਮੀਦ ਹੈ ਕਿ ਬੁਰਾ ਦੌਰ ਜਲਦੀ ਖਤਮ ਹੋਵੇਗਾ ਅਤੇ ਸੱਚਾਈ ਦੀ ਜਿੱਤ ਹੋਵੇਗੀ।

ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਉੱਤੇ ਡਰੱਗ ਮਾਮਲੇ ਵਿੱਚ ਫੜੇ ਗਏ ਸਾਬਕਾ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਜਾਣ ਦੇਣ ਦੇ ਕਾਰਨ ਕਈ ਤਰ੍ਹਾਂ ਦੇ ਇਲਜ਼ਾਮ ਲਗਾਏ ਜਾ ਰਹੇ ਹਨ ਪਰ ਸੱਚਾਈ ਇਹ ਹੈ ਕਿ ਇਹ ਪ੍ਰਸ਼ੰਸਾ ਪੱਤਰ ਉਨ੍ਹਾਂ ਨੇ ਆਪਣੇ ਅਧੀਨ ਅਧਿਕਾਰੀਆਂ ਦੀ ਰਿਕਮੈਂਡੇਸ਼ਨ ਉੱਤੇ ਦਿੱਤਾ ਸੀ। ਇੰਦਰਜੀਤ ਕਪੂਰਥਲਾ ਵਿੱਚ ਇੱਕ ਬੱਚੇ ਦੀ ਮੌਤ ਦੇ ਮਾਮਲੇ ਨੂੰ ਸੁਲਝਾਉਣ ਵਾਲੀ ਟੀਮ ਦਾ ਹਿੱਸਾ ਸੀ ਇਸ ਲਈ ਉਸ ਸਮੇਂ ਦੇ ਐਸ . ਐਸ. ਪੀ. ਨੇ ਇਸ ਕੇਸ ਨੂੰ ਸੁਲਝਾਉਣ ਉੱਤੇ ਪ੍ਰਸ਼ੰਸਾ ਪੱਤਰ ਦੇਣ ਦੀ ਸਿਫਾਰਸ਼ ਕੀਤੀ ਸੀ। ਇਹ ਫਾਇਲ ਡੀ . ਆਈ . ਜੀ. ਦੇ ਕੋਲ ਆਈ ਅਤੇ ਡੀ. ਆਈ . ਜੀ. ਤੋਂ ਆਈ . ਜੀ . ਹੁੰਦੇ ਹੋਏ ਡੀ . ਜੀ . ਪੀ. ਦਫ਼ਤਰ ਪਹੁੰਚੀ। ਉਨ੍ਹਾਂ ਨੇ ਇਨ੍ਹਾਂ ਸਿਫਾਰਿਸ਼ਾਂ ਦੇ ਆਧਾਰ ਉੱਤੇ ਪ੍ਰਸ਼ੰਸਾ ਪੱਤਰ ਦੇਣ ਦੀ ਫਾਇਲ ਮਨਜ਼ੂਰ ਕੀਤੀ ਪਰ ਇਸਦੇ ਲਈ ਕੇਵਲ ਡੀ. ਜੀ. ਪੀ. ਨੂੰ ਟਾਰਗੇਟ ਕਰਨਾ ਕਿਸੇ ਵੀ ਲਿਹਾਜ਼ ਨਾਲ ਠੀਕ ਗੱਲ ਨਹੀਂ ਹੈ।

**ਓਵਰਡੋਜ ਦੇ ਮਾਮਲੇ ਆਏ ਸਾਹਮਣੇ , ਪੁਲਿਸ ਕਰ ਰਹੀ ਹੈ ਗ੍ਰਿਫ਼ਤਾਰੀ :**

ਨਸ਼ੇ ਦੀ ਓਵਰਡੋਜ ਨਾਲ ਹੋ ਰਹੀਆਂ ਮੌਤਾਂ ਉੱਤੇ ਸੁਰੇਸ਼ ਅਰੋੜਾ ਨੇ ਕਿਹਾ ਕਿ ਪੰਜਾਬ ਪੁਲਿਸ ਲਗਾਤਾਰ ਇਨ੍ਹਾਂ ਮੌਤਾਂ ਦੇ ਕਾਰਨ ਲੱਭਣ ਵਿੱਚ ਜੁਟੀ ਹੈ। ਪੋਸਟਮਾਰਟਮ ਨਾ ਹੋਣ ਦੇ ਕਾਰਨ ਕਈ ਮਾਮਲੇ ਹੁਣ ਵੀ ਅਣਸੁਲਝੇ ਹਨ ਪਰ ਹੁਣ ਤੱਕ ਪੁਲਿਸ ਦੇ ਕੋਲ ਜੋ ਕੈਮੀਕਲ ਰਿਪੋਰਟਸ ਸਾਹਮਣੇ ਆਈਆਂ ਹਨ, ਉਨ੍ਹਾਂ ਵਿੱਚ ਬਰੁਫਿਨ, ਏਵਿਲ ਦੇ ਕੰਬੀਨੇਸ਼ਨ ਤੋਂ ਤਿਆਰ ਇੰਜੈਕਸ਼ਨ ਦੀ ਓਵਰਡੋਜ ਨਾਲ ਜੁੜੇ ਤੱਤ ਸਾਹਮਣੇ ਆਏ ਹਨ। ਇਸ ਕੜੀ ਵਿੱਚ ਹੈਰੋਇਨ ਅਤੇ ਮਾਰਫਿਨ ਦੀ ਓਵਰਡੋਜ ਸਬੰਧੀ ਰਿਪੋਰਟ ਵੀ ਮਿਲੀ ਹੈ। ਪੁਲਿਸ ਲਗਾਤਾਰ ਇਸ ਤਰ੍ਹਾਂ ਦੇ ਕੰਬੀਨੇਸ਼ਨ ਅਤੇ ਇੰਜੈਕਸ਼ੰਸ ਨੂੰ ਬਰਾਮਦ ਕਰ ਰਹੀ ਹੈ।

# 8 ਜਣਿਆਂ ਵੱਲੋਂ ਬਲਾਤਕਾਰ ਦਾ ਸ਼ਿਕਾਰ ਹੋਈ ਗਰਭਵਤੀ ਬੱਕਰੀ ਨੇ ਤੋੜਿਆ ਦਮ

## ਗੈਰ-ਕੁਦਰਤੀ ਸੈਕਸ ਕਰਨ ਵਾਲੇ ਦਰਿੰਦੇ ਪੁਲਿਸ ਵੱਲੋਂ ਗ੍ਰਿਫਤਾਰ

ਪੱਤਰ ਪ੍ਰੇਰਕ, ਗੁਰੂਗ੍ਰਾਮ-(ਪੱਤਰ ਪ੍ਰੇਰਕ) ਹਰਿਆਣਾ ਦੇ ਮੇਵਾਤ ਜ਼ਿਲ੍ਹੇ ਦੇ ਇੱਕ ਪਿੰਡ ਮਰੋਦਾ ਦੇ 8 ਵਿਅਕਤੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ 'ਤੇ ਬੁੱਧਵਾਰ ਦੀ ਰਾਤ ਨੂੰ ਬੱਕਰੀ ਨਾਲ ਬਲਾਤਕਾਰ ਕਰਨ ਦਾ ਦੋਸ਼ ਹੈ। ਸੱਤ ਸਾਲਾਂ ਦੀ ਬੱਕਰੀ ਗਰਭਵਤੀ ਸੀ ਤੇ ਇਸ ਘਟਨਾ ਤੋਂ ਬਾਅਦ ਉਹ ਦਮ ਤੋੜ ਗਈ। ਪੁਲਿਸ ਅਨੁਸਾਰ ਮੁਲਜ਼ਮ ਸਥਾਨਕ ਨਿਵਾਸੀ ਹਨ ਤੇ ਉਨ੍ਹਾਂ ਦਾ ਪਹਿਲਾਂ ਵੀ ਪੁਲਿਸ ਰਿਕਾਰਡ ਹੈ। ਗੁਰੂਗ੍ਰਾਮ ਤੋਂ 73 **ਕਿਲੋਮੀਟਰ ਦੂਰ ਪਿੰਡ ਮਰੋਦਾ ਦੇ ਨਿਵਾਸੀਆਂ ਨੇ ਤਿੰਨ



ਮੁਲਜ਼ਮਾਂ ਨੂੰ ਕੁੱਟ-ਕੁੱਟ ਕੇ ਅਧਮੋਇਆ ਕਰ ਦਿੱਤਾ। ਬੱਕਰੀ ਦੇ ਮਾਲਕ ਅਸਲਪ ਖ਼ਾਨ ਨੇ ਉਨ੍ਹਾਂ ਨੂੰ ਇਹ ਕੁਕਰਮ ਕਰਦਿਆਂ ਵੇਖ ਲਿਆ ਸੀ। ਨੂਹ ਜ਼ਿਲ੍ਹੇ 'ਚ ਨਗੀਨਾ ਥਾਣੇ ਦੀ ਪੁਲਿਸ ਨੇ ਧਾਰਾ 377 ਅਧੀਨ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਨੇ ਹਾਲੇ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ। ਅਧਿਕਾਰੀਆਂ ਅਨੁਸਾਰ ਹਾਲੇ ਕੁਝ ਹੋਰ ਚਸ਼ਮਦੀਦ ਗਵਾਹਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਤੇ ਸਾਰੇ ਵੇਰਵੇ ਲੈਣ ਤੋਂ ਬਾਅਦ ਹੀ ਕੋਈ ਗ੍ਰਿਫ਼ਤਾਰੀ ਹੋਵੇਗੀ। ਬੱਕਰੀ ਦੇ ਟਰੱਕ ਡਰਾਇਵਰ ਮਾਲਕ ਅਸਲਪ ਖ਼ਾਨ (27) ਨੇ ਦੱਸਿਆ ਕਿ ਰਾਤ ਦੇ 11 ਕੁ ਵਜੇ ਦਾ ਸਮਾਂ ਸੀ, ਜਦੋਂ ਕੁਝ ਰੌਲ਼ਾ ਜਿਹਾ ਪੈਂਦਾ ਸੁਣਿਆ ਤੇ ਬਾਹਰ ਨਿੱਕਲ ਕੇ ਵੇਖਿਆ ਸ਼ੈੱਡ ਦਾ ਗੇਟ ਖੁੱਲ੍ਹਾ ਸੀ। 'ਮੈਂ ਡਰ ਗਿਆ ਤੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿਉਂਕਿ ਪਹਿਲਾਂ ਮੇਰੀਆਂ ਚਾਰ ਬੱਕਰੀਆਂ ਚੋਰੀ ਹੋ ਗਈਆਂ ਸਨ। ਬੱਸ ਇੱਕ ਇਹੋ ਬੱਕਰੀ ਬਚੀ ਸੀ। ਜਦੋਂ ਅੱਗੇ ਵਧ ਕੇ ਵੇਖਿਆ ਕਿ ਕੁਝ ਵਿਅਕਤੀ ਹਨੇਰੇ'ਚ ਮੇਰੀ ਬੱਕਰੀ ਨਾਲ ਮੂੰਹ ਕਾਲ਼ਾ ਕਰਨ ਲੱਗੇ ਹੋਏ ਸਨ।' ਅਸਲਪ ਖ਼ਾਨ ਨੇ ਦੱਸਿਆ ਕਿ ਉਨ੍ਹਾਂ ਨੇ ਤੇ ਪਿੰਡ ਦੇ ਕੁਝ ਹੋਰ ਵਾਸੀਆਂ ਨੇ ਮੁਲਜ਼ਮਾਂ ਨੂੰ ਫੜ ਕੇ ਕੁੱਟਿਆ ਪਰ ਬਾਅਦ 'ਚ ਉਨ੍ਹਾਂ ਨੂੰ ਛੱਡਣਾ ਪਿਆ ਕਿਉਂਕਿ ਉਹ ਸਾਰੇ ਨਸ਼ੇ ਦੀ ਹਾਲਤ ਵਿੱਚ ਸਨ। ਮੌਕੇ 'ਤੇ ਫੜੇ ਗਏ ਤਿੰਨ ਜਣਿਆਂ ਨੇ ਦੱਸਿਆ ਕਿ ਪੰਜ ਜਣੇ ਹੋਰ ਵੀ ਪਹਿਲਾਂ ਬੱਕਰੀ ਨਾਲ ਗ਼ਲਤ ਕੰਮ ਕਰ ਚੁੱਕੇ ਸਨ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮਾਂ 'ਚੋਂ ਤਿੰਨ ਜਣਿਆਂ ਦਾ ਪਹਿਲਾਂ ਵੀ ਅਪਰਾਧਕ ਰਿਕਾਰਡ ਹੈ। ਅਸਲਪ ਖ਼ਾਨ ਨੇ ਦੱਸਿਆ ਕਿ ਉਸ ਘਟਨਾ ਤੋਂ ਬਾਅਦ ਬੱਕਰੀ ਜ਼ਖ਼ਮੀ ਹੋ ਗਈ ਸੀ ਤੇ ਉਹ ਚੱਲਣੋਂ ਵੀ ਅਸਮਰੱਥ ਹੋ ਗਈ ਸੀ। ਫਿਰ ਉਸ ਦੀ ਹਾਲਤ ਵਿਗੜਦੀ ਚਲੀ ਗਈ ਤੇ ਅਗਲੀ ਸ਼ਾਮ ਛੇ ਵਜੇ ਦਮ ਤੋੜ ਗਈ। ਪਸ਼ੂ ਪਾਲਣ ਵਿਭਾਗ ਦੇ ਵੈਟਰਨਰੀ ਸਰਜਨ ਡਾ. ਰਾਮਵੀਰ ਭਾਰਦਵਾਜ ਨੇ ਦੱਸਿਆ ਕਿ ਬੱਕਰੀ ਦੇ ਦਿਮਾਗ਼ ਦੀ ਨਸ ਫਟ ਗਈ ਸੀ ਤੇ ਉਹ 50 ਹਫ਼ਤਿਆਂ ਦੀ ਗਰਭਵਤੀ ਸੀ। ਪੋਸਟ-ਮਾਰਟਮ ਨਿਰੀਖਣ ਦੌਰਾਨ ਪਤਾ ਲੱਗਾ ਕਿ ਉਸ ਦੀ ਸਾਹ ਦੀ ਨਾਲ਼ੀ ਵਿੱਚ ਖ਼ੂਨ ਸੀ। ਉਸ ਦੇ ਗੁਪਤ ਅੰਗ ਦੇ ਸੈਂਪਲ ਲੈ ਕੇ ਫ਼ਾਰੈਂਸਿਕ ਸਾਇੰਸ ਲੈਬ 'ਚ ਭੇਜੇ ਗਏ ਹਨ।

# ਜੀ. ਐਚ. ਸੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ ਅੰਤਰ ਰਾਸ਼ਟਰੀ ਯੁਵਕ ਮੇਲਾ ਫਰਿਜ਼ਨੋ ਵਿਚ ਕਰਵਾਇਆ




ਕੈਲੀਫੋਰਨੀਆਂ (ਹੁਸਨ ਲੜੋਆ ਬੰਗਾ) : ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ ਦਸਵਾਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਫਰਿਜ਼ਨੋ ਦੇ ਸੈਂਟਰਲ ਹਾਈ ਸਕੂਲ 'ਚ ਕਰਵਾਇਆ ਗਿਆ। ਇਸ ਤੋਂ ਪਹਿਲਾ ਅਕੈਡਮੀ ਵੱਲੋਂ ਦੋ ਹਫਤੇ ਦੇ ਕੈਂਪ ਵਿੱਚ 600 ਤੋਂ ਵਧੀਕ ਬੱਚਿਆ ਨੂੰ ਮੁਫਤ ਗਿੱਧੇ ਅਤੇ ਭੰਗੜੇ ਦੀ ਸਿਖਲਾਈ ਮਾਹਰ ਕੋਚਾਂ ਦੁਆਰਾਂ ਸਿਖਲਾਈ ਦਿੱਤੀ ਗਈ। ਜਿੱਥੇ ਬੱਚਿਆ ਨੇ ਦੋ ਹਫ਼ਤੇ ਘਰ ਦੀ ਚਾਰ ਦਿਵਾਰੀ ਅਤੇ ਵੀਡੀਉ ਗੇਮਾਂ ਵਰਗੇ ਇਲੈਕਟਰੋਨਿਕਸ ਰੁਝੇਵੇ 'ਚੋ ਬਾਹਰ ਨਿਕਲ ਆਪਣੇ ਸੱਭਿਆਚਾਰਕ ਗਿਧੇ ਅਤੇ ਭੰਗੜੇ ਨੂੰ ਸਿੱਖਿਆ, ਉੱਥੇ ਉਨ੍ਹਾਂ ਦੇ ਮਾਪਿਆ ਨੇ ਵੀ ਇਸ ਸੁਭ ਕਾਰਜ਼ ਲਈ ਭਾਰੀ ਉਤਸ਼ਾਹ ਦਿਖਾਇਆ। ਕੈਂਪ ਦੇ ਆਖਰੀ ਦਿਨ ਆਪਣੇ ਇਸੇ ਸਿਖਿਅਤ ਬੱਚਿਆ ਦੀਆਂ ਗਿੱਧੇ ਅਤੇ ਭੰਗੜੇ ਦੀਆਂ 27 ਟੀਮਾਂ ਨੇ ਆਪਣੀ ਕਲਾ ਦਾ ਸਟੇਜ਼ ਤੋਂ ਖ਼ੂਬਸੂਰਤ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਲੜਕੀਆਂ ਦੁਆਰਾਂ ਆਪ ਬੋਲੀਆਂ ਪਾ ਪਰੰਪਰਾਗਤ ਗਿੱਧਾ ਟੀਮ 'ਧੀਆਂ ਪੰਜਾਬ ਦੀਆਂ' ਦੀ ਖਾਸ ਪੇਸ਼ਕਸ਼ ਸੁਲਾਹੁਣਯੋਗ ਸੀ। ਤਰਨਜੀਤ ਕਲੇਰ ਦੁਆਰਾ ਤਿਆਰ 'ਮਾਂਵਾਂ ਦਾ ਗਿੱਧਾ' ਦੇ ਇਕ ਗਰੁੱਪ ਅਤੇ ਫਰਿਜ਼ਨੋ ਦੇ ਬਾਬਿਆਂ ਨੇ ਨੌਜਵਾਨਾਂ ਨਾਲ ਰਲ ਪਾਏ 'ਮਲਵਈ ਗਿੱਧੇ' ਨੇ ਸਟੇਜ਼ 'ਤੇ ਖੂਬ ਮੰਨੋਰੰਜਨ ਕੀਤਾ।


ਅੰਤਰ-ਰਾਸ਼ਟਰੀ ਮੁਕਾਬਲੇ ਵਿੱਚ 'ਸ਼ਾਨੇ ਪੰਜਾਬ' ਗੋਲਡਨ ਬੁਆਏ ਸਰੀ, ਕਨੇਡਾ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਦੂਜੇ ਸਥਾਨ ਵਿੱਚ 'ਚੜਦੀ ਜਵਾਨੀ' ਫਰਿਜ਼ਨੋ, ਕੈਲੀਫੋਰਨੀਆਂ ਅਤੇ 'ਪੰਜਾਬੀ ਫੋਕ ਡਾਂਸ਼ ਅਕੈਡਮੀ' ਐਡਮੈਨਟਨ, ਕਨੇਡਾ ਦੀਆਂ ਟੀਮਾਂ ਦੇ ਨਾਂ ਸਾਮਲ ਹਨ। ਤੀਸਰੇ ਇਨਾਮ ਦੀ ਜੇਤੂ ਟੀਮ 'ਭੰਗੜਾ ਐਵਨਿਊ' ਸਰੀ, ਕਨੇਡਾ ਰਹੀ। ਇਹ ਤਿਨੋ ਅੰਤਰ-ਰਾਸ਼ਟਰੀ ਪੱਧਰ ਦੇ ਇਨਾਮ ਸੁਖਦੇਵ ਸਿੰਘ 'ਸ਼ਾਨੇ ਪੰਜਾਬ', ਗੁਰਦੇਵ ਸਿੰਘ 'ਇੰਡੀਅਨ ਅਵਨ ਰੈਸਟੋਰੈਂਟ' ਅਤੇ ਜਗਦੀਪ ਸਿੰਘ ਇੰਨਸੋਰੈਸ਼ ਏਜੰਸੀ' ਵੱਲੋਂ ਸਪਾਸਰ ਸਨ। ਜਦ ਕਿ ਬਾਕੀ ਮੁੱਖ ਸਪਾਸਰਾ ਵਿੱਚ ਚਰਨਜੀਤ ਬਾਠ, ਗਿੱਲ ਇਨਸੋਰੈਸ਼ ਏਜੰਸੀ ਕਰੰਦਰਜ਼ ਦੇ ਅਵਤਾਰ ਗਿੱਲ ਅਤੇ ਹੈਰੀ ਗਿੱਲ, ਜਸਪ੍ਰੀਤ ਸਿੰਘ ਵਕੀਲ, ਸੰਨੀ ਸਿੰਘ 'ਆਲ ਇਨਸੋਰੈਸ ਏਜੰਸੀ, ਲਖਵੀਰ ਸਿੰਘ ਮੱਲੀ, ਇਕਸਪੋ ਪਾਰਟੀ ਰੈਂਟਲ ਅਤੇ ਡਾ. ਅਜੀਤ ਸਿੰਘ ਖਹਿਰਾ ਦੇ ਨਾਂ ਸਾਮਲ ਹਨ। ਸਭ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਟਰਾਫੀਆਂ ਦੇ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਅੰਤਰ-ਰਾਸਟਰੀ ਪੱਧਰ ਸਮੇਂ ਮੁਕਾਬਲੇ ਵਿੱਚ ਜੇਤੂਆਂ ਨੂੰ ਯਾਦਗਾਰੀ ਟਰਾਫੀਆਂ ਅਤੇ ਇਨਾਮ ਦਿੱਤੇ ਗਏ। ਪ੍ਰੋਗਰਾਮ ਦੌਰਾਨ ਸੰਸਥਾ ਵੱਲੋਂ ਬਹੁਤ ਸਾਰੇ ਪੱਤਵੰਤੇ ਸੱਜਣਾਂ ਅਤੇ ਸਹਿਯੋਗੀਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।


ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਅੰਤਰ-ਰਾਸ਼ਟਰੀ ਸਟੇਜ਼ਾ ਦੀ ਬੀਬੀ ਆਸ਼ਾ ਸ਼ਰਮਾਂ ਅਤੇ ਗੁਰਦੀਪ ਸ਼ੇਰਗਿੱਲ ਨੇ ਬਾਖ਼ੂਬੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਕਾਮਯਾਬੀ ਲਈ ਪਰਮਜੀਤ ਧਾਲੀਵਾਲ, ਉਦੈਦੀਪ ਸਿਧੂ ਅਤੇ ਜੀ.ਐਚ.ਜੀ. ਅਕੈਡਮੀ ਦੇ ਸਮੂੰਹ ਵਧਾਈ ਦੇ ਪਾਤਰ ਹਨ।

ਯਾਦ ਰਹੇ ਕਿ ਇਹ ਕੈਂਪ ਹਰ ਸਾਲ ਜੁਲਾਈ ਦੇ ਮਹੀਨੇ ਸਕੂਲ ਤੋਂ ਛੁੱਟੀਆਂ ਦੌਰਾਨ ਲਗਾਇਆ ਜਾਂਦਾ ਹੈ। ਇਸ ਸਮੁੱਚੇ ਕਾਰਜ ਤੋਂ ਸਾਰੇ ਲੋਕ ਬਹੁਤ ਖੁਸ਼ ਸਨ। ਅੱਜ ਦੇ ਸਮੇਂ ਦੀ ਇਹ ਲੋੜ ਵੀ ਹੈ ਕਿ ਅਜਿਹੇ ਪ੍ਰੋਗਰਾਮ ਹੀ ਪੰਜਾਬੀ ਸੱਭਿਆਚਾਰ ਅਤੇ ਬੋਲੀ ਨੂੰ ਆਉਣ ਵਾਲੀਆ ਪੀੜੀਆਂ ਤੱਕ ਚੱਲਦੇ ਰੱਖਣ ਵਿੱਚ ਬਹੁਤ ਸਹਾਇਕ ਹੋਣਗੇ।

# ਭਾਰਤੀ ਅਮਰੀਕੀ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ 20 ਸਾਲ ਦੀ ਸਜ਼ਾ







ਕਨੈਕਟੀਕਟ (ਹੁਸਨ ਲੜੋਆ ਬੰਗਾ) - ਇਥੋਂ ਦੇ ਨਿਊ ਹੈਵਨ ਸਟੋਰ ਵਿਚ ਕਲਰਕ ਵਜੋਂ ਕੰਮ ਕਰਦੇ ਭਾਰਤੀ ਅਮਰੀਕੀ ਦੀ 2015 ਵਿਚ ਹੋਈ ਹੱਤਿਆ ਦੇ ਦੋਸ਼ ਵਿਚ ਇਕ ਵਿਅਕਤੀ ਨੂੰ 20 ਸਾਲ ਦੀ ਸਜ਼ਾ ਸੁਣਾਈ ਗਈ ਹੈ। ਲੀਟਨ ਵੈਡਰਬਰਗ ਨਾਂਅ ਦਾ ਉਕਤ ਦੋਸ਼ੀ ਆਪਣੇ ਅੰਗਰੱਖਿਅਕਾਂ ਨਾਲ ਫੋਰਬਸ ਐਵੇਨਿਊ ਸਟੋਰ ਵਿਚ ਗਿਆ ਸੀ ਜਿੱਥੇ ਉਸ ਦੇ ਅੰਗਰੱਖਿਅਕਾਂ ਜਮਾਲ ਸੈਮਲਰ ਅਤੇ ਡਵੇਨ ਸੇਲਸ ਨੇ ਚੋਰੀ ਕਰਨ ਦੀ ਨੀਅਤ ਨਾਲ ਭਾਰਤੀ ਅਮਰੀਕੀ ਸੰਜੇ ਪਟੇਲ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਬੀਤੇ ਦਿਨੀਂ ਸੁਣਵਾਈ ਦੌਰਾਨ ਵੈਡਰਬਰਗ ਨੇ ਮ੍ਰਿਤਕ ਦੀ ਪਤਨੀ ਤੋਂ ਮੁਆਫੀ ਵੀ ਮੰਗੀ ਸੀ। 25 ਸਾਲਾ ਵੈਡਰਬਰਗ ਪਹਿਲਾਂ ਲਈ 40 ਸਾਲ ਦੀ ਜੇਲ੍ਹ ਦੀ ਸਜ਼ਾ ਕੱਟ ਰਿਹਾ ਹੈ ਜੋ ਉਸ ਨੂੰ ਗਰੋਸਰੀ ਵਿਚ ਕੰਮ ਕਰਦੇ ਜੋਸ ਸਲਗਾਡ ਨਾਂਅ ਦੇ ਵਿਅਕਤੀ ਦੇ ਕਤਲ ਲਈ ਮਿਲੀ ਹੈ। ਇਹ ਕਤਲ ਪਟੇਲ ਦੀ ਹੱਤਿਆ ਤੋਂ ਪੰਜ ਦਿਨ ਬਾਅਦ ਕੀਤਾ ਗਿਆ ਸੀ। 39 ਸਾਲਾ ਪਟੇਲ ਸਟੋਰ ਦੇ ਕਾਊਂਟਰ 'ਤੇ ਕੰਮ ਕਰਦਾ ਸੀ ਜਦੋਂ 6 ਅਪ੍ਰੈਲ 2015 ਨੂੰ ਦੋਵੇਂ ਅੰਗਰਖਿਅਕ ਉਸ ਦੇ ਕੋਲ ਆਏ ਅਤੇ ਉਸ 'ਤੇ ਬੰਦੂਕ ਤਾਣ ਕੇ ਜਲਦ ਹੀ ਮੌਤ ਦੇ ਘਾਟ ਉਤਾਰ ਦਿੱਤਾ ਤੇ ਪਟੇਲ ਇਕ ਸਟੂਲ ਨਾਲ ਆਪਣੇ ਆਪ ਦਾ ਬਚਾਅ ਕਰ ਰਿਹਾ ਸੀ। ਵੋਡਰਬਰਗ ਇਸ ਘਟਨਾ ਦਾ ਮੁੱਖ ਗਵਾਹ ਸੀ ਤੇ ਉਸਨੇ ਹਲਫੀਆ ਬਿਆਨ ਦਿੱਤਾ ਕਿ ਉਹ ਖੁਦ ਉਨ੍ਹਾਂ ਨੂੰ ਉਸ ਸਟੋਰ 'ਤੇ ਲੈਕੇ ਗਿਆ ਸੀ। ਇਸ ਮਾਮਲੇ ਵਿਚ ਸਜ਼ਾ ਸੁਣਾਉਂਦੇ ਹੋਏ ਸੁਪਰੀਮ ਕੋਰਟ ਦੇ ਜੱਜ ਪੈਟਰਿਕ ਜੇ ਕਲਿਫੋਰਡ ਨੇ ਕਿਹਾ ਕਿ, ਕਿਉਂਕਿ ਵੋਡਰਬਰਗ ਨੇ ਇਸ ਮਾਮਲੇ ਵਿਚ ਅਦਾਲਤ ਦਾ ਸਾਥ ਦਿੱਤਾ ਹੈ, ਇਸ ਲਈ ਇਸ ਦੀ ਇਹ ਸਜ਼ਾ ਪਿਛਲੀ 40 ਸਾਲ ਵਾਲੀ ਸਜ਼ਾ ਦੇ ਨਾਲ ਹੀ ਚੱਲੇਗੀ।

ਦੱਸਣਯੋਗ ਹੈ ਕਿ ਪਟੇਲ ਦੀ ਪਤਨੀ ਗਰਭਵਤੀ ਸੀ ਜਦੋਂ ਉਸ ਦੀ ਹੱਤਿਆ ਹੋਈ ਤੇ ਉਸ ਦੀ ਪਤਨੀ ਨੇ ਦੱਸਿਆ ਕਿ, ਪਟੇਲ ਇਨੇ ਨੇਕ ਦਿਲ ਇਨਸਾਨ ਸਨ ਕਿ ਉਹ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸੀ। ਜਦੋਂ ਕੋਈ ਬੱਚਾ ਉਨ੍ਹਾਂ ਦੇ ਸਟੋਰ 'ਤੇ ਆਉਂਦਾ ਸੀ ਤਾਂ ਉਹ ਉਨ੍ਹਾਂ ਨੂੰ ਮੁਫਤ ਵਿਚ ਹੀ ਕੈਂਡੀ ਵਗੈਰਾ ਦੇ ਦਿੰਦਾ ਸੀ, ਪਰ ਉਸ ਨੂੰ ਆਪਣੇ ਬੱਚੇ ਦਾ ਮੂੰਹ ਵੇਖਣਾ ਨਸੀਬ ਨਾ ਹੋਇਆ। ਉਸ ਨੇ ਕਿਹਾ ਕਿ, ਹੁਣ ਮੇਰੇ ਸਾਰੇ ਸਪਨੇ ਚਕਨਾਚੂਰ ਹੋ ਗਏ ਹਨ।

# ਕੈਲੀਫੋਰਨੀਆ : ਜੰਗਲਾਂ 'ਚ ਲੱਗੀ ਅੱਗ ਨੇ ਧਾਰਿਆ ਭਿਆਨਕ ਰੂਪ, 6 ਲੋਕ ਮਰੇ

ਰੇਡਿੰਗ,ਕੈਲੀਫੋਰਨੀਆ (ਪੱਤਰ ਪ੍ਰੇਰਕ) — ਅਮਰੀਕਾ ਦੇ ਉੱਤਰੀ ਕੈਲੀਫੋਰਨੀਆ ਦੇ ਜੰਗਲਾਂ ਵਿਚ ਲੱਗੀ ਅੱਗ ਲੋਕਾਂ ਲਈ ਵੱਡੀ ਪਰੇਸ਼ਾਨੀ ਬਣੀ ਹੋਈ ਹੈ। ਇਸ ਅੱਗ ਦੀ ਲਪੇਟ 'ਚ ਆ ਕੇ ਇਕ ਬਜ਼ੁਰਗ ਔਰਤ ਅਤੇ 2 ਬੱਚਿਆਂ ਸਮੇਤ 6 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਘੱਟੋ-ਘੱਟ 7 ਲਾਪਤਾ ਹਨ। ਸ਼ਾਸਤਾ ਕਾਊਂਟੀ ਦੇ ਸ਼ੈਰਿਫ ਟੌਮ ਬੋਸੇਂਕੋ ਨੇ ਐਤਵਾਰ ਨੂੰ ਇੱਥੇ ਇਕ ਪੱਤਰਕਾਰ ਸੰਮੇਲਨ ਵਿਚ ਕਿਹਾ ਕਿ ਅੱਗ ਦੀ ਲਪੇਟ 'ਚ ਆ ਕੇ 2 ਫਾਇਰ ਕਰਮਚਾਰੀਆਂ ਸਮੇਤ 6 ਲੋਕ ਮਾਰੇ ਗਏ। ਉਨ੍ਹਾਂ ਨੇ ਦੱਸਿਆ ਕਿ ਪ੍ਰਸ਼ਾਸਨ ਨੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦੇ ਨਿਰਦੇਸ਼ ਦਿੱਤੇ ਹਨ ਅਤੇ ਉਨ੍ਹਾਂ ਨੂੰ ਕੱਢਣ ਲਈ ਕੋਸ਼ਿਸ਼ਾਂ ਵੀ ਤੇਜ਼ ਕਰ ਦਿੱਤੀਆਂ ਹਨ। ਇਸ ਅੱਗਨੀਕਾਂਡ ਵਿਚ 16 ਲੋਕ ਲਾਪਤਾ ਹੋ ਗਏ ਸਨ, ਜਿਸ 'ਚੋਂ 9 ਨੂੰ ਲੱਭ ਲਿਆ ਗਿਆ ਹੈ ਅਤੇ ਬਾਕੀ ਬਚੇ 7 ਲੋਕਾਂ ਦੀ ਭਾਲ ਜਾਰੀ ਹੈ।

ਭਿਆਨਕ ਅੱਗ ਦੀ ਵਜ੍ਹਾ ਨਾਲ ਲੱਗਭਗ 38,000 ਲੋਕਾਂ ਨੂੰ ਆਪਣੇ ਘਰ-ਬਾਰ ਛੱਡਣੇ ਪਏ ਹਨ। ਫਾਇਰ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਸ਼ਾਸਤਾ ਕਾਊਂਟੀ ਵਿਚ ਤੇਜ਼ ਹਵਾਵਾਂ ਅਤੇ ਅੱਗ ਕਾਰਨ ਦਰੱਖਤ ਉੱਖੜ ਗਏ ਹਨ ਅਤੇ ਕਈ ਕਾਰਾਂ ਪਲਟ ਗਈਆਂ ਹਨ। ਅੱਗ ਕਾਰਨ 500 ਤੋਂ ਵਧ ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ ਅਤੇ ਹਜ਼ਾਰਾਂ ਘਰਾਂ ਦੇ ਰਾਖ ਵਿਚ ਬਦਲਣ ਦਾ ਖਤਰਾ ਬਣਿਆ ਹੋਇਆ ਹੈ। ਦੱਸਣਯੋਗ ਹੈ ਕਿ ਜੰਗਲਾਂ ਵਿਚ ਅੱਗ ਲੱਗਣ ਦੀ ਇਹ ਘਟਨਾ ਬੀਤੇ ਸੋਮਵਾਰ ਨੂੰ ਇਕ ਕਾਰ ਵਿਚ ਆਈ ਖਰਾਬੀ ਦੀ ਵਜ੍ਹਾ ਨਾਲ ਵਾਪਰੀ। ਦੇਖਦੇ ਹੀ ਦੇਖਦੇ ਇਸ ਅੱਗ ਨੇ 89,194 ਏਕੜ ਇਲਾਕੇ ਨੂੰ ਆਪਣੀ ਲਪੇਟ ਵਿਚ ਲੈ ਲਿਆ। ਰੇਡਿੰਗ ਵਾਸੀ ਅਮਾਂਡਾ ਨੇ ਦੱਸਿਆ ਕਿ ਅੱਗ ਕਾਰਨ ਉਨ੍ਹਾਂ ਦੀ ਦਾਦੀ ਦੀ ਮੌਤ ਹੋ ਗਈ। ਉਨ੍ਹਾਂ ਤੋਂ ਇਲਾਵਾ 5 ਅਤੇ 4 ਸਾਲ ਦੇ ਦੋ ਬੱਚਿਆਂ ਦੀ ਮੌਤ ਹੋ ਗਈ। ਉਨ੍ਹਾਂ ਨੇ ਦੱਸਿਆ ਕਿ ਦਾਦੀ ਆਖਰੀ ਸਮੇਂ ਤਕ ਬੱਚਿਆਂ ਨੂੰ ਬਚਾਉਣ ਲਈ ਸੰਘਰਸ਼ ਕਰਦੀ ਰਹੀ। ਓਧਰ ਫਾਇਰ ਵਿਭਾਗ ਦੇ ਸੈਂਕੜੇ ਕਰਮਚਾਰੀ ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਵਿਚ ਜੁੱਟੇ ਹੋਏ ਹਨ ਪਰ ਅਜੇ ਤਕ ਬਹੁਤ ਘੱਟ ਹਿੱਸੇ ਵਿਚ ਲੱਗੀ ਅੱਗ 'ਤੇ ਕਾਬੂ ਪਾਇਆ ਜਾ ਸਕਿਆ ਹੈ।

### ਕੈਦੀਆਂ ਦੀ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਦਾਸਤਾਨ

# ਅਮਰੀਕੀ ਜੇਲ੍ਹ 'ਚ ਭਾਰਤੀ ਕੈਦੀਆਂ ਨੂੰ ਖਾਣ ਲਈ ਮਿਲ ਰਿਹੈ ਗਊ ਤੇ ਸੂਰ ਦਾ ਮਾਸ

## ਸਿੱਖਾਂ ਨੂੰ ਨਹੀਂ ਬੰਨ੍ਹਣ ਦਿੱਤੀ ਜਾਂਦੀ ਦਸਤਾਰ, ਸਭ ਦੇ ਸਾਹਮਣੇ ਨੰਗਾ ਕਰਕੇ ਲਈ ਜਾਂਦੀ ਹੈ ਤਲਾਸ਼ੀ

ਸਾਨ ਫ਼ਰਾਂਸਿਸਕੋ, (ਪੱਤਰ ਪ੍ਰੇਰਕ) : ਅਮਰੀਕੀ ਸੂਬੇ ਓਰੇਗੌਨ ਦੀ ਸ਼ੈਰਿਡਾਨ ਜੇਲ੍ਹ ਵਿੱਚ ਬੰਦ ਭਾਰਤੀ, ਖ਼ਾਸ ਕਰ ਕੇ ਪੰਜਾਬੀ ਕੈਦੀਆਂ ਨੇ ਆਪਣੀ ਦੁੱਖ ਭਰੀ ਦਾਸਤਾਨ ਸੁਣਾਈ ਹੈ। ਇਹ ਸਾਰਾ ਉਸ ਪਟੀਸ਼ਨ ਵਿੱਚ ਦਰਜ ਹੈ, ਜਿਹੜੀ ਅਮਰੀਕਾ ਦੀ ਇੱਕ ਜ਼ਿਲ੍ਹਾ ਅਦਾਲਤ 'ਚ ਕੇਂਦਰੀ ਪਬਲਿਕ ਡਿਫ਼ੈਂਡਰ ਲੀਜ਼ਾ ਹੇਅ ਵੱਲੋਂ ਪੇਸ਼ ਹੋਈ ਹੈ। ਇਹ ਸਾਰੇ ਕੈਦੀ ਇਮੀਗ੍ਰੇਸ਼ਨ ਐਂਡ ਕਸਟਮ ਇਨਫ਼ੋਰਸਮੈਂਟ ਦੇ ਅਧਿਕਾਰੀਆਂ ਨੇ ਗ੍ਰਿਫ਼ਤਾਰ ਕੀਤੇ ਹਨ। ਇਹ ਸਾਰੇ ਸ਼ਰਨਾਰਥੀ ਵਜੋਂ ਪਨਾਹ ਲੈਣ ਲਈ ਅਮਰੀਕਾ ਆਏ ਸਨ। ਇਨ੍ਹਾਂ 'ਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖ਼ਲ ਹੋਣ ਦੇ ਦੋਸ਼ ਹਨ।

ਇਸ ਪਟੀਸ਼ਨ ਵਿੱਚ ਦਰਜ ਕੁਝ ਕੈਦੀਆਂ ਦੇ ਬਿਆਨ ਇਸ ਤਰ੍ਹਾਂ ਹਨ:

**ਪਰਿਵਾਰ ਨਾਲ ਕੋਈ ਗੱਲਬਾਤ ਨਹੀਂ ਕਰਨ ਦਿੱਤੀ ਜਾਂਦੀ**

ਇੱਕ ਕੈਦੀ ਦਾ ਬਿਆਨ ਹੈ: 'ਮੈਂ ਜਦੋਂ ਦਾ ਇੱਥੇ ਆਇਆ ਹਾਂ, ਮੈਂ ਆਪਣੀ ਪਤਨੀ ਨਾਲ ਕੋਈ ਗੱਲਬਾਤ ਨਹੀਂ ਕਰ ਸਕਿਆ। ਇੱਕ ਮਹੀਨੇ ਤੋਂ ਉੱਪਰ ਸਮਾਂ ਬੀਤ ਗਿਆ ਹੈ ਤੇ ਮੇਰੇ ਪਰਿਵਾਰ ਨੂੰ ਮੇਰੀ ਫ਼ਿਕਰ ਲੱਗੀ ਹੋਈ ਹੋਵੇਗੀ। ਜਦੋਂ ਵੀ ਕਦੇ ਮੈਂ ਇਹ ਆਖਦਾ ਹਾਂ ਕਿ ਮੈਂ ਆਪਣੇ ਪਰਿਵਾਰ ਨਾਲ ਗੱਲ ਕਰਨੀ ਹੈ, ਤਾਂ ਅੱਗਿਓਂ ਇਹੋ ਜਵਾਬ ਮਿਲਦਾ ਹੈ ਕਿ ਤੂੰ ਆਪਣੇ ਪਰਿਵਾਰ ਨਾਲ ਗੱਲ ਨਹੀਂ ਕਰ ਸਕਦਾ।

**ਧਾਰਮਿਕ ਰੀਤਾਂ ਨਹੀਂ ਕਰਨ ਦਿੰਦੇ**

ਇੱਕ ਹੋਰ ਕੈਦੀ ਨੇ ਕਿਹਾ ਕਿ ਕਿਸੇ ਕੈਦੀ ਨੂੰ ਕੋਈ ਧਾਰਮਿਕ ਰੀਤ ਨਹੀਂ ਨਿਭਾਉਣ ਦਿੱਤੀ ਜਾਂਦੀ। 'ਜਦੋਂ ਵੀ ਕਦੇ ਅਸੀਂ ਖਾਣ ਬੈਠਦੇ ਹਾਂ, ਤਾਂ ਸਾਨੂੰ ਖਾਣਾ ਖ਼ਤਮ ਕਰਨ ਲਈ ਸਿਰਫ਼ 10 ਮਿੰਟ ਦਿੱਤੇ ਜਾਂਦੇ ਹਨ। ਸਾਨੂੰ ਕਦੇ ਸ਼ਾਕਾਹਾਰੀ ਭੋਜਨ ਨਹੀਂ ਮਿਲਿਆ। ਉਹ ਸਾਨੂੰ ਮਾਸ ਹੀ ਖਾਣ ਨੂੰ ਦਿੰਦੇ ਹਨ ਤੇ ਕਈ ਵਾਰ ਤਾਂ ਗਊ ਦਾ ਮਾਸ ਤੇ ਸੂਰ ਦਾ ਮਾਸ ਖਾਣ ਲਈ ਦਿੱਤਾ ਜਾਂਦਾ ਹੈ। ਅਸੀਂ ਉਹ ਨਹੀਂ ਖਾਂਦੇ ਤੇ ਭੁੱਖੇ ਹੀ ਰਹਿ ਜਾਂਦੇ ਹਾਂ।'

**ਮਾੜੇ ਹਾਲਾਤ 'ਚ ਰਹਿ ਰਹੇ ਕੈਦੀ**

**ਇੱਕ ਭਾਰਤੀ ਕੈਦੀ ਨੇ ਆਪਣੇ ਬਿਆਨ ਵਿੱਚ ਇਹ ਆਖਿਆ**

'ਸਾਡੇ ਨਾਲ ਇੱਕ ਸਿੱਖ ਸੀ, ਉਸ ਨੂੰ ਦਸਤਾਰ ਬੰਨ੍ਹਣ ਦੀ ਇਜਾਜ਼ਤ ਨਹੀਂ ਹੈ। ਜਦੋਂ ਅਸੀਂ ਇੱਥੇ ਆਏ ਸਾਂ, ਤਾਂ ਸਾਨੂੰ ਸਾਰਿਆਂ ਨੂੰ ਸਭ ਦੇ ਸਾਹਮਣੇ ਨੰਗੇ ਕਰ ਦਿੱਤਾ ਗਿਆ ਸੀ ਤੇ ਸਾਡੀ ਤਲਾਸ਼ੀ ਲਈ ਗਈ ਸੀ। ਅਸੀਂ ਇਨ੍ਹਾਂ ਸਾਰੀਆਂ ਗੱਲਾਂ ਕਾਰਨ ਮਾਨਸਿਕ ਤੌਰ 'ਤੇ ਪਰੇਸ਼ਾਨ ਹਾਂ। ਅਸੀਂ ਦੁਆ ਕਰਦੇ ਹਾਂ ਕਿ ਸਾਨੂੰ ਇੱਥੋਂ ਬਾਹਰ ਲਿਜਾਂਦਾ ਜਾਵੇ। ਅਸੀਂ ਇਸ ਲਈ ਤੁਹਾਡੇ ਧੰਨਵਾਦੀ ਹੋਵਾਂਗੇ। ਮੇਰੇ ਕਮਰੇ ਵਿੱਚ ਮੇਰੇ ਨਾਲ ਦੋ ਹੋਰ ਜਣੇ ਵੀ ਹਨ। ਅੰਦਰ ਪਖਾਨਾ ਵੀ ਹੈ ਤੇ ਸਾਨੂੰ ਇੱਥੇ ਬੰਦ ਕਰ ਕੇ ਬਾਹਰੋਂ ਜਿੰਦਰਾ ਲਾ ਦਿੱਤਾ ਜਾਂਦਾ ਹੈ।'

**ਕੈਦੀਆਂ ਨਾਲ ਹੁੰਦਾ ਗੈਂਗਸਟਰਾਂ ਵਰਗਾ ਵਿਵਹਾਰ**

ਕੈਦੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਬੱਸ ਵਿੱਚ ਬਿਠਾ ਕੇ ਸ਼ੈਰਿਡਾਨ ਲਿਆਂਦਾ ਗਿਆ ਸੀ ਤੇ ਸਾਡੇ ਹਥਕੜੀਆਂ ਲੱਗੀਆਂ ਹੋਈਆਂ ਸਨ ਤੇ ਪੈਰਾਂ 'ਚ ਬੇੜੀਆਂ ਸਨ। ਅਸੀਂ ਬੱਸ ਵਿੱਚ ਸਾਰੀ ਰਾਤ ਭੁੱਖੇ ਬੈਠੇ ਰਹੇ। ਸਾਨੂੰ ਲੱਗਿਆ ਜਿਵੇਂ ਅਸੀਂ ਦਹਿਸ਼ਤਗਰਦਾਂ ਦੀ ਕੈਦ ਵਿੱਚ ਹੋਈਏ ਤੇ ਸਾਨੂੰ ਅਗ਼ਵਾ ਕਰ ਲਿਆ ਗਿਆ ਹੋਵੇ।

ਇੱਕ ਹੋਰ ਕੈਦੀ ਨੇ ਕਿਹਾ ਕਿ ਉਨ੍ਹਾਂ ਸਭਨਾਂ ਨਾਲ ਗੈਂਗਸਟਰਾਂ ਵਰਗਾ ਵਿਵਹਾਰ ਹੋ ਰਿਹਾ ਹੈ, ਜਦ ਕਿ ਉਨ੍ਹਾਂ ਨੇ ਅਜਿਹਾ ਕੁਝ ਵੀ ਗ਼ਲਤ ਨਹੀਂ ਕੀਤਾ। ਕੈਦੀ ਪੁੱਛਦੇ ਹਨ ਕਿ ਆਖ਼ਰ ਉਨ੍ਹਾਂ ਨੂੰ ਸਭ ਦੇ ਸਾਹਮਣੇ ਨੰਗੇ ਕਿਉਂ ਕੀਤਾ ਜਾਂਦਾ ਹੈ। ਅਪਰਾਧੀਆਂ ਨਾਲ ਕਿਉਂ ਰੱਖਿਆ ਜਾਂਦਾ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

ਪਿਛਲੇ 13 ਸਾਲਾਂ ਤੋਂ
ਪੰਜਾਬੀ ਦੁਨੀਆ ਮੀਡੀਆ ਹਾਊਸ
ਦਿਲ ਦੀਆਂ ਗਹਿਰਾਈਆਂ ਵਿਚੋਂ ਦਿੱਤੇ
ਪਿਆਰ ਲਈ ਆਪ ਜੀ ਦਾ ਅਤਿ ਧੰਨਵਾਦੀ ਹੈ
ਕਿ ਥੋੜ੍ਹੇ ਜਿਹੇ ਸਮੇਂ ਵਿਚ ਹੀ ਤੁਸੀਂ
ਸਾਨੂੰ ਘਰ ਘਰ ਦੀ ਪਸੰਦ ਬਣਾ ਦਿੱਤਾ ਹੈ।
ਅਜਿਹੇ ਵਿਚ ਅਸੀਂ ਪਹਿਲਾਂ ਨਾਲੋਂ ਵੀ ਵਧੇਰੇ
ਮਿਹਨਤ ਨਾਲ ਕੰਮ ਕਰਨ ਲਈ ਵਚਨਬੱਧ ਹਾਂ
ਪਰ ਤੁਹਾਡੇ ਸਾਥ ਤੋਂ ਬਿਨਾ ਕੁਝ ਵੀ ਸੰਭਵ ਨਹੀਂ,
ਸੋ ਪੰਜਾਬੀ ਦੁਨੀਆ ਅਖ਼ਬਾਰ ਪੜ੍ਹਨ ਲਈ ਕਲਿੱਕ ਕਰੋ

**www.punjabiduniya.com**

Phone: 917 612 3158 TelFax : 516 342 1076


P.O Box 7005 Hicksville New York 11801

# 20 ਸਾਲ ਪਹਿਲਾਂ ਅਜਿਹੇ ਦਿਖਦੇ ਸਨ ਜੈਫ ਬੇਜ਼ੋਸ, ਹੁਣ ਹਨ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ




ਨਿਊਯਾਰਕ (ਪੱਤਰ ਪ੍ਰੇਰਕ) ਐਮੇਜ਼ਨ ਦੇ ਸੰਸਥਾਪਕ ਤੇ ਮੁੱਖ ਕਾਰਜਕਾਰੀ ਅਧਿਕਾਰੀ ਜੈਫ ਬੇਜ਼ੋਸ 10 ਲੱਖ ਕਰੋੜ ਦੀ ਕੁੱਲ ਜਾਇਦਾਦ ਦੇ ਨਾਲ ਆਧੁਨਿਕ ਇਤਿਹਾਸ ਦੇ ਸਭ ਤੋਂ ਅਮੀਰ ਵਿਅਕਤ ਬਣ ਗਏ ਹਨ। ਉਹ ਦੂਜੇ ਸਭ ਤੋਂ ਅਮੀਰ ਵਿਅਕਤੀ ਬਿੱਲ ਗੇਟਸ ਤੋਂ ਬਹੁਤ ਅੱਗੇ ਨਿਕਲ ਗਏ ਹਨ। ਇਸ ਤੋਂ ਪਹਿਲਾਂ ਫੋਬਸ ਨੇ ਵੀ ਵਿਸ਼ਵ ਦੇ ਅਰਬਪਤੀਆਂ ਦੀ ਸੂਚੀ 'ਚ ਉਨ੍ਹਾਂ ਨੂੰ ਚੋਟੀ 'ਤੇ ਰੱਖਿਆ ਸੀ। ਫੋਬਸ ਦੀ ਲਿਸਟ 'ਚ ਬੇਜ਼ੋਸ ਨੇ ਮਾਈਕ੍ਰੋਸਾਫਟ ਦੇ ਸੰਸਥਾਪਕ ਬਿੱਲ ਗੇਟਸ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕਰ ਲਿਆ ਹੈ।ਬੇਜ਼ੋਸ ਅਧਿਕਾਰਿਕ ਤੌਰ 'ਤੇ ਇਸ ਸਾਲ ਦੀ ਸ਼ੁਰੂਆਤ 'ਚ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਸਨ ਤੇ ਉਨ੍ਹਾਂ ਦੀ ਆਨਲਾਈਨ ਰਿਟੇਲਰ ਐਮੇਜ਼ਨ ਕੰਪਨੀ ਐਪਲ ਤੋਂ ਬਾਅਦ ਦੂਜੀ ਸਭ ਤੋਂ ਜ਼ਿਆਦਾ ਮੁਨਾਫਾ ਕਮਾਉਣ ਵਾਲੀ ਕੰਪਨੀ ਬਣ ਗਈ ਸੀ। ਪਰ ਜੇਕਰ ਇਤਿਹਾਸ ਦੇ ਪੰਨੇ ਪਲਟ ਕੇ ਦੇਖੇ ਜਾਣ ਤਾਂ ਕਰੀਬ 20 ਸਾਲ ਪਹਿਲਾਂ ਦੀ ਇਕ ਤਸਵੀਰ 'ਚ ਜੈਫ ਬੇਜ਼ੋਸ ਬਿਲਕੁੱਲ ਹੀ ਵੱਖਰੇ ਨਜ਼ਰ ਆਉਂਦੇ ਹਨ। ਸ਼ੁਰੂਆਤ ਵੀ ਕੁਝ ਇਸੇ ਤਰ੍ਹਾਂ ਹੀ ਹੋਈ ਸੀ। ਜੈਫ ਨੇ 1994 'ਚ ਆਪਣੇ ਗੈਰਾਜ 'ਚ ਐਮੇਜ਼ਾਨ ਡਾਟ ਕਾਮ ਦਾ ਕੰਮ ਸ਼ੁਰੂ ਕੀਤਾ ਸੀ।ਉਨ੍ਹਾਂ ਨੇ ਸ਼ੁਰੂਆਤ ਕਿਤਾਬਾਂ ਵੇਚਣ ਤੋਂ ਕੀਤੀ ਸੀ।

ਇਸੇ ਦੌਰਾਨ ਆਪਣੇ ਕੁਝ ਕਰਮਚਾਰੀਆਂ ਦੇ ਨਾਲ ਮਿਲ ਕੇ ਉਨ੍ਹਾਂ ਨੇ ਵੈੱਬਸਾਈਟ ਦਾ ਸਾਫਟਵੇਅਰ ਬਣਾਉਣਾ ਵੀ ਸ਼ੁਰੂ ਕੀਤਾ ਸੀ। ਜੈਫ ਨੇ 1995 'ਚ ਟੈਸਟ ਵੈੱਬਸਾਈਟ ਲਾਂਚ ਕੀਤੀ ਸੀ। ਕੁਝ ਦਿਨਾਂ 'ਚ ਇਹ ਹਿੱਟ ਹੋ ਗਿਆ ਤੇ ਪਹਿਲੇ ਕੁਝ ਦਿਨਾਂ 'ਚ ਉਨ੍ਹਾਂ ਨੇ ਅਮਰੀਕਾ ਸਣੇ 45 ਦੇਸ਼ਾਂ 'ਚ ਕਿਤਾਬ ਦੀ ਵਿਕਰੀ ਕੀਤੀ ਸੀ।



# ਚੀਨ ਨੇ ਭਾਰਤੀ ਸਰਹੱਦ ਨੇੜੇ ਬਣਾਇਆ ਮਨੁੱਖ ਰਹਿਤ ਮੌਸਮ ਨਿਗਰਾਨੀ ਕੇਂਦਰ



ਬੀਜਿੰਗ (ਪੱਤਰ ਪ੍ਰੇਰਕ)— ਚੀਨ ਨੇ ਅਰੁਣਾਚਲ ਪ੍ਰਦੇਸ਼ ਸਰਹੱਦ ਦੇ ਨੇੜੇ ਤਿੱਬਤ 'ਚ ਮਨੁੱਖ ਰਹਿਤ ਮੌਸਮ ਨਿਗਰਾਨੀ ਕੇਂਦਰ ਦੀ ਸਥਾਪਨਾ ਕੀਤੀ ਹੈ। ਮੀਡੀਆ ਰਿਪੋਰਟਸ ਮੁਤਾਬਕ 'ਖੇਤਰੀ ਸੰਘਰਸ਼' ਦੀ ਸਥਿਤੀ 'ਚ ਦੇਸ਼ ਦੀ ਫੌਜ, ਜਹਾਜ਼ਾਂ ਤੇ ਮਿਜ਼ਾਇਲਾਂ ਦੇ ਸੰਚਾਲਨ 'ਚ ਮੌਸਮ ਸਬੰਧੀ ਮਦਦ ਦੇ ਲਈ ਚੀਨ ਵਲੋਂ ਇਸ ਸਟੇਸ਼ਨ ਦੀ ਸਥਾਪਨਾ ਕੀਤੀ ਗਈ ਹੈ।ਗਲੋਬਲ ਟਾਈਮਸ ਦੀ ਖਬਰ ਮੁਤਾਬਕ ਤਿੱਬਤ ਦੇ ਸ਼ਾਨਨਾਨ ਦੇ ਇਲਾਕੇ ਲਹੁੰਜੇ ਦੇ ਯੁਮਈ 'ਚ ਇਸ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ। ਤਿੱਬਤ ਮੌਸਮ ਬਿਊਰੋ ਵਲੋਂ ਜਾਰੀ ਇਕ ਬਿਆਨ 'ਚ ਕਿਹਾ ਗਿਆ ਕਿ ਇਹ ਕੇਂਦਰ ਰਾਸ਼ਟਰੀ ਸੁਰੱਖਿਆ ਦੇ ਲਿਹਾਜ਼ ਨਾਲ ਮੌਸਮ ਸਬੰਧੀ ਅਹਿਮ ਮਦਦ ਮੁਹੱਈਆ ਕਰਾਏਗਾ। ਉਸ 'ਚ ਕਿਹਾ ਗਿਆ ਹੈ ਕਿ ਇਸ ਤੋਂ ਇਲਾਵਾ ਉਹ ਸਰਹੱਦ ਦੇ ਵਿਕਾਸ, ਫੌਜੀਆਂ ਤੇ ਨਾਗਰਿਕਾਂ 'ਚ ਏਕਤਾ ਸਥਾਪਿਤ ਕਰਨ 'ਚ ਮਦਦਗਾਰ ਸਾਬਿਤ ਹੋਵੇਗਾ। 9 ਘਰਾਂ ਤੇ 32 ਨਾਗਰਿਕਾਂ ਦੀ ਰਿਹਾਇਸ਼ ਵਾਲਾ ਯੁਮਈ ਆਬਾਦੀ ਦੇ ਲਿਹਾਜ਼ ਨਾਲ ਚੀਨ ਦੀ ਸਭ ਤੋਂ ਛੋਟੀ ਟਾਊਨਸ਼ਿਪ ਹੈ।ਇਸ ਸਟੇਸ਼ਨ ਦੇ ਇਕ ਟੈਕਨੀਸ਼ੀਅਨ ਤਾਸ਼ੀ ਨੋਰਬੂ ਨੇ ਦੱਸਿਆ ਕਿ ਇਹ ਸਟੇਸ਼ਨ ਏਅਰ ਟੈਂਪਰੇਚਰ, ਏਅਰ ਪ੍ਰੈਸ਼ਰ, ਹਵਾ ਦੀ ਗਤੀ, ਦਿਸ਼ਾ, ਹੁੰਮਸ ਤੇ ਮੀਂਹ ਵਰਗੀਆਂ ਚੀਜ਼ਾਂ ਦੇ ਬਾਰੇ 'ਚ ਜਾਣਕਾਰੀ ਦੇਣ 'ਚ ਸਮਰਥ ਹੋਵੇਗਾ। ਇਸ ਦੇ ਨਾਲ ਹੀ ਤਾਸ਼ੀ ਨੇ ਕਿਹਾ ਕਿ ਇਹ ਯੁਮਈ ਸਰਹੱਦ 'ਤੇ ਸਥਿਤ ਹੈ ਇਸ ਲਈ ਰਾਸ਼ਟਰੀ ਸੁਰੱਖਿਆ ਦੇ ਲਿਹਾਜ਼ ਨਾਲ ਇਹ ਸਟੇਸ਼ਨ ਆਵਾਜਾਈ ਤੇ ਸੰਚਾਰ ਨਾਲ ਜੁੜੇ ਡਾਟਾ ਮੁਹੱਈਆ ਕਰਵਾਉਣ 'ਚ ਵੀ ਮਦਦ ਕਰੇਗਾ।ਚੀਨ ਦੇ ਇਕ ਮਿਲਟਰੀ ਐਕਸਪਰਟ ਨੇ ਦੱਸਿਆ ਕਿ ਖੇਤਰੀ ਮੌਸਮ ਯੁੱਧ ਦੌਰਾਨ ਏਅਰਕ੍ਰਾਫਟਜ਼ ਦੀ ਲੈਂਡਿੰਗ ਤੇ ਟੇਕ-ਆਫ ਤੇ ਮਿਜ਼ਾਇਲ ਦੇ ਲਾਂਚ ਦੇ ਲਈ ਬਹੁਤ ਅਹਿਮ ਮੰਨਿਆ ਜਾਂਦਾ ਹੈ। ਅਜਿਹੇ 'ਚ ਛੋਟੇ ਮੌਸਮ ਕੇਂਦਰ ਬਹੁਤ ਮਦਦਗਾਰ ਸਾਬਿਤ ਹੁੰਦੇ ਹਨ।


### ਕੀ ਤੁਸੀਂ ਜਾਣਦੇ ਹੋ

# ਕਿਸ ਨੇ ਕਿੱਥੇ ਪਕਾਈ ਸੀ ਸਭ ਤੋਂ ਪਹਿਲੀ ਰੋਟੀ



ਅਮਾਨ (ਪੱਤਰ ਪ੍ਰੇਰਕ)- ਦੁਨੀਆ ਵਿਚ ਪਹਿਲੀ ਰੋਟੀ ਕਦੋਂ ਅਤੇ ਕਿੱਥੇ ਪਕਾਈ ਗਈ, ਇਸ ਬਾਰੇ ਵਿਚ ਇਤਿਹਾਸਕਾਰਾਂ ਦੀ ਰਾਏ ਵੱਖ-ਵੱਖ ਹੈ। ਹਾਲ ਹੀ ਵਿਚ ਸ਼ੋਧ ਕਰਤਾਵਾਂ ਨੂੰ ਜਿਹੜੇ ਅਵਸ਼ੇਸ਼ ਮਿਲੇ ਹਨ ਉਹ ਹੈਰਾਨ ਕਰਨ ਵਾਲੇ ਹਨ। ਉੱਤਰੀ-ਪੂਰਬੀ ਜੌਰਡਨ ਵਿਚ ਸ਼ੋਧ ਕਰਤਾਵਾਂ ਨੂੰ ਇਕ ਅਜਿਹੀ ਜਗ੍ਹਾ ਮਿਲੀ ਹੈ, ਜਿਸ ਸੰਬੰਧੀ ਕਿਹਾ ਜਾ ਰਿਹਾ ਹੈ ਕਿ ਉੱਥੇ ਕਰੀਬ ਸਾਢੇ 14 ਹਜ਼ਾਰ ਸਾਲ ਪਹਿਲਾਂ ਪਹਿਲੀ ਫਲੈਟਬ੍ਰੈੱਡ ਮਤਲਬ ਰੋਟੀ ਪਕਾਈ ਗਈ ਸੀ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਜਗ੍ਹਾ 'ਤੇ ਪੱਥਰ ਦੇ ਬਣੇ ਇਕ ਚੁੱਲ੍ਹੇ ਵਿਚ ਰੋਟੀ ਪਕਾਈ ਗਈ ਸੀ।ਇਕ ਅੰਗਰੇਜ਼ੀ ਅਖਬਾਰ ਦੀ ਖਬਰ ਮੁਤਾਬਕ ਸ਼ੋਧ ਕਰਤਾਵਾਂ ਨੂੰ ਮੌਕੇ ਤੋਂ ਉਹ ਪੱਥਰ ਦਾ ਚੁੱਲ੍ਹਾ ਮਿਲਿਆ ਹੈ, ਜਿਸ 'ਤੇ ਰੋਟੀ ਪਕਾਈ ਗਈ ਸੀ। ਇਸ ਅਵਸ਼ੇਸ਼ ਮੁਤਾਬਕ ਲੋਕਾਂ ਨੇ ਖੇਤੀ ਬਾੜੀ ਦੇ ਵਿਕਾਸ ਤੋਂ ਸਦੀਆਂ ਪਹਿਲਾਂ ਰੋਟੀਆਂ ਪਕਾ ਕੇ ਖਾਣੀਆਂ ਸ਼ੁਰੂ ਕਰ ਦਿੱਤੀਆਂ ਸਨ। ਰਿਪੋਰਟ ਮੁਤਾਬਕ 4000 ਸਾਲ ਪਹਿਲਾਂ ਇਨਸਾਨਾਂ ਨੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਸੀ, ਉਸ ਤੋਂ ਕਾਫੀ ਸਮਾਂ ਪਹਿਲਾਂ ਪੂਰਬੀ ਭੂਮੱਧ ਸਾਗਰ ਵਿਚ ਸ਼ਿਕਾਰੀਆਂ ਨੇ ਰੋਟੀਆਂ ਪਕਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਮੰਨਿਆ ਜਾ ਰਿਹਾ ਹੈ ਕਿ ਉਸ ਸਮੇਂ ਰੋਟੀ ਬਨਾਉਣ ਲਈ ਜੰਗਲੀ ਅਨਾਜ਼ਾਂ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਜੌਂ, ਇੰਨਕੌਰਨ ਜਾਂ ਓਟਸ ਅਤੇ ਪਾਣੀ ਵਿਚ ਉੱਗਣ ਵਾਲੀ ਇਕ ਖਾਸ ਕਿਸਮ ਦੇ ਪੌਦੇ ਟਿਊਬਰਸ ਨਾਲ ਬਣਾਈ ਜਾਂਦੀ ਹੋਵੇਗੀ।ਰਿਪੋਰਟ ਮੁਤਾਬਕ ਜੰਗਲੀ ਅਨਾਜਾਂ ਨਾਲ ਆਟਾ ਤਿਆਰ ਕੀਤਾ ਗਿਆ ਹੋਵੇਗਾ। ਇਸ ਰੋਟੀ ਨੂੰ ਨੌਟਫਿਅਨ (Natufians) ਸੱਭਿਆਚਾਰ ਦੇ ਲੋਕਾਂ ਨੇ ਬਣਾਇਆ ਹੋਵੇਗਾ। ਇਹ ਉਹ ਲੋਕ ਹੋਣਗੇ, ਜੋ ਟੱਪਰੀਵਾਸੀ ਦੀ ਬਜਾਏ ਇਕ ਥਾਂ ਰੁੱਕ ਕੇ ਜ਼ਿੰਦਗੀ ਬਿਤਾਉਣ ਵਿਚ ਯਕੀਨ ਕਰਦੇ ਹੋਣਗੇ। ਇਹ ਅਵਸ਼ੇਸ਼ ਕਾਲੇ ਮਾਰੂਥਲ ਪੁਰਾਤੱਤਵ ਸਾਈਟ 'ਤੇ ਮਿਲਿਆ ਹੈ। ਹੁਣ ਤੱਕ ਰੋਟੀ ਨੂੰ ਸ਼ੁਰੂਆਤੀ ਖੇਤੀ ਸਮਾਜ ਨਾਲ ਜੋੜ ਕੇ ਦੇਖਿਆ ਜਾਂਦਾ ਸੀ ਜੋ ਕਿ ਅਨਾਜ ਅਤੇ ਫਲੀਆਂ ਦੀ ਖੇਤੀ ਕਰਦਾ ਸੀ। ਸ਼ੋਧ ਕਰਤਾ ਅਮਾਇਆ ਅਰੰਜ-ਓਟੇਗੁਈ ਨੇ ਦੱਸਿਆ,"ਇਹ ਸੰਭਵ ਹੈ ਕਿ ਰੋਟੀ ਨੇ ਪੌਦਿਆਂ ਦੀ ਖੇਤੀ ਕਰਨ ਲਈ ਲੋਕਾਂ ਨੂੰ ਉਤਸ਼ਾਹਿਤ ਕੀਤਾ ਹੋਵੇ।

# ਕੀ ਤੁਸੀਂ ਜਾਣਦੇ ਹੋ ਰੋਮਾਨੀਆ ਦੀਆਂ ਇਨ੍ਹਾਂ ਮਨਮੋਹਕ ਥਾਵਾਂ ਬਾਰੇ ?







ਘੁੰਮਣਾ-ਫਿਰਨਾ ਤਾਂ ਹਰ ਕਿਸੇ ਨੂੰ ਪਸੰਦ ਹੁੰਦਾ ਹੈ। ਕੁਝ ਲੋਕ ਆਪਣੇ ਦੋਸਤਾਂ ਨਾਲ ਅਤੇ ਕੁਝ ਲੋਕ ਆਪਣੇ ਪਰਿਵਾਰ ਵਾਲਿਆਂ ਨਾਲ ਘੁੰਮਣਾ ਪਸੰਦ ਕਰਦੇ ਹਨ। ਉਂਝ ਤਾਂ ਜ਼ਿਆਦਾਤਰ ਲੋਕ ਘੁੰਮਣ ਲਈ ਕੈਨੇਡਾ, ਯੂਰਪ, ਅਮਰੀਕਾ ਅਤੇ ਪੈਰਿਸ ਵਰਗੇ ਸ਼ਹਿਰਾਂ 'ਚ ਜਾਂਦੇ ਹਨ ਪਰ ਅੱਜ ਅਸੀਂ ਤੁਹਾਨੂੰ ਰੋਮਾਨਿਆ ਦੀ ਖੂਬਸੂਰਤ ਥਾਵਾਂ ਬਾਰੇ ਦੱਸਣ ਜਾ ਰਹੇ ਹਾਂ। ਰੋਮਾਨਿਆ 'ਚ ਦੇਖਣ ਲਈ ਹਿਲਟੋਰੀਕਲ ਪਲੇਸ ਅਤੇ ਮਹਿਲ ਦੇ ਨਾਲ-ਨਾਲ ਖ਼ੂਬਸੂਰਤ ਥਾਵਾਂ ਵੀ ਹਨ। ਜੇਕਰ ਤੁਸੀਂ ਵੀ ਇਨ੍ਹਾਂ ਛੁੱਟੀਆਂ 'ਚ ਘੁੰਮਣ ਲਈ ਕਿਸੇ ਇੰਟਰਸਿਟੰਗ ਪਲੇਸ 'ਚ ਜਾਣਾ ਚਾਹੁੰਦੇ ਹੋ ਤਾਂ ਰੋਮਾਨਿਆ ਤੁਹਾਡੇ ਲਈ ਵਧੀਆ ਹੈ। ਡ੍ਰੈਕੁਲਾ ਕੈਸਲਰੋਮਾਨਿਆ ਦੇ ਬ੍ਰਾਸੋ ਸ਼ਹਿਰ 'ਚ ਬਣਿਆ ਬ੍ਰੇਨ ਡ੍ਰੈਕੂਲਾ ਕੈਸਲ ਮਹਿਲ ਬੂਸੇਰੀ ਅਤੇ ਪਿਯਾਟ੍ਰਾ ਕ੍ਰੇਯੂਲੂਈ ਪਰਬਤ ਵਿਚਕਾਰ ਸਥਿਤ ਹੈ। ਪਹਾੜ੍ਹਾਂ ਅਤੇ ਹਰਿਆਲੀ ਨਾਲ ਘਿਰੇ ਇਸ ਕੈਸਲ ਨਾਲ ਤੁਸੀਂ ਪੂਰੇ ਬ੍ਰਾਸੋ ਸ਼ਹਿਰ ਨੂੰ ਦੇਖ ਸਕਦੇ ਹੋ। ਦੁਨੀਆਭਰ 'ਚ ਮਸ਼ਹੂਰ ਇਸ ਮਹਿਲ ਨੂੰ ਬ੍ਰਾਸੋ ਵਾਸੀਆਂ ਨੇ ਪੁਰਾਣੇ ਸਮੇਂ 'ਚ ਓਟੋਮੰਸ ਅਤੇ ਟਾਟਰਸ ਦੇ ਹਮਲੇ ਤੋਂ ਸੁਰੱਖਿਆ ਲਈ ਬਣਾਇਆ ਸੀ। ਬੂਖਾਰੇਸਟਰੋਮਾਨਿਆ ਦੀ ਰਾਜਧਾਨੀ ਬੂਖਾਰੇਸਟ ਇਕ ਦੇਖਣ ਵਾਲੀ ਥਾਂ ਹੈ। ਇੱਥੇ ਘੁੰਮਣਾ-ਫਿਰਨਾ ਕਿਸੇ ਜੰਨਤ ਦੀ ਤਰ੍ਹਾਂ ਲੱਗਦਾ ਹੈ। ਇਸ ਤੋਂ ਇਲਾਵਾ ਤੁਸੀਂ ਇੱਥੇ ਸਿਨਾਨਿਆ, ਸਿਘਿਸੋਆਰਾ ਅਤੇ ਬ੍ਰਾਸੋਵ ਵਰਗੀਆਂ ਮਸ਼ਹੂਰ ਥਾਵਾਂ ਵੀ ਦੇਖ ਸਕਦੇ ਹੋ। ਇਸ ਤੋਂ ਇਲਾਵਾ ਤੁਸੀਂ ਇੱਥੇ ਰਿਜਾਰਟ, ਰਾਕ ਸਕਲਪਚਰ, ਬਰਫੀਲੇ ਹੋਲਟਾਂ ਦਾ ਨਜ਼ਾਰਾ ਲੈ ਸਕਦੇ ਹੋ।

# 6500 ਦਾ ਮੋਬਾਈਲ ਲੱਭਣ ਲਈ ਸਾਢੇ ਤਿੰਨ ਲੱਖ ਖਰਚੇ



ਬਠਿੰਡਾ (ਪੱਤਰ ਪ੍ਰੇਰਕ): ਆਰਟੀਆਈ ਕਾਰਕੁਨ ਹਰਪ੍ਰੀਤ ਸਿੰਘ ਮਹਿਮੀ ਨੇ ਢਾਈ ਸਾਲ ਪਹਿਲਾਂ ਗੁਆਚਿਆ ਮੋਬਾਈਲ ਹੁਣ ਵਾਪਸ ਪਾ ਲਿਆ ਹੈ। 45 ਸਾਲਾ ਮਹਿਮੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ 6500 ਰੁਪਏ ਦੀ ਕੀਮਤ ਦੇ ਮੋਬਾਈਲ ਨੂੰ ਲੱਭਣ ਲਈ ਤਕਰੀਬਨ ਸਾਢੇ ਤਿੰਨ ਲੱਖ ਰੁਪਏ ਖਰਚਾ ਆਇਆ। ਆਰਟੀਆਈ ਕਾਰਕੁਨ ਨੇ ਨਿਆਂ ਪ੍ਰਾਪਤੀ ਲਈ ਕੀਤੇ ਖਰਚੇ ਦੀ ਭਰਪਾਈ ਤੇ ਪੁਲਿਸ ਵੱਲੋਂ ਮਿਲੀਆਂ 'ਧਮਕੀਆਂ' ਵਿਰੁੱਧ ਨਵੇਂ ਸਿਰੇ ਤੋਂ ਕਾਨੂੰਨੀ ਜੰਗ ਛੇੜ ਦਾ ਵਿਚਾਰ ਹੈ।ਜਲਾਲਾਬਾਦ ਦੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਅਕਤੂਬਰ 2015 ਵਿੱਚ ਉਨ੍ਹਾਂ ਦੀ ਦੁਕਾਨ ਤੋਂ ਉਨ੍ਹਾਂ ਸੈਮਸੰਗ ਮੋਬਾਈਲ ਚੋਰੀ ਹੋ ਗਿਆ ਸੀ। ਉਨ੍ਹਾਂ ਦੱਸਿਆ ਕਿ ਪਹਿਲਾਂ ਤਾਂ ਪੁਲਿਸ ਨੇ ਇਸ ਸਬੰਧੀ ਸ਼ਿਕਾਇਤ ਦਰਜ ਨਹੀਂ ਕੀਤੀ, ਇਸ ਤੋਂ ਬਾਅਦ ਜੁਡੀਸ਼ੀਅਲ ਮੈਜਿਸਟ੍ਰੇਟ ਕੇਡੀ ਸਿੰਗਲਾ ਦੇ ਹੁਕਮਾਂ ਤੋਂ ਬਾਅਦ ਪੁਲਿਸ ਨੇ ਕੇਸ ਦਰਜ ਕੀਤਾ। ਮਹਿਮੀ ਮੁਤਾਬਕ ਪੁਲਿਸ ਨੇ ਫਿਰ ਵੀ ਕੋਈ ਕਾਰਵਾਈ ਨਹੀਂ ਕੀਤੀ ਤੇ ਦੋ ਦਿਨਾਂ ਵਿੱਚ ਹੀ ਕੇਸ ਰੱਦ ਕਰ ਦਿੱਤਾ। ਜਦ ਪੁਲਿਸ ਦੇ ਕਈ ਸੀਨੀਅਰ ਅਧਿਕਾਰੀਆਂ ਨਾਲ ਮਿਲਣ ਦੇ ਬਾਵਜੂਦ ਕੋਈ ਰਾਹਤ ਨਾ ਮਿਲੀ ਤਾਂ ਸਾਲ 2016 ਵਿੱਚ ਉਨ੍ਹਾਂ ਪੰਜਾਬ ਹਰਿਆਣਾ ਹਾਈਕੋਰਟ ਕੋਲ ਇਨਸਾਫ਼ ਦੀ ਗੁਹਾਰ ਲਾਈ। ਇਸ ਤੋਂ ਬਾਅਦ ਏਆਈਜੀ ਅਪਰਾਧ (ਬਠਿੰਡਾ) ਨੇ ਜਾਂਚ ਅਧਿਕਾਰੀ ਕਸ਼ਮੀਰ ਸਿੰਘ ਤੇ ਹੈੱਡ ਕਾਂਸਟੇਬਲ ਭਜਨ ਸਿੰਘ ਵਿਰੁੱਧ ਪੜਤਾਲ ਕੀਤੀ ਤੇ ਵਿਭਾਗੀ ਕਾਰਵਾਈ ਦੀ ਸਿਫਾਰਿਸ਼ ਵੀ ਕੀਤੀ। ਅੱਗੇ ਜਾ ਕੇ ਸ਼ਿਕਾਇਤਕਰਤਾ ਨੂੰ ਹੀ ਇੱਕ ਹੋਰ ਕੇਸ ਵਿੱਚ ਫਸਾਉਣ ਦੀ ਕੋਸ਼ਿਸ਼ ਕੀਤੀ ਗਈ। ਮਹਿਮੀ 7 ਜੁਲਾਈ 2017 ਨੂੰ ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਨੂੰ ਮਿਲੇ ਤੇ ਉਨ੍ਹਾਂ ਨਵੇਂ ਸਿਰੇ ਤੋਂ ਜਾਂਚ ਸ਼ੁਰੂ ਕਰਨ ਦੇ ਹੁਕਮ ਦਿੱਤੇ। ਇਸੇ ਦੌਰਾਨ ਫਾਜ਼ਿਲਕਾ ਦੇ ਪੁਲਿਸ ਕਪਤਾਨ (ਪੜਤਾਲ) ਮੁਖਤਿਆਰ ਸਿੰਘ ਨੇ ਹਰਪ੍ਰੀਤ ਦਾ ਮੋਬਾਈਲ ਜਲਾਲਾਬਾਦ ਦੇ ਸਿਵਲ ਹਸਪਤਾਲ ਵਿੱਚ ਚੌਥਾ ਦਰਜਾ ਮੁਲਾਜ਼ਮ ਯੌਵਨ ਕੁਮਾਰ ਪਾਸੋਂ ਬਰਾਮਦ ਕਰ ਲਿਆ, ਜਿਸ ਨੂੰ ਬੀਤੀ 21 ਜੂਨ ਨੂੰ ਅਦਾਲਤ ਵਿੱਚ ਹਰਪ੍ਰੀਤ ਨੂੰ ਸੌਂਪਿਆ ਗਿਆ।

ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਇਹ ਲੜਾਈ ਗੁਆਚੇ ਮੋਬਾਈਲ ਖਾਤਰ ਨਹੀਂ ਬਲਕਿ ਇਨਸਾਫ਼ ਦੀ ਪ੍ਰਾਪਤੀ ਲਈ ਲੜੀ ਸੀ। 6500 ਰੁਪਏ ਦੇ ਫ਼ੋਨ ਲਈ 3,50,000 ਰੁਪਏ ਖਰਚਣ ਵਾਲੇ ਆਰਟੀਆਈ ਕਾਰਕੁਨ ਹੁਣ ਮੁਆਵਜ਼ੇ ਲਈ ਨਵੇਂ ਸਿਰੇ ਤੋਂ ਪਟੀਸ਼ਨ ਪਾਉਣ ਦਾ ਵਿਚਾਰ ਕਰ ਰਿਹਾ ਹੈ।

# ਸਿਰਫ 68 ਸੈਕੰਡ 'ਚ ਇਹ ਸ਼ਖਸ ਖਾ ਗਿਆ 50 ਮਿਰਚਾਂ, ਮਿਲਿਆ ਇਹ ਇਨਾਮ

ਬੀਜਿੰਗ (ਪੱਤਰ ਪ੍ਰੇਰਕ)— ਅੱਜ ਦੇ ਸਮੇਂ ਵਿਚ ਲੋਕਾਂ ਦੇ ਮਨੋਰੰਜਨ ਲਈ ਕਈ ਤਰ੍ਹਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਅਜਿਹਾ ਹੀ ਦਿਲਚਸਪ ਮੁਕਾਬਲਾ ਚੀਨ ਦੇ ਹੁਨਾਨ ਸੂਬੇ ਵਿਚ ਕਰਵਾਇਆ ਗਿਆ। ਇੱਥੇ ਸੋਮਵਾਰ (9 ਜੁਲਾਈ) ਨੂੰ ਮਿਰਚਾਂ ਖਾਣ ਦਾ ਇਕ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿਚ ਇਕ ਸ਼ਖਸ 68 ਸੈਕੰਡ ਵਿਚ 50 ਕੌੜੀਆਂ ਮਿਰਚਾਂ ਖਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਚੀਨ ਦਾ ਹੁਨਾਨ ਸੂਬਾ ਮਸਾਲੇਦਾਰ ਚੀਜ਼ਾਂ ਪ੍ਰਤੀ ਲੋਕਾਂ ਦੀ ਪਸੰਦ ਲਈ ਜਾਣਿਆ ਜਾਂਦਾ ਹੈ। ਮੁਕਾਬਲੇ ਲਈ ਮਿਰਚਾਂ ਵੀ ਮੈਕਸੀਕੋ ਦੀਆਂ ਸਨ। ਇਸ ਖਾਸ ਕਿਸਮ ਦੀ ਮਿਰਚ ਨੂੰ ਟਬੈਸਕੋ ਚਿਲੀ ਪੇਪਰਸ (tabasco chilli peppers) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਜਿਸ ਨਾਲ ਮਸ਼ਹੂਰ ਟਬੈਸਕੋ ਸੌਸ ਵੀ ਬਣਾਈ ਜਾਂਦੀ ਹੈ। ਮਿਰਚਾਂ ਖਾਣ ਦੇ ਮੁਕਾਬਲੇ ਵਿਚ ਟੈਂਗ ਸ਼ੁਆਇਹੁਈ ਨਾਮ ਦਾ ਸ਼ਖਸ ਜੇਤੂ ਰਿਹਾ। ਇਨਾਮ ਦੇ ਰੂਪ ਵਿਚ ਉਸ ਨੂੰ 24 ਕੈਰੇਟ ਸੋਨੇ ਦਾ 3 ਗ੍ਰਾਮ ਦਾ ਸਿੱਕਾ ਦਿੱਤਾ ਗਿਆ।ਹੁਨਾਨ ਵਿਚ ਇਹ ਮੁਕਾਬਲਾ ਬੀਤੇ ਸਾਲ ਵੀ ਆਯੋਜਿਤ ਕੀਤਾ ਗਿਆ ਸੀ। ਇਸ ਵਾਰ ਜ਼ਿਆਦਾ ਲੋਕ ਪਹੁੰਚੇ ਸਨ। ਇਸ ਵਾਰ ਹੋਏ ਮੁਕਾਬਲੇ ਵਿਚ ਹਰ ਮੁਕਾਬਲੇਬਾਜ਼ ਨੂੰ ਪਲੇਟ ਭਰ ਕੇ 50-50 ਤਿੱਖੀਆਂ ਟਬੈਸਕੋ ਮਿਰਚਾਂ ਦਿੱਤੀਆਂ ਗਈਆਂ ਸਨ। ਪਰ 9 ਹੋਰ ਮੁਕਾਬਲੇਬਾਜ਼ਾਂ ਵਿਚ ਸ਼ਾਮਲ ਸ਼ੁਆਇਹੁਈ ਨੇ ਜਿੱਤ ਦਰਜ ਕੀਤੀ। ਮੁਕਾਬਲੇ ਦੌਰਾਨ ਸਾਰੇ ਹਿੱਸੇਦਾਰਾਂ ਨੂੰ ਪਾਣੀ ਨਾਲ ਭਰੇ ਇਕ ਤਲਾਬ ਵਿਚ ਬਿਠਾਇਆ ਗਿਆ ਸੀ। ਤਲਾਬ ਵਿਚ



ਮਿਰਚਾਂ ਵੀ ਤੈਰ ਰਹੀਆਂ ਸਨ ਪਰ ਇਹ ਇੰਨੀਆਂ ਕੌੜੀਆਂ ਨਹੀਂ ਸਨ ਜਿੰਨੀਆਂ ਕਿ ਕੌੜੀਆਂ ਮਿਰਚਾਂ ਉਨ੍ਹਾਂ ਨੂੰ ਪਲੇਟ ਵਿਚ ਦਿੱਤੀਆਂ ਗਈਆਂ ਸਨ। ਦੱਸਣਯੋਗ ਹੈ ਕਿ ਇਹ ਮੁਕਾਬਲਾ ਡਾਕਟਰਾਂ ਦੀ ਦੇਖਰੇਖ ਹੇਠ ਕਰਵਾਇਆ ਗਿਆ।

# 'ਸਪਾਈ ਕੈਮ ਪੋਰਨੋਗ੍ਰਾਫੀ' ਦੇ ਵਿਰੋਧ 'ਚ ਦੱਖਣੀ ਕੋਰੀਆ ਦੀਆਂ ਔਰਤਾਂ ਉਤਰੀਆਂ ਸੜਕਾਂ 'ਤੇ




ਸਿਓਲ (ਪੱਤਰ ਪ੍ਰੇਰਕ)— ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ 'ਚ ਸਪਾਈ ਕੈਮ ਪੋਰਨੋਗ੍ਰਾਫੀ ਦੇ ਵਿਰੋਧ 'ਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ। ਸਿਓਲ ਦੀਆਂ ਸੜਕਾਂ 'ਤੇ ਸ਼ਨੀਵਾਰ ਨੂੰ ਹਜ਼ਾਰਾਂ ਔਰਤਾਂ ਨੇ ਸਪਾਈ ਕੈਮ ਵੱਲੋਂ ਲਈਆਂ ਗਈਆਂ ਗਲਤ ਤਸਵੀਰਾਂ ਖਿਲਾਫ ਕਾਰਵਾਈ ਕਰਨ ਲਈ ਸਰਕਾਰ ਤੋਂ ਮੰਗ ਕੀਤੀ ਹੈ। ਪੁਲਸ ਨੇ ਕਿਹਾ ਕਿ ਕਰੀਬ 18,000 ਔਰਤਾਂ ਨੇ ਵਿਰੋਧ ਪ੍ਰਦਰਸ਼ਨ 'ਚ ਹਿੱਸਾ ਲਿਆ ਹੈ, ਜਿਸ 'ਚ ਪ੍ਰਦਰਸ਼ਨਕਾਰੀਆਂ ਨੇ ਮਰਦ ਅਧਿਕਾਰੀਆਂ ਖਿਲਾਫ ਸਖਤ ਜਾਂਚ ਅਤੇ ਸਜ਼ਾ ਦੇਣ ਦੀ ਮੰਗ ਕੀਤੀ ਹੈ, ਜੋ ਬਿਨਾਂ ਦੱਸੇ ਔਰਤਾਂ ਦੀ ਫੋਟੋਗ੍ਰਾਫੀ ਕਰਦੇ ਹਨ ਜਾਂ ਫਿਲਮ ਬਣਾਉਂਦੇ ਹਨ ਜਾਂ ਫਿਰ ਉਸ ਨੂੰ ਆਨਲਾਈਨ ਪੋਸਟ ਕਰਦੇ ਹਨ।ਜ਼ਿਆਦਾਤਰ ਪ੍ਰਦਰਸ਼ਨਕਾਰੀਆਂ ਨੇ ਬੇਸਬਾਲ ਕੈਪਸ, ਐਨਕਾਂ ਅਤੇ ਸਰਜੀਕਲ ਮਾਸਕ ਨਾਲ ਆਪਣਾ ਮੂੰਹ ਢੱਕਿਆ ਹੋਇਆ ਸੀ। ਇਨ੍ਹਾਂ ਔਰਤਾਂ ਦਾ ਦੋਸ਼ ਹੈ ਕਿ ਪੁਲਸ ਵੀ ਮਾਮਲੇ 'ਚ ਮਰਦਾਂ ਦੇ ਪੱਖ 'ਚ ਝੁਕੀ ਹੋਈ ਹੈ ਇਸ ਲਈ ਠੀਕ ਢੰਗ ਨਾਲ ਜਾਂਚ ਨਹੀਂ ਚੱਲ ਰਹੀ ਹੈ।

ਜੇਕਰ ਪੀੜਤ ਕੋਈ ਮਰਦ ਹੈ ਤਾਂ ਪੁਲਸ ਤੇਜ਼ੀ ਨਾਲ ਜਾਂਚ ਕਰਦੀ ਹੈ ਅਤੇ ਦੋਸ਼ੀ ਨੂੰ ਜਲਦ ਫੜ ਲੈਂਦੀ ਹੈ ਪਰ ਮਹਿਲਾ ਪੀੜਤ ਦੇ ਮਾਮਲੇ 'ਚ ਅਜਿਹਾ ਨਹੀਂ ਹੁੰਦਾ।ਦੱਖਮੀ ਕੋਰੀਆ 'ਚ ਇਹ ਤੀਜੀ ਵਾਰ ਹੈ ਜਦੋਂ ਲੋਕ ਸਪਾਈ ਕੈਮ ਪੋਰਨੋਗ੍ਰਾਫੀ ਖਿਲਾਫ ਸੜਕਾਂ 'ਤੇ ਉਤਰੇ ਹਨ। ਵਿਰੋਧ ਪ੍ਰਦਰਸ਼ਨ ਕਰ ਰਹੀਆਂ ਔਰਤਾਂ ਨੇ ਲਾਲ-ਟੀ ਸ਼ਰਤ ਪਾਈ ਹੋਈ ਸੀ, ਜਿਨ੍ਹਾਂ 'ਤੇ Angry women will change the world ਲਿੱਖਿਆ ਹੋਇਆ ਸੀ। ਪ੍ਰਦਰਸ਼ਨ ਦੌਰਾਨ 2 ਔਰਤਾਂ ਨੇ ਸਟੇਜ 'ਤੇ ਆਪਣੇ ਸਿਰ ਦੇ ਵਾਲ ਕਟਾ ਕੇ ਵਿਰੋਧ ਪ੍ਰਦਰਸ਼ਨ ਕੀਤਾ।

# ਬੇਬੇ ਦੀ ਕਮਾਲ : 102ਵਾਂ ਜਨਮਦਿਨ ਇਨਡੋਰ ਟਨਲ ਵਿੱਚ ਸਕਾਈ ਡਾਈਵਿੰਗ ਕਰਦਿਆਂ ਮਨਾਇਆ





102 ਸਾਲ ਦੀ ਉਮਰ ਵਿੱਚ ਆਮ ਤੌਰ 'ਤੇ ਲੋਕ ਜਾਂ ਤਾਂ ਬਿਮਾਰੀਆਂ ਨਾਲ ਘਿਰੇ ਹੋਏ ਹੁੰਦੇ ਹਨ ਜਾਂ ਬੈੱਡ 'ਤੇ ਪਏ ਰਹਿੰਦੇ ਹਨ। ਪਰ ਇਸ ਦੇ ਉਲਟ ਇੱਕ ਬੇਬੇ ਨੇ ਆਪਣਾ 102ਵਾਂ ਜਨਮਦਿਨ ਮਨਾਉਣ ਲਈ ਕਮਾਲ ਹੀ ਕਰ ਦਿੱਤਾ।ਈਵਾ ਲੁਈਸ ਨੇ ਆਪਣਾ 102ਵਾਂ ਜਨਮਦਿਨ ਇਨਡੋਰ ਟਨਲ ਵਿੱਚ ਸਕਾਈ ਡਾਈਵਿੰਗ ਕਰਦਿਆਂ ਹੋਇਆਂ ਮਨਾਇਆ।ਯੂਕੇ ਦੀ ਰਹਿਣ ਵਾਲੀ ਬੇਬੇ ਈਵਾ ਨੂੰ ਸਕਾਈ ਡਾਈਵਿੰਗ ਏਨੀ ਪਸੰਦ ਆਈ ਕਿ ਉਹ ਇਸ ਨੂੰ ਇੱਕ ਵਾਰ ਫਿਰ ਕਰਨਾ ਚਾਹੁੰਦੀ ਹੈ। ਯੂਕੇ ਦੀ ਆਈਫਲਾਈ ਸਕਾਈ ਡਾਈਵਿੰਗ ਦਾ ਸਿਰਫ ਬੇਬੇ ਈਵਾ ਨੇ ਹੀ ਨਹੀਂ, ਬਲਕਿ ਉਸ ਦੇ ਬੱਚਿਆਂ ਤੇ ਪੋਤਿਆਂ ਨੇ ਵੀ ਇਸ ਦਾ ਆਨੰਦ ਮਾਣਿਆ। ਬੇਬੇ ਦਾ ਜਨਮ ਪਹਿਲੇ ਵਿਸ਼ਵ ਯੁੱਧ ਦੌਰਾਨ ਹੋਇਆ ਸੀ। ਉਹ ਬੇਹੱਦ ਜ਼ਿੰਦਾਦਿਲ ਜ਼ਿੰਦਗੀ ਜਿਉਣਾ ਪਸੰਦ ਕਰਦੀ ਹੈ।ਜਨਮਦਿਨ ਮੌਕੇ ਸਕਾਈ ਡਾਈਵਿੰਗ ਕਰਨ ਦੀ ਯੋਜਨਾ ਵੀ ਬੇਬੇ ਦੀ ਹੀ ਸੀ। ਉਸ ਨੇ 177 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਵਿੱਚ ਸਕਾਈ ਡਾਈਵਿੰਗ ਦਾ ਆਨੰਦ ਮਾਣਿਆ। ਇਸ ਦੌਰਾਨ ਬੇਬੇ ਦੇ ਚਿਹਰੇ ਤੋਂ ਮੁਸਕੁਰਾਹਟ ਹਟ ਨਹੀਂ ਰਹੀ ਸੀ।

# ਪੁਲਿਸ ਵਾਲੇ ਦੀ ਜਾਨ ਬਚਾਉਣ ਲਈ ਕੁੱਤੇ ਨੇ ਕੀਤੀ ਕਮਾਲ, ਬਣਿਆ ਹੀਰੋ

ਮੈਡਰਿਡ (ਪੱਤਰ ਪ੍ਰੇਰਕ): ਪੁਲਿਸ ਜਵਾਨ ਦੀ ਜਾਨ ਬਚਾਉਣ ਵਾਲਾ ਕੁੱਤਾ ਹੀਰੋ ਬਣ ਕੇ ਹਰ ਪਾਸਿਉਂ ਵਾਹ-ਵਾਹ ਲੁੱਟ ਰਿਹਾ ਹੈ। ਕੁੱਤੇ ਦਾ ਨਾਂ ਅਫ਼ਸਰ ਪਾਂਚੋ ਹੈ ਜਿਸ ਨੇ ਆਪਣੇ ਸਾਥੀ ਪੁਲਿਸ ਲਈ ਕਾਰਡੀਓਪਲਮਨਰੀ ਰਸਿਸਟੇਸ਼ਨ (ਸੀਪੀਆਰ) ਪੇਸ਼ ਕੀਤਾ। ਇਸ ਕੰਮ ਲਈ ਉਹ ਇੰਟਰਨੈੱਟ ਦਾ ਹੀਰੋ ਬਣ ਗਿਆ ਹੈ। ਕੁੱਤੇ ਦੀ ਵੀਡੀਓ ਨੂੰ ਮੈਡਰਿਡ ਪੁਲਿਸ ਨੇ ਟਵੀਟ ਕੀਤਾ। ਇਸ ਵੀਡੀਓ ਨੂੰ ਲੱਖਾਂ ਵਾਰ ਵੇਖਿਆ ਗਿਆ ਹੈ।

**ਜਾਣਬੁੱਝ ਕੇ ਬੇਹੋਸ਼ ਹੋਇਆ ਸੀ ਪੁਲਿਸ ਵਾਲਾ**

ਟ੍ਰੇਨਿੰਗ ਨਾਲ ਸਬੰਧਤ ਇਸ ਵੀਡੀਓ ਵਿੱਚ ਇੱਕ ਪੁਲਿਸ ਵਾਲਾ ਜ਼ਮੀਨ 'ਤੇ ਡਿੱਗ ਪੈਂਦਾ ਹੈ ਤੇ ਬੇਹੋਸ਼ ਹੋਣ ਦਾ ਨਾਟਕ ਕਰਦਾ ਹੈ। ਜਿਵੇਂ ਹੀ ਕੁੱਤੇ ਨੂੰ ਪੁਲਿਸ ਜਵਾਨ ਬੇਹੋਸ਼ ਹੁੰਦਾ ਦਿਖਾਈ ਦਿੰਦਾ ਹੈ, ਉਹ ਤੁਰੰਤ ਕਾਰਵਾਈ ਕਰਦਾ ਹੈ ਤੇ ਬੇਹੋਸ਼ ਪੁਲਿਸ ਵਾਲੇ ਕੋਲ ਪਹੁੰਚ ਕੇ ਉਸ ਦੀ ਛਾਤੀ 'ਤੇ ਉਛਲ-ਉਛਲ ਕੇ ਦਬਾਅ ਪਾਉਣ ਲੱਗ ਪੈਂਦਾ ਹੈ।

**ਕੁੱਤੇ ਨੇ ਪੁਲਿਸ ਜਵਾਨ ਦੀ ਧੜਕਨ ਕੀਤੀ ਚੈੱਕ**

ਵੀਡੀਓ ਵਿੱਚ ਸਾਫ ਦਿਖਾਈ ਦੇ ਰਿਹਾ ਹੈ ਕਿ ਕੁੱਤਾ ਆਪਣਾ ਪੁਲਾਸ ਜਵਾਨ ਕੋਲ ਲਿਜਾ ਕ ਚੈੱਕ ਕਰਦਾ ਹੈ ਕਿ ਉਹ ਸਾਹ ਲੈ ਰਿਹਾ ਜਾਂ ਨਹੀਂ। ਇਸ ਦੇ ਤੁਰੰਤ ਬਾਅਦ ਪੁਲਿਸ ਜਵਾਨ ਉੱਠ ਖਲੋਂਦਾ ਹੈ ਤੇ 'ਜ਼ਿੰਦਗੀ ਬਚਾਉਣ ਵਾਲੇ ਕੁੱਤੇ' ਨੂੰ ਪੁਚਕਾਰਨ ਲੱਗ ਪੈਂਦਾ ਹੈ।

**ਕੀ ਹੈ ਸੀਪੀਆਰ**

ਸੀਪੀਆਰ ਇੱਕ ਪ੍ਰਕਿਰਿਆ ਹੈ ਜਿਸ ਦੀ ਮਦਦ ਨਾਲ ਇਨਸਾਨੀ ਸਰੀਰ ਨੂੰ ਬੇਹੋਸ਼ੀ ਤੋਂ ਬਾਹਰ ਕੱਢਿਆ ਜਾਂਦਾ ਹੈ।

# ਤੋਤਾ ਵੇਚਣ ਵਾਲਾ 71 ਹਜ਼ਾਰ ਦਾ ਚੂਨਾ ਲਗਾ ਕੇ ਤੋਤਾ ਹੋਇਆ

ਬੰਗਲੁਰੂ (ਪੱਤਰ ਪ੍ਰੇਰਕ): ਕਰਨਾਟਕ ਦੀ ਰਾਜਧਾਨੀ ਬੰਗਲੁਰੂ ਵਿੱਚ ਇੱਕ ਔਰਤ ਦੇ ਉਸ ਵੇਲ਼ੇ ਤੋਤੇ ਉੱਡ ਗਏ ਜਦੋਂ ਉਸ ਨੂੰ ਪਤਾ ਲੱਗਾ ਕਿ ਜਿਸ ਤੋਤੇ ਲਈ ਉਸ ਨੇ 71,500 ਰੁਪਏ ਆਨਲਾਈਨ ਖ਼ਰਚ ਕੀਤੇ ਹਨ, ਉਹ ਅਸਲ ਵਿੱਚ ਇੱਕ ਧੋਖੇਬਾਜ਼ ਹੈ। ਦਰਅਸਲ, ਸਰਜਾਪੁਰ ਰੋਡ ਦੀ ਰਹਿਣ ਵਾਲੀ ਮਹਿਲਾ ਨੇ ਤੋਤਾ ਖਰੀਦਣ ਲਈ 71,500 ਰੁਪਏ ਆਨਲਾਈਨ ਟਰਾਂਸਫਰ ਕੀਤੇ ਸਨ, ਪਰ ਨਾ ਹੀ ਉਸ ਨੂੰ ਤੋਤਾ ਮਿਲਿਆ ਤੇ ਨਾ ਹੀ ਪੈਸੇ। ਤੋਤੇ ਦੀ ਸ਼ੌਕੀਨ ਔਰਤ ਨੇ ਠੱਗੀ ਦੇ ਸਬੰਧ ਵਿੱਚ ਸਾਈਬਰ ਕਰਾਈਮ ਨੂੰ ਸ਼ਿਕਾਇਤ ਦਰਜ ਕਰਾਈ ਹੈ। ਪੁਲਿਸ ਨੇ ਸ਼ਿਕਾਇਤ ਦੇ ਆਧਾਰ 'ਤੇ ਕਈ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ ਟਰਾਂਸਫਰ ਕੀਤੇ ਗਏ ਬੈਂਕ ਖਾਤਿਆਂ ਦਾ ਜਾਂਚ ਕੀਤੀ ਜਾ ਰਹੀ ਹੈ।ਸ਼੍ਰੀਜਾ ਨਾਂਅ ਦੀ ਮਹਿਲਾ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਤੋਤਾ ਖਰੀਦਣ ਲਈ ਉਹ ਕਈ ਦਿਨਾਂ ਤੋਂ ਆਨਲਾਈਨ ਸਰਚ ਕਰ ਰਹੀ ਸੀ। ਇਸੇ ਦੌਰਾਨ ਬੌਬੀ ਨਾਂ ਦਾ ਵਿਅਕਤੀ ਉਸ ਦੇ ਸੰਪਰਕ 'ਚ ਆਇਆ ਜਿਸ ਨੇ ਸ਼੍ਰੀਜਾ ਨੂੰ ਕਿਹਾ ਕਿ ਉਹ ਪੰਛੀਆਂ ਦਾ ਕਾਰੋਬਾਰ ਕਰਦਾ ਹੈ। ਸ਼੍ਰੀਜਾ ਨੇ ਉਸ ਨੂੰ ਆਪਣਾ ਵ੍ਹੱਟਸਐਪ ਨੰਬਰ ਵੀ ਦੇ ਦਿੱਤਾ।

ਤੋਤੇ ਦੀ ਡੀਲ ਹੋ ਗਈ। ਮਹਿਲਾ ਨੇ ਦੱਸਿਆ ਕਿ 21 ਤੋਂ 23 ਜੂਨ ਦੇ ਵਿਚਾਲੇ ਉਸ ਨੇ ਬੌਬੀ ਦੇ ਕਈ ਬੈਂਕ ਖ਼ਾਤਿਆਂ ਵਿੱਚ ਨੈੱਟ ਬੈਂਕਿੰਗ ਰਾਹੀਂ ਟਰਾਂਸਫਰ ਕੀਤੇ। ਪਰ ਕੁਝ ਦਿਨ ਬੀਚ ਜਾਣ ਬਾਅਦ ਵੀ ਬੌਬੀ ਨੇ ਮਹਿਲਾ ਨੂੰ ਤੋਤਾ ਨਹੀਂ ਦਿੱਤਾ।ਇਸ ਪਿੱਛੋਂ ਜਦੋਂ ਸ਼੍ਰੀਜਾ ਨੇ ਬੌਬੀ ਨਾਲ ਸੰਪਰਕ ਕੀਤਾ ਤਾਂ ਉਸ ਨੂੰ ਕੋਈ ਜਵਾਬ ਨਹੀਂ ਆਇਆ। ਉਸ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਉਸ਼ ਨੂੰ ਬੌਬੀ ਵੱਲੋਂ ਕੋਈ ਜਵਾਬ ਨਹੀਂ ਮਿਲਿਆ ਜਿਸ ਦੇ ਬਾਅਦ 25 ਜੂਨ ਨੂੰ ਉਸ ਨੇ ਇਸ ਸਬੰਧੀ ਪੁਲਿਸ ਨੂੰ ਸ਼ਿਕਾਇਤ ਦਰਜ ਕਰਾਈ।

# ਗੁੱਸੇ 'ਚ ਆਈ ਭੀੜ ਨੇ ਮਾਰੇ 300 ਮਗਰਮੱਛ

ਸੋਰੋਂਗ,(ਪੱਤਰ ਪ੍ਰੇਰਕ) — ਇੰਡੋਨੇਸ਼ੀਆ 'ਚ ਮਗਰਮੱਛਾਂ ਦਾ ਸ਼ਿਕਾਰ ਬਣੇ ਇਕ ਵਿਅਕਤੀ ਦੀ ਮੌਤ ਦਾ ਬਦਲਾ ਲੈਣ ਲਈ ਗੁੱਸੇ 'ਚ ਆਈ ਭੀੜ ਨੇ ਤਕਰੀਬਨ 300 ਮਗਰਮੱਛਾਂ ਨੂੰ ਮਾਰ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਬਦਲੇ ਦੀ ਅੱਗ 'ਚ ਮਗਰਮੱਛਾਂ ਨੂੰ ਮਾਰਨ ਦੀ ਇਹ ਘਟਨਾ ਪਾਪੂਆ ਸੂਬੇ 'ਚ ਵਿਅਕਤੀ ਦੇ ਅੰਤਿਮ ਸੰਸਕਾਰ ਦੇ ਬਾਅਦ ਵਾਪਰੀ। ਪੁਲਸ ਅਤੇ ਸੁਰੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਸੁਗਿਟੋ ਨਾਂ ਦਾ ਵਿਅਕਤੀ ਆਪਣੇ ਪਸ਼ੂਆਂ ਲਈ ਪੱਠੇ ਲੈਣ ਗਿਆ ਸੀ ਅਤੇ ਇਸ ਦੌਰਾਨ ਉਹ ਮਗਰਮੱਛਾਂ ਦੇ ਬਾੜੇ 'ਚ ਫਸ ਗਿਆ।



ਉਨ੍ਹਾਂ ਨੇ ਦੱਸਿਆ ਕਿ ਮਗਰਮੱਛ ਨੇ ਸੁਗਿਟੋ ਦੇ ਇਕ ਪੈਰ ਨੂੰ ਕੱਟ ਲਿਆ ਸੀ ਅਤੇ ਮਗਰਮੱਛ ਦੇ ਪਿਛਲੇ ਹਿੱਸੇ ਨਾਲ ਟਕਰਾਉਣ ਕਰਕੇ ਉਸ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਆਬਾਦੀ ਵਾਲੇ ਇਲਾਕੇ ਕੋਲ ਫਾਰਮ ਦੀ ਮੌਜੂਦਗੀ ਨੂੰ ਲੈ ਕੇ ਲੋਕ ਗੁੱਸੇ 'ਚ ਆ ਗਏ। ਸੁਗਿਟੋ ਦੇ ਰਿਸ਼ਤੇਦਾਰ ਅਤੇ ਸਥਾਨਕ ਨਿਵਾਸੀ ਸਥਾਨਕ ਪੁਲਸ ਥਾਣੇ ਪੁੱਜੇ। ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਫਾਰਮ ਉਨ੍ਹਾਂ ਨੂੰ ਮੁਆਵਜ਼ਾ ਦੇਣ ਲਈ ਤਿਆਰ ਹੈ ਪਰ ਲੋਕ ਬਹੁਤ ਗੁੱਸੇ 'ਚ ਸਨ। ਉਹ ਚਾਕੂ, ਛੁਰੇ ਅਤੇ ਖੁਰਪੇ ਲੈ ਕੇ ਫਾਰਮ 'ਚ ਪੁੱਜ ਗਏ ਅਤੇ ਮਗਰਮੱਛਾਂ ਨੂੰ ਮਾਰਨ ਲੱਗ ਗਏ। ਉਨ੍ਹਾਂ ਨੇ 4 ਇੰਚ ਲੰਬੇ ਮਗਰਮੱਛਾਂ ਦੇ ਬੱਚਿਆਂ ਤੋਂ 2 ਮੀਟਰ ਤਕ ਲੰਬੇ ਮਗਰਮੱਛਾਂ ਨੂੰ ਮਾਰ ਦਿੱਤਾ। ਇੱਥੇ ਕੁੱਲ 292 ਮਗਰਮੱਛਾਂ ਨੂੰ ਮਾਰ ਦਿੱਤਾ ਗਿਆ। ਪੁਲਸ ਅਤੇ ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਸੀ ਕਿ ਉਹ ਇਸ ਭੀੜ ਨੂੰ ਰੋਕ ਸਕਣ 'ਚ ਅਸਮਰਥ ਸਨ। ਅਧਿਕਾਰੀਆਂ ਨੇ ਕਿਹਾ ਕਿ ਉਹ ਇਸ ਦੀ ਜਾਂਚ ਕਰ ਰਹੇ ਹਨ ਅਤੇ ਅਪਰਾਧਕ ਦੋਸ਼ ਵੀ ਤੈਅ ਕੀਤੇ ਜਾ ਸਕਦੇ ਹਨ। ਇੰਡੋਨੇਸ਼ੀਆ 'ਚ ਮਗਰਮੱਛਾਂ ਦੀਆਂ ਕਈ ਪ੍ਰਜਾਤੀਆਂ ਸਮੇਤ ਵੱਖ-ਵੱਖ ਜੰਗਲੀ ਜੀਵ ਪਾਏ ਜਾਂਦੇ ਹਨ। ਇੱਥੇ ਮਗਰਮੱਛਾਂ ਨੂੰ ਸੁਰੱਖਿਅਤ ਜਾਨਵਰ ਮੰਨਿਆ ਜਾਂਦਾ ਹੈ।

# ਚੀਨ 'ਚ ਸਰਕਾਰ ਨੇ ਫਿਲਮੀ ਸਿਤਾਰਿਆਂ ਦੀ ਤਨਖਾਹ ਹੱਦ ਕੀਤੀ ਤੈਅ

ਪੇਈਚਿੰਗ (ਪੱਤਰ ਪ੍ਰੇਰਕ)— ਚੀਨ ਦੇ ਕੁੱਝ ਸਿਤਾਰਿਆਂ ਨੂੰ ਹੁਣ ਆਪਣੀ ਸ਼ਾਹੀ ਜ਼ਿੰਦਗੀ ਦੇ ਬਾਰੇ ਵਿਚ ਸੋਚਣਾ ਪੈ ਸਕਦਾ ਹੈ। ਦਰਅਸਲ ਹੁਣ ਚੀਨ ਦੀ ਕਮਿਊਨਿਸਟ ਪਾਰਟੀ ਨੇ ਇਨ੍ਹਾਂ ਐਕਟਰਜ਼ ਦੇ ਮਿਹਨਤਾਨੇ 'ਤੇ ਨਜ਼ਰ ਰੱਖੀ ਹੋਈ ਹੈ ਅਤੇ ਪਬਲੀਸਿਟੀ ਡਿਪਾਰਟਮੈਂਟ ਦੇ ਨਾਲ ਹੀ 4 ਹੋਰ ਸਰਕਾਰੀ ਵਿਭਾਗਾਂ ਨੇ ਐਕਟਰਜ਼ ਨੂੰ ਮਿਲਣ ਵਾਲੇ ਬੇਹਿਸਾਬ ਧਨ ਦੀ ਹੱਦ ਤੈਅ ਕਰਨ ਦੇ ਸਬੰਧ ਵਿਚ ਹੁਕਮ ਜਾਰੀ ਕਰ ਦਿੱਤੇ ਹਨ। ਦਰਅਸਲ ਚੀਨ ਵਿਚ ਐਕਟਰਜ਼ ਟੈਕਸ ਤੋਂ ਬਚਣ ਲਈ 'ਯਿਨ-ਯਾਂਗ' ਨਾ ਦੇ ਖਾਸ ਸਮਝੌਤਿਆਂ (ਕੰਟਰੈਕਟਸ) ਦਾ ਸਹਾਰਾ ਲੈਂਦੇ ਹਨ। ਇਨ੍ਹਾਂ ਖਾਸ ਸਮਝੌਤਿਆਂ ਦਾ ਸੋਸ਼ਲ ਮੀਡੀਆ 'ਤੇ ਬੀਤੇ ਮਹੀਨੇ ਕਾਫੀ ਵਿਰੋਧ ਵੀ ਹੋਇਆ ਹੈ। ਇਕ ਰਿਪੋਰਟ ਮੁਤਾਬਕ ਬੀਤੇ ਬੁੱਧਵਾਰ ਨੂੰ ਜਾਰੀ ਕੀਤੇ ਗਏ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਹੁਣ ਚੀਨ ਵਿਚ ਐਕਟਰਜ਼ ਨੂੰ ਕੁੱਲ ਲਾਗਤ ਦਾ 40 ਫੀਸਦੀ ਤੋਂ ਜ਼ਿਆਦਾ ਹਿੱਸਾ ਨਹੀਂ ਦਿੱਤਾ ਜਾ ਸਕਦਾ ਹੈ। ਇਨਾ ਹੀ ਨਹੀਂ, ਲੀਡ ਐਕਟਰਜ਼ ਨੂੰ ਪੂਰੀ ਕਾਸਟ ਨੂੰ ਦਿੱਤੀ ਫੀਸ ਦਾ 70 ਫੀਸਦੀ ਤੋਂ ਜ਼ਿਆਦਾ ਹਿੱਸਾ ਨਹੀਂ ਮਿਲ ਸਕਦਾ। ਇਹ ਤੈਅ ਹੱਦ ਫਿਲਮ, ਟੀ.ਵੀ. ਡਰਾਮਾ ਅਤੇ ਡਿਜ਼ੀਟਲ ਸੀਰੀਜ਼ 'ਤੇ ਲਾਗੂ ਹੈ। 'ਯਿਨ-ਯਾਂਗ' ਸਮਝੌਤਿਆਂ ਦੇ ਤਹਿਤ ਕੋਈ ਵੀ ਐਕਟਰ 2 ਸਮਝੌਤਿਆਂ 'ਤੇ ਦਸਤਖਤ ਕਰਦਾ ਹੈ। ਇਕ ਜਿਸ ਵਿਚ ਪੇਮੈਂਟ ਘੱਟ ਦਿਖਾਈ ਜਾਂਦੀ ਹੈ ਤਾਂ ਕਿ ਟੈਕਸ ਘੱਟ ਦੇਣਾ ਪਏ ਅਤੇ ਦੂਜਾ ਸਮਝੌਤਾ ਰਿਕਾਰਡ ਤੋਂ ਬਾਹਰ ਰਹਿੰਦਾ ਹੈ।

## ਮਰੀ ਘੋਸ਼ਿਤ ਔਰਤ ਮੁਰਦਾਘਰ ਦੇ ਫਰਿੱਜ 'ਚ ਪਾਈ ਗਈ ਜ਼ਿੰਦਾ

ਜੋਹਾਨਸਬਰਗ (ਪੱਤਰ ਪ੍ਰੇਰਕ)— ਮੈਡੀਕਲ ਮਾਹਰ ਵੀ ਕਿਤੇ ਨਾ ਕਿਤੇ ਮਾਤ ਖਾ ਜਾਂਦੇ ਹਨ। ਅਜਿਹਾ ਹੀ ਇਕ ਮਾਮਲਾ ਦੱਖਣੀ ਅਫਰੀਕਾ ਦਾ ਸਾਹਮਣੇ ਆਇਆ ਹੈ। ਇੱਥੇ ਗੁਟੇਨ ਸੂਬੇ ਦੇ ਮੁਰਦਾਘਰ ਵਿਚ ਇਕ ਮਹਿਲਾ ਜਿਉਂਦੀ ਪਾਈ ਗਈ। ਅਸਲ ਵਿਚ ਇਕ ਸੜਕ ਹਾਦਸੇ ਮਗਰੋਂ ਪੈਰਾ ਮੈਡੀਕਲ ਅਧਿਕਾਰੀਆਂ ਨੇ ਮਹਿਲਾ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਸੀ। ਸੋਮਵਾਰ ਨੂੰ ਮਹਿਲਾ ਨੂੰ ਮੁਰਦਾਘਰ ਲਿਆਂਦਾ ਗਿਆ। ਐਂਬੂਲੈਂਸ ਸਰਵਿਸ ਡਿਸਟ੍ਰੈੱਸ ਚਿਤਾਵਨੀ ਅਧਿਕਾਰੀ ਦਾ ਕਹਿਣਾ ਹੈ ਕਿ 24 ਜੂਨ ਨੂੰ ਕਾਰਲੇਟਨਵਿਲੇ ਵਿਚ ਇਕ ਸੜਕ ਹਾਦਸੇ ਮਗਰੋਂ ਮਹਿਲਾ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ ਸੀ।

# ਹੱਥ ਨਾਲ ਬਣਾਇਆ ਗਿਆ 1149.8 ਮੀਟਰ ਲੰਬਾ ਸਕਾਰਫ, ਗਿਨੀਜ਼ ਬੁੱਕ 'ਚ ਸ਼ਾਮਲ

ਕੰਬੋਡੀਆ (ਪੱਤਰ ਪ੍ਰੇਰਕ)— ਔਰਤਾਂ ਵੱਲੋਂ ਲਏ ਜਾਂਦੇ ਸਕਾਰਫ ਤਾਂ ਤੁਸੀਂ ਬਹੁਤ ਦੇਖੇ ਹੋਣਗੇ, ਜਿਨ੍ਹਾਂ ਨੂੰ ਦੇਖ ਕੇ ਤੁਹਾਨੂੰ ਹੈਰਾਨੀ ਨਹੀਂ ਹੁੰਦੀ ਹੋਵੇਗੀ ਪਰ ਕੰਬੋਡੀਆ ਵਿਚ ਬਣਾਏ ਗਏ ਸਕਾਰਫ ਦੀ ਲੰਬਾਈ ਜਾਣ ਕੇ ਤੁਸੀਂ ਹੈਰਾਨੀ ਵਿਚ ਪੈ ਜਾਓਗੇ। ਤੁਹਾਨੂੰ ਦੱਸ ਦੇਈਏ ਕਿ ਕੰਬੋਡੀਆ ਵਿਚ 1149.8 ਮੀਟਰ ਲੰਬਾ ਸਕਾਰਫ ਬਣਾਇਆ ਗਿਆ ਹੈ ਉਹ ਵੀ ਹੱਥ ਨਾਲ। ਇਸ ਖਾਸ ਸਕਾਰਫ ਨੂੰ ਗਿਨੀਜ਼ ਬੁੱਕ ਰਿਕਾਰਡਸ ਵਿਚ ਸ਼ਾਮਲ ਕੀਤਾ ਗਿਆ ਹੈ। ਕੰਬੋਡੀਆ ਵਿਚ ਸਕਾਰਫ ਨੂੰ ਸਥਾਨਕ ਖਮੇਰ ਭਾਸ਼ਾ ਵਿਚ ਕ੍ਰਮਾ ਕਿਹਾ ਜਾਂਦਾ ਹੈ। 88 ਸੈਂਟੀਮੀਟਰ ਚੌੜੇ ਇਸ ਸਕਾਰਫ ਨੂੰ ਤਿਆਰ ਕਰਨ ਵਿਚ 5 ਮਹੀਨੇ ਲੱਗੇ। ਇਸ ਸਕਾਰਫ ਨੂੰ ਬੁਨਣ ਲਈ ਭਾਈਚਾਰੇ ਦੇ ਹਜ਼ਾਰਾਂ ਲੋਕਾਂ ਨੇ ਸਹਿਯੋਗ ਦਿੱਤਾ।

ਨੋਮਪੇਨਹ ਸ਼ਹਿਰ ਵਿਚ ਸਥਿਤ ਰਾਸ਼ਟਰੀ ਮਿਊਜ਼ੀਅਮ ਦੇ ਸਾਹਮਣੇ ਗਿਨੀਜ਼ ਬੁੱਕ ਆਫ ਰਿਕਾਰਡਸ ਦੇ ਨਿਰਣਾਇਕ ਮੰਡਲ ਦੇ ਇਕ ਮੈਂਬਰ ਸਵਪ੍ਰਿੰਲ ਡਾਂਗਰੀਕਰ ਨੇ ਕਰੀਬ 20 ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਮੌਜੂਦਗੀ ਵਿਚ ਇਸ ਨੂੰ ਦੁਨੀਆ ਦਾ ਸਭ ਤੋਂ ਲੰਬਾ ਸਕਾਰਫ ਘੋਸ਼ਿਤ ਕਰਦੇ ਹੋਏ ਗਿਨੀਜ਼ ਬੁੱਕ ਵਿਚ ਸ਼ਾਮਲ ਕੀਤਾ। ਉਨ੍ਹਾਂ ਕਿਹਾ ਕਿ ਇਸ ਸਕਾਰਫ ਨੂੰ 30.5 ਸੈਂਟੀਮੀਟਰ ਚੌੜਾਈ ਅਤੇ ਘੱਟ ਤੋਂ ਘੱਟ ਇਕ ਹਜ਼ਾਰ ਮੀਟਰ ਲੰਬਾਈ ਦੇ ਆਕਾਰ ਵਿਚ ਬਣਾਉਣ ਦਾ ਮਾਪਦੰਡ ਤੈਅ ਕੀਤਾ ਗਿਆ ਸੀ। ਇਹ ਪੂਰੀ ਤਰ੍ਹਾਂ ਨਾਲ ਸੂਤੀ ਹੈ।

# ਬਰਫ ਦਾ ਪਹਾੜ ਖਿੱਚ ਕੇ ਆਪਣੇ ਤੱਟ 'ਤੇ ਲਿਜਾ ਰਿਹਾ ਸ਼ੇਖ ਖਲੀਫਾ ਬਿਨ ਜਾਇਦ

## 399 ਕਰੋੜ ਦਾ ਹੈ ਇਹ ਖਾਸ ਪ੍ਰੋਜੈਕਟ

ਦੁਬਈ- (ਪੱਤਰ ਪ੍ਰੇਰਕ) ਪਾਣੀ ਦੀ ਕਿੱਲਤ ਦੂਰ ਕਰਨ ਦੇ ਲਈ ਖਾੜੀ ਮੁਲਕ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਇੱਕ ਖਾਸ ਪ੍ਰੋਜੈਕਟ 'ਤੇ ਕੰਮ ਕਰ ਰਿਹਾ ਹੈ। ਇਸ ਦੇ ਤਹਿਤ ਐਂਟਾਰਟਿਕਾ ਤੋਂ ਬਰਫ ਦੇ ਪਹਾੜ ਨੂੰ ਖਿੱਚ ਕੇ ਯੂ ਏ ਈ ਦੇ ਸਮੁੰਦਰ ਤੱਟ ਉੱਤੇ ਲਿਆਇਆ ਜਾਵੇਗਾ। ਇਸ ਪ੍ਰੋਜੈਕਟ ਦੀ ਲਾਗਤ 5 ਤੋਂ 6 ਕਰੋੜ ਡਾਲਰ ਯਾਨੀ ਲੱਗਭਗ 399 ਕਰੋੜ ਰੁਪਏ ਆਂਕੀ ਗਈ ਹੈ। ਸਾਲ 2019 ਦੀ ਪਹਿਲੀ ਛਿਮਾਹੀ 'ਚ ਆਸਟਰੇਲੀਆ 'ਚ ਪਰਥ ਦੇ ਸਮੁੰਦਰੀ ਤੱਟ ਤੋਂ ਜਾਂ ਦੱਖਣੀ ਅਫਰੀਕਾ ਦੇ ਕੇਪਟਾਊਨ ਤੋਂ ਇਹ ਪ੍ਰੋਜੈਕਟ ਸ਼ੁਰੂ ਹੋਣ ਦੀ ਉਮੀਦ ਹੈ।


**2020 'ਚ ਸ਼ੁਰੂ ਹੋਵੇਗਾ:-** ਅਮੀਰਾਤ ਦੀ ਨਿਊਜ਼ ਏਜੰਸੀ WAM ਦੇ ਮੁਤਾਬਿਕ ਨੈਸ਼ਨਲ ਐਡਵਾਈਜ਼ਰ ਬਿਊਰੋ ਲਿਮਟਿਡ ਨੇ ਇਸ ਪ੍ਰੋਜੈਕਟ ਦੇ ਕੁੱਝ ਅਹਿਮ ਪੱਖਾਂ ਨੂੰ ਲੋਕਾਂ ਸਾਹਮਣੇ ਰੱਖਿਆ ਹੈ।। ਇਸ ਦੇ ਤਹਿਤ ਸੰਨ 2020 ਦੀ ਪਹਿਲੀ ਤਿਮਾਹੀ 'ਚ ਐਂਟਾਰਟਿਕਾ ਤੋਂ ਬਰਫ ਦਾ ਪਹਾੜ ਲੈ ਕੇ ਯੂ ਏ ਈ ਦੇ ਸਮੁੰਦਰੀ ਤੱਟ 'ਤੇ ਲਿਆਇਆ ਜਾਵੇਗਾ।



**ਨਹੀਂ ਪਿਘਲੇਗੀ ਬਰਫ:-** ਕੰਪਨੀ ਫਿਲਹਾਲ ਅਜਿਹੀ ਖਾਸ ਤਕਨੀਕ ਤਿਆਰ ਕਰਨ ਰਹੀ ਹੈ ਜਿਸਦੀ ਬਦੌਲਤ ਪ੍ਰੋਜੈਕਟ ਦੀ ਲਾਗਤ ਘੱਟ ਹੋ ਜਾਵੇਗੀ ਅਤੇ ਬਰਫ ਨੂੰ ਇੰਨੀ ਦੂਰ ਤੱਕ ਖਿੱਚ ਕੇ ਲਿਆਉਣ ਦੇ ਦੌਰਾਨ ਇਹ ਜਰਾ ਜਿੰਨੀ ਵੀ ਨਹੀਂ ਪਿਘਲੇਗੀ। ਬਰਫ ਨੂੰ ਪਾਣੀ ਦਟ ਰਸਤੇ ਹੀ ਲਿਆਂਦਾ ਜਾਵੇਗਾ। ਦਰਅਸਲ ਅਮੀਰਾਤ ਪਾਣੀ ਦੀਆਂ ਆਪਣੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਅਲੱਗ-ਅਲੱਹ ਸੰਭਾਵਨਾਂ 'ਤੇ ਵਿਚਾਰ ਕਰ ਰਿਹਾ ਹੈ।

**ਡਿਵੈਪਲ ਹੋਵੇਗਾ ਗਲੇਸ਼ੀਅਰ ਟੂਰਿਜਮ:-** ਇਹ ਕੰਮ ਜਿਸ ਕੰਪਨੀ ਨੂੰ ਸੌਂਪਿਆ ਗਿਆ ਹੈ, ਉਸ ਨੇ ਇਸ ਨਾਲ ਜੁੜੀਆਂ ਕੁੱਝ ਜਾਣਕਾਰੀਆਂ ਸਾਂਝਾ ਕਰਨ ਲਈ ਇੱਕ ਵੈਬਸਾਈਟ ਸ਼ੁਰੂ ਕੀਤੀ ਹੈ।ਜਿਸ ਦਾ ਕਹਿਣਾ ਹੈ ਕਿ ਇਹ ਪ੍ਰੋਜੈਕਟ ਯੂ ਏ ਈ ਨੂੰ ਗਲੇਸ਼ੀਅਰ ਟੂਰਿਜਮ ਮੈਪ 'ਤੇ ਥਾਂ ਦਵੇਗਾ। ਇਹ ਅਜਿਹਾ ਪਹਿਲਾ ਰੇਗਿਸਤਾਨ ਦੇਸ਼ ਹੋਵੇਗਾ

# ਭਾਰਤ ਦੀ ਇਸ ਗੁਫਾ 'ਚ ਲੁਕਿਆ ਹੈ ਦੁਨੀਆ ਦੇ ਅੰਤ ਦਾ ਰਾਜ






ਨਵੀਂ ਦਿੱਲੀ (ਪੱਤਰ ਪ੍ਰੇਰਕ)— ਦੁਨੀਆਭਰ 'ਚ ਅਜਿਹੀਆਂ ਕਈ ਗੁਫਾਵਾਂ ਹਨ ਜੋ ਕਿ ਆਪਣੇ ਅਨੋਖੀ ਖਾਸੀਅਤ ਲਈ ਮਸ਼ਹੂਰ ਹਨ। ਤੁਸੀਂ ਵੀ ਅਜਿਹੀਆਂ ਕਈ ਰਹੱਸਮਈ ਗੁਫਾਵਾਂ ਬਾਰੇ ਸੁਣਿਆ ਹੋਵੇ ਪਰ ਅੱਜ ਅਸੀਂ ਤੁਹਾਨੂੰ ਇਕ ਅਜਿਹੀ ਗੁਫਾ ਬਾਰੇ ਦੱਸਣ ਜਾ ਰਹੇ ਹਾਂ ਜਿਸ 'ਚ ਦੁਨੀਆ ਦੇ ਅੰਤ ਦਾ ਰਹੱਸ ਲੁਕਿਆ ਹੈ। ਉਤਰਾਖੰਡ, ਕੁਮਾਊਂ ਮੰਡਰ ਦੇ ਗੰਗੋਲੀਹਾਟ ਕਸਬੇ 'ਚ ਸਥਿਤ ਇਸ ਗੁਫਾ 'ਚ ਦੁਨੀਆ ਦੇ ਖਤਮ ਹੋਣ ਦਾ ਰਾਜ ਲੁਕਿਆ ਹੋਇਆ ਹੈ। ਆਓ ਜਾਣਦੇ ਹਾਂ ਇਸ ਗੁਫਾ ਬਾਰੇ ਕੁਝ ਦਿਲਚਸਪ ਗੱਲਾਂ। ਉਤਰਾਖੰਡ ਦੀਆਂ ਵਾਦੀਆਂ ਦੇ ਵਿਚ ਬਣੀ ਪਾਤਾਲ ਭੁਵਨੇਸ਼ਵਰ ਗੁਫਾ ਦਾ ਜ਼ਿਕਰ ਸ਼ਾਸਤਰਾਂ 'ਚ ਵੀ ਹੈ ਪਰ ਫਿਰ ਵੀ ਬਹੁਤ ਘੱਟ ਲੋਕ ਇਸ ਦੇ ਬਾਰੇ 'ਚ ਜਾਣਦੇ ਹਨ। ਉਤਰਾਖੰਡ ਦੀਆਂ ਵਾਦੀਆਂ ਦੇ ਵਿਚ ਬਣੀ ਇਹ ਗੁਫਾ ਕਿਸੇ ਹੈਰਾਨੀ ਤੋਂ ਘੱਟ ਨਹੀਂ ਹੈ। ਇਹ ਗੁਫਾ ਪਿਥੌਰਾਗੜ੍ਹ ਦੇ ਗੰਗੋਲੀਹਾਟ ਕਸਬੇ ਦੇ ਪਹਾੜ੍ਹਾ 'ਚ 90 ਫੁੱਟ ਅੰਦਰ ਬਣੀ ਹੈ ਜਿਸ 'ਚ ਮੌਜੂਦ ਪੱਥਰ ਤੋਂ ਪਤਾ ਲਗਾਇਆ ਜਾ ਸਕਦਾ ਹੈ ਕਿ ਦੁਨੀਆ ਦਾ ਅੰਤ ਕਦੋਂ ਹੋਵੇਗਾ। ਇਸ ਗੁਫਾ ਦੀ ਖੋਜ ਭਗਵਾਨ ਸ਼ਿਵ ਦੇ ਬਹੁਤ ਵੱਡੇ ਭਗਤ ਅਯੋਧਿਆ ਦੇ ਰਾਜਾ ਰਿਤੁਪੂਰਨ ਨੇ ਕੀਤੀ ਸੀ।ਇਸ ਗੁਫਾ 'ਚ ਚਾਰ ਯੁਗਾਂ ਦੇ ਪ੍ਰਤੀਕ ਰੂਪ 'ਚ ਚਾਰ ਪੱਥਰ ਮੌਜੂਦ ਹਨ, ਜਿਸ 'ਚੋਂ ਇਕ ਪੱਥਰ ਨੂੰ ਕਲਯੁਗ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਪੱਥਰ ਹੌਲੀ-ਹੌਲੀ ਉੱਪਰ ਉੱਠ ਰਿਹਾ ਹੈ ਅਤੇ ਮੰਨਿਆ ਜਾਂਦਾ ਹੈ ਕਿ ਜਿਸ ਦਿਨ ਇਹ ਪੱਥਰ ਦੀਵਾਰ ਨਾਲ ਟਕਰਾ ਜਾਵੇਗਾ ਉਸ ਦਿਨ ਕਲਯੁਗ ਦਾ ਅੰਤ ਹੋਵੇਗਾ। ਪਾਤਾਲ ਭੁਵਨੇਸ਼ਵਰ ਦੇ ਨਾਮ ਨਾਲ ਜਾਣੀ ਜਾਣ ਵਾਲੀ ਇਹ ਗੁਫਾ ਭਗਵਾਨ ਸ਼ਿਵ ਦਾ ਨਿਵਾਸ ਮੰਨੀ ਜਾਂਦੀ ਹੈ ਅਤੇ ਇਹ ਸ਼ਿਵ, ਬ੍ਰਹਮਾ ਅਤੇ ਵਿਸ਼ਨੂ ਜੀ ਦੀਆਂ ਵੀ ਮੂਰਤੀਆਂ ਹਨ। ਗੁਫਾ ਦੀ ਛੱਤ 'ਤੇ ਬਣੇ ਇਕ ਛੇਦ ਨਾਲ ਇਨ੍ਹਾਂ ਤਿੰਨਾਂ ਮੂਰਤੀਆਂ 'ਤੇ ਵਾਰੀ-ਵਾਰੀ ਪਾਣੀ ਟਪਕਦਾ ਹੈ। ਤੁਸੀਂ ਇਸ ਗੁਫਾ 'ਚ ਭਗਵਾਨ ਸ਼ਿਵ ਦੀਆਂ ਜਟਾਵਾਂ ਨਾਲ ਕੇਦਾਰਨਾਥ, ਬਦਰੀਨਾਥ ਅਤੇ ਅਮਰਨਾਥ ਦੇ ਦਰਸ਼ਨ ਵੀ ਕਰ ਸਕਦੇ ਹੋ। ਕਿਹਾ ਜਾਂਦਾ ਹੈ ਕਿ ਇੱਥੇ ਸਾਰੇ ਭਗਵਾਨ ਆ ਕੇ ਸ਼ਿਵ ਜੀ ਦੀ ਪੂਜਾ ਕਰਦੇ ਹਨ। ਗੁਫਾ ਦੇ ਅੰਦਰ ਜਾਉਣ 'ਤੇ ਤੁਹਾਨੂੰ ਇਸ ਦਾ ਕਾਰਨ ਵੀ ਸਮਝ ਆ ਜਾਵੇਗਾ। ਇਸ ਗੁਫਾ 'ਚ ਬਣੇ 4 ਦੁਆਰ ਨੂੰ ਪਾਪ ਦੁਆਰ, ਰਣਦੁਆਰ, ਧਰਮਦੁਆਰ, ਅਤੇ ਮੋਕਸ਼ ਦੇ ਰੂਪ 'ਚ ਬਣਾਇਆ ਗਿਆ ਹੈ।ਇਸ ਗੁਫਾ ਦਾ ਪਾਪਦੁਆਰ ਰਾਵਣ ਦੀ ਮੌਤ ਦੇ ਬਾਅਦ, ਰਣਦੁਆਰ ਮਹਾਭਾਰਚ ਦੇ ਬਾਅਦ ਬੰਦ ਹੋ ਗਿਆ ਸੀ ਜਦਕਿ ਧਰਮਦੁਆਰ ਹੁਣ ਤਕ ਖੁੱਲ੍ਹਿਆ ਹੋਇਆ ਹੈ। ਗੁਫਾ ਦੇ ਅੰਦਰ ਜਾਣ ਵਾਲਾ ਰਸਤਾ ਇੰਨਾ ਸੰਕਰਾ ਹੈ ਕਿ ਤੁਹਾਡਾ ਜਾਣਾ ਮੁਸ਼ਕਿਲ ਹੋ ਜਾਵੇਗਾ। ਗੁਫਾ ਦੇ ਅੰਦਰ 33 ਕਰੋੜ ਦੇਵੀ ਦੇਵਤਿਆਂ ਦੀ ਆਕਰਿਤੀ ਦੇ ਇਲਾਵਾ ਸ਼ੇਸ਼ਨਾਗ ਦਾ ਫਨ ਵੀ ਹੈ। ਹਰ ਸਾਲ ਇੱਥੇ ਕੀ ਯਾਤਰੀ ਇਸ ਗੁਫਾ ਨੂੰ ਦੇਖਣ ਲਈ ਆਉਂਦੇ ਹਨ। ਇਸ ਗੁਫਾ 'ਚ ਜਾਣ ਲਈ ਤੁਹਾਨੂੰ ਪਾਣੀ ਦੇ ਵਿਚੋਂ ਦੀ ਹੋ ਕੇ ਲੰਘਣਾ ਪਵੇਗਾ। ਇੱਥੋਂ ਤੁਸੀਂ ਕੁਦਰਤ ਦਾ ਭਰਪੂਰ ਆਨੰਦ ਲੈ ਸਕਦੇ ਹੋ।

# ਅਮੀਰੀ ਵਿੱਚ ਮੂਸਾ ਨੂੰ ਨਹੀਂ ਦੇ ਸਕਦਾ ਕੋਈ ਮਾਤ

## ਆਧੁਨਿਕ ਇਤਿਹਾਸ ਦੇ ਸਭ ਤੋਂ ਅਮੀਰ ਬੇਜੋਸ ਵੀ 50 ਗੁਣਾ ਪਿੱਛੇ





ਨਿਊਯਾਰਕ (ਪੱਤਰ ਪ੍ਰੇਰਕ) ਅਮੇਜਨ ਦੇ ਪ੍ਰਮੁੱਖ ਜੈਫ ਬੇਜੋਸ ਆਧੁਨਿਕ ਇਤਿਹਾਸ ਦੇ ਅਜਿਹੇ ਪਹਿਲਾਂ ਅਮੀਰ ਬਣ ਗਏ ਹਨ , ਜਿਨ੍ਹਾਂ ਨੇ 150 ਅਰਬ ਡਾਲਰ ਦੀ ਨੇਟਵਰਥ ਦੀ ਜਾਦੁਈ ਸੰਖਿਆ ਨੂੰ ਪਾਰ ਕਰ ਲਿਆ ਹੈ। ਬਲੂਮਬਰਗ ਬਿਲੀਨੀਅਰਸ ਇੰਡੈਕਸ ਦੇ ਮੁਤਾਬਕ , ਲੰਘੇ ਸੋਮਵਾਰ ਨੂੰ ਜੈਫ ਬੇਜੋਸ ਦੀ ਨੈਟਵਰਥ 150 ਅਰਬ ਡਾਲਰ ( ਕਰੀਬ 10.27 ਲੱਖ ਕਰੋੜ ਰੁਪਏ ) ਹੋ ਗਈ ਹੈ। 36 ਘੰਟੇ ਦੀ ਮਹਾਂ ਸੇਲ , ਪ੍ਰਾਇਮ ਡੇਅ ਦੀ ਸ਼ੁਰੂਆਤ ਦੇ ਬਾਅਦ ਬੇਜੋਸ ਦੀ ਨੈਟਵਰਥ ਵਿੱਚ ਇਹ ਤੇਜੀ ਦੇਖਣ ਨੂੰ ਮਿਲੀ। ਕੰਪਨੀ ਦਾ ਸ਼ੇਅਰ ਪ੍ਰਾਈਸ ਨਿਊਯਾਰਕ ਵਿੱਚ ਸਵੇਰੇ 11:10 ਵਜੇ 1,825.73 ਡਾਲਰ ਉੱਤੇ ਪਹੁੰਚ ਗਿਆ। ਇਸਦੀ ਵਜ੍ਹਾ ਨਾਲ ਬੇਜੋਸ ਦੀ ਨੈਟਵਰਥ 150.8 ਅਰਬ ਡਾਲਰ ਉੱਤੇ ਪਹੁੰਚ ਗਈ। ਦੁਨੀਆ ਦੇ ਸਭ ਤੋਂ ਅਮੀਰ ਬਨਣ ਦੇ ਬਾਵਜੂਦ ਹੁਣੇ ਇਤਿਹਾਸ ਦੇ ਸਭ ਤੋਂ ਅਮੀਰ ਸ਼ਖਸ ਮੂਸਾ ਤੋਂ ਕਾਫ਼ੀ ਪਿੱਛੇ ਹੈਂ। ਮੂਸੇ ਦੇ ਕੋਲ ਜੈਫ ਬੇਜੋਸ ਤੋਂ 50 ਗੁਣਾ ਜ਼ਿਆਦਾ ਦੌਲਤ ਸੀ। ਜੋ ਕਿ ਕਰੀਬ 7.5 ਲੱਖ ਕਰੋੜ ਡਾਲਰ ਕਰੀਬ ਸੀ।

**ਕਿਵੇਂ ਆਧੁਨਿਕ ਇਤਿਹਾਸ ਦੇ ਸਭ ਤੋਂ ਅਮੀਰ ਬਣੇ ਬੇਜੋਸ**

ਆਧੁਨਿਕ ਇਤਿਹਾਸ ਦੇ ਸਭ ਤੋਂ ਅਮੀਰ ਆਦਮੀ ਦਾ ਖਿਤਾਬ ਹੁਣ ਤੱਕ ਮਾਈਕਰੋਸਾਫਟ ਦੇ ਪ੍ਰਮੁੱਖ ਬਿਲ ਗੇਟਸ ਦੇ ਕੋਲ ਸੀ। ਬਲੂਮਬਰਗ ਦੇ ਮੁਤਾਬਕ ਇਨਫਲੇਸ਼ਨ ਐਡਜਸਟੇਡ ਟਰਮ ਵਿੱਚ ਬੇਜੋਸ ਨੇ ਬਿਲ ਗੇਟਸ ਨੂੰ ਪਿੱਛੇ ਕਰ ਦਿੱਤਾ ਹੈ। ਬਿਲ ਗੇਟਸ ਦੀ ਵੇਲਥ 1999 ਵਿੱਚ 100 ਅਰਬ ਡਾਲਰ ਦੇ ਪਾਰ ਗਈ ਸੀ। ਉਦੋਂ ਹੀ ਉਨ੍ਹਾਂ ਦੀ ਵੈਲਥ ਰਿਕਾਰਡ ਲੈਵਲ ਉੱਤੇ ਪਹੁੰਚੀ ਸੀ। 1999 ਦੀ 100 ਅਰਬ ਡਾਲਰ ਦੀ ਨੈਟਵਰਥ ਨੂੰ ਜੇਕਰ ਮੌਜੂਦਾ ਦੌਰ ਦੀ ਮਹਿੰਗਾਈ ਦੇ ਹਿਸਾਬ ਨਾਲ ਵੇਖੋ ਤਾਂ ਗੇਟਸ ਦੀ ਨੈਟਵਰਥ ਕਰੀਬ 149 ਅਰਬ ਡਾਲਰ ਦੇ ਕਰੀਬ ਬਣਦੀ ਹੈ। ਉਥੇ ਹੀ ਬੇਜੋਸ 150 ਅਰਬ ਡਾਲਰ ਦੇ ਅੰਕਾ ਉੱਤੇ ਖੜੇ ਹਨ।

**ਆਧੁਨਿਕ ਇਤਿਹਾਸ ਦਾ ਸਭ ਤੋਂ ਅਮੀਰ ਹੋਣ ਦਾ ਕੀ ਮਤਲਬ**

ਅੱਜ ਵੀ ਨੈਟਵਰਥ ਦੇ ਟਰਮ ਵਿੱਚ ਅਸੀ ਕਿਸੇ ਨੂੰ ਆਧੁਨਿਕ ਇਤਹਾਸ ਦਾ ਸਭ ਤੋਂ ਅਮੀਰ ਵਿਅਕਤੀ ਦੱਸਦੇ ਹਨ ਤਾਂ ਇਸ ਦੀ ਤੁਲਨਾ 1982 ਵਿੱਚ ਫੋਰਬਸ ਮੈਗਜੀਨ ਵਲੋਂ ਪਹਿਲੀ ਵਾਰ ਜਾਰੀ ਦੁਨੀਆ ਦੇ ਅਰਬਪਤੀਆਂ ਦੀ ਵੈਲਥ ਰੈਂਕਿੰਗ ਤੋਂ ਹੁੰਦਾ ਹੈ। ਇਸਤੋਂ ਪਹਿਲਾਂ ਕਦੇ ਵੀ ਦੁਨੀਆ ਦੇ ਅਮੀਰਾਂ ਦੀ ਦੌਲਤ ਇੱਕ ਖਾਸ ਮੈਥਡ ਨਾਲ ਨਹੀਂ ਜੋੜੀ ਗਈ। ਮੌਜੂਦਾ ਦੌਰ ਵਿੱਚ ਹਰ ਪਬਲੀਸ਼ਿੰਗ ਹਾਉਸ ਇਸ ਮੈਥਡ ਤੋਂ ਅਮੀਰਾਂ ਦੀ ਦੌਲਤ ਜੋੜਦਾ ਹੈ। ਇਸ ਵਿੱਚ ਸ਼ੇਅਰ ਮਾਰਕਿਟ ਵੈਲਿਊ ਅਤੇ ਏਸਟ ਵਰਗੀਆਂ ਚੀਜਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਮਤਲਬ ਸਾਫ਼ ਹੈ ਕਿ ਬੇਜੋਸ 1982 ਦੇ ਬਾਅਦ ਦੀ ਦੁਨੀਆ ਦੇ ਹੁਣ ਤੱਕ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਹਨ।

**ਇਤਿਹਾਸ ਦੇ ਸਭ ਤੋਂ ਅਮੀਰ ਵਿਅਕਤੀ ਤੋਂ ਕਿੰਨਾ ਅਮੀਰ ਹਨ ਬੇਜੋਸ** ਹੁਣ ਸਵਾਲ ਉੱਠਦਾ ਹੈ ਕਿ ਆਧੁਨਿਕ ਇਤਿਹਾਸ ਦਾ ਸਭ ਤੋਂ ਅਮੀਰ ਵਿਅਕਤੀ ਬਨਣ ਦੇ ਬਾਅਦ ਬੇਜੋਸ ਕੀ ਇਤਿਹਾਸ ਦੇ ਸਭ ਤੋਂ ਅਮੀਰ ਵਿਅਕਤੀ ਤੋਂ ਵੀ ਅਮੀਰ ਹਨ। ਇਸ ਤੋਂ ਪਹਿਲਾਂ ਟਾਇਮ ਮੈਗਜੀਨ ਨੇ 2009 ਵਿੱਚ ਇਤਿਹਾਸ ਦੇ 10 ਸਭ ਤੋਂ ਅਮੀਰ ਲੋਕਾਂ ਦੀ ਲਿਸਟ ਜਾਰੀ ਕੀਤੀ ਸੀ। ਇਸ ਲਿਸਟ ਵਿੱਚ ਮਾਲੀ ਦੇ ਸ਼ਾਸਕ ਰਹੇ ਮਨਨਾ ਮੂਸਾ ਨੂੰ ਇਤਿਹਾਸ ਦਾ ਸਭ ਤੋਂ ਅਮੀਰ ਵਿਅਕਤੀ ਬਣਾਇਆ ਗਿਆ ਸੀ। ਟਾਇਮ ਮੈਗਜੀਨ ਨੇ ਸਿੱਖਿਆ ਸ਼ਾਸ਼ਤਰੀਆਂ , ਇਕੋਨਾਮਿਸਟਾਂ ਅਤੇ ਇਤਿਹਾਸਕਾਰਾਂ ਦੀ ਸਲਾਹ ਲੈਣ ਤੋਂ ਬਾਅਦ ਹੀ ਇਹ ਲਿਸਟ ਜਾਰੀ ਕੀਤੀ ਸੀ। ਇਸ ਲਿਸਟ ਵਿੱਚ ਬਾਦਸ਼ਾਹ ਅਕਬਰ ਨੂੰ ਵੀ ਥਾਂ ਮਿਲੀ ਸੀ। ਉੱਥੇ ਹੀ ਬਿਲ ਗੇਟਸ ਇਸ ਲਿਸਟ ਵਿੱਚ 9ਵੇਂ ਸਥਾਨ 'ਤੇ ਸਨ।

**ਅਖੀਰ ਕਿੰਨੇ ਅਮੀਰ ਸਨ ਇਤਹਾਸ ਦੇ ਸਭ ਤੋਂ ਅਮੀਰ ਵਿਅਕਤੀ ਮੂਸਾ**

ਮੂਸਾ ਪੱਛਮ ਅਫਰੀਕੀ ਦੇਸ਼ ਮਾਲੀ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਸਾਮਰਾਜ ਨੂੰ ਟਿੰਬਕਟੂ ਦੇ ਨਾਮ ਵਲੋਂ ਜਾਣਿਆ ਜਾਂਦਾ ਸੀ। ਫੇਰਮ ਕਾਲਜ ਵਿੱਚ ਇਤਿਹਾਸ ਦੇ ਪ੍ਰੋਫ਼ੈਸਰ ਰਿਚਰਡ ਸਮਿਥ ਦੇ ਅਨੁਸਾਰ , ਮੂਸਾ ਦੁਨੀਆ ਦੇ ਸਭ ਤੋਂ ਵੱਡੇ ਗੋਲਡ ਪ੍ਰੋਡਿਊਸਰ ਸਨ। ਮੌਜੂਦਾ ਦੌਰ ਵਿੱਚ ਗੋਲਡ ਦੁਨੀਆ ਦਾ ਸਭ ਤੋਂ ਕੀਮਤੀ ਮਟੀਰੀਅਲ ਹੈ। ਮੂਸੇ ਦੇ ਬਾਰੇ ਵਿੱਚ ਮੱਕਾ ਵਿੱਚ ਕਈ ਕਹਾਣੀਆਂ ਪ੍ਰਚੱਲਤ ਹਨ। ਉਹ ਆਪਣੇ ਨਾਲ ਦਰਜਨਾਂ ਊਠਾਂ ਉੱਤੇ ਸੋਨਾ ਲੈ ਕੇ ਚਲਿਆ ਕਰਦੇ ਸਨ। ਉਨ੍ਹਾਂ ਦਾ ਰਹਿਨ - ਸਹਿਣ ਇੰਨਾ ਸ਼ਾਹੀ ਸੀ ਕਿ ਇਸਦੇ ਚਲਦੇ ਮਿਸਰ ਵਿੱਚ ਕਰੰਸੀ ਕਰਾਈਸਿਸ ਹੋ ਗਿਆ ਸੀ। ਮੂਸੇ ਦੇ ਕੋਲ ਕਰੀਬ 2 ਲੱਖ ਦੀ ਫੌਜ ਸੀ। ਇਸ ਵਿੱਚ 40 ਹਜਾਰ ਨਿਸ਼ਾਨੇ ਬਾਜ ਸਨ। ਇਤਿਹਾਸਕਾਰਾਂ ਦੇ ਮੁਤਾਬਕ , ਉਸ ਦੌਰ ਵਿੱਚ ਇੰਨੀ ਵੱਡੀ ਫੌਜ ਰੱਖਣ ਤੋਂ ਪਤਾ ਚੱਲਦਾ ਹੈ ਕਿ ਮੂਸਾ ਹੁਣ ਤੱਕ ਦੇ ਸਭ ਤੋਂ ਅਮੀਰ ਸ਼ਖਸ ਹੈ

### ਆਖਿਰ ਕਿੱਥੇ ਕੁ ਹਨ ਬੇਜੋਸ

ਜਿਵੇਂ ਕਿ ਉੱਤੇ ਕਿਹਾ ਗਿਆ ਹੈ ਕਿ ਮੂਸੇ ਦੇ ਅਧਿਕਾਰ ਵਿੱਚ ਦੁਨੀਆ ਦਾ ਜਿਆਦਾਤਰ ਸੋਨਾ ਸੀ। ਵਰਲਡ ਗੋਲਡ ਕਾਉਂਸਿਲ ਦੇ ਮੁਤਾਬਕ , ਮੁਤਾਬਕ ਮੌਜੂਦਾ ਦੌਰ ਵਿੱਚ ਦੁਨੀਆ ਵਿੱਚ ਜੋ ਸੋਨਾ ਹੈ ਉਸਦੀ ਟੋਟਲ ਵੈਲਿਊ ਕਰੀਬ 7.5 ਲੱਖ ਕਰੋੜ ਡਾਲਰ ਹੈ। ਅਜਿਹੇ ਵਿੱਚ ਮੰਨਿਆ ਜਾ ਸਕਦਾ ਹੈ ਕਿ ਇਤਹਾਸ ਦੇ ਕਿਸੇ ਦੌਰ ਵਿੱਚ ਇਹ ਸਾਰਾ ਗੋਲਡ ਮੂਸਾ ਦਾ ਰਿਹਾ ਹੋਵੇਗਾ। ਮਤਲਬ ਇੱਕ ਤਰੀਕੇ ਨਾਲ ਉਨ੍ਹਾਂ ਦੀ ਦੌਲਤ ਨੂੰ 7.5 ਲੱਖ ਕਰੋੜ ਡਾਲਰ ਕਿਹਾ ਜਾਂਦਾ ਸਕਦਾ ਹੈ। ਉਥੇ ਹੀ ਬੇਜੋਸ ਦੇ ਕੋਲ ਸਿਰਫ 150 ਅਰਬ ਡਾਲਰ ਜਾਂ 15, 000 ਕਰੋੜ ਡਾਲਰ ਹੀ ਦੌਲਤ ਹੈ। ਇਸ ਹਿਸਾਬ ਨਾਲ ਵੇਖੋ ਤਾਂ ਮੂਸਾ ਸਿਰਫ ਗੋਲਡ ਦੇ ਮਾਮਲੇ ਵਿੱਚ ਹੀ ਬੇਜੋਸ ਵਲੋਂ 50 ਗੁਣਾ ਜ਼ਿਆਦਾ ਅਮੀਰ ਸਨ। ਹਾਲਾਂਕਿ ਇਸ ਵਿੱਚ ਉਨ੍ਹਾਂ ਦੇ ਸਾਮਰਾਜ ਦੀ ਜੀਡੀਪੀ ਅਤੇ ਵੈਲਿਊ ਇਸ ਵਿੱਚ ਸ਼ਾਮਿਲ ਨਹੀਂ ਹੈ। ਇਸ ਹਿਸਾਬ ਨਾਲ ਬੇਜੋਸ ਅੱਜ ਦੇ ਸਭ ਤੋਂ ਅਮੀਰ ਵਿਅਕਤੀ ਤਾਂ ਹਨ, ਪਰ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਤੋਂ ਕੋਹਾਂ ਦੂਰ ਹਨ।

## ਇਸ ਦੇਸ਼ 'ਚ ਸਕਾਰਟਸ 'ਚ ਨਜ਼ਰ ਆਈਆਂ ਮਹਿਲਾ ਪੁਲਸ ਕਰਮਚਾਰੀ, ਲੋਕਾਂ ਨੇ ਕੀਤਾ ਵਿਰੋਧ




ਬੇਰੁੱਤ (ਪੱਤਰ ਪ੍ਰੇਰਕ)- ਲੇਬਨਾਨ ਵਿਚ ਅੱਜ-ਕੱਲ੍ਹ ਮਹਿਲਾ ਪੁਲਸ ਕਰਮਚਾਰੀ ਬਲੈਕ ਮਿਨੀ-ਸਕਰਟ ਪਹਿਨ ਕੇ ਡਿਊਟੀ ਕਰਦੀਆਂ ਦਿੱਸ ਰਹੀਆਂ ਹਨ। ਹਰ ਜਗ੍ਹਾ ਇਸ ਗੱਲ ਦੀ ਚਰਚਾ ਕੀਤੀ ਜਾ ਰਹੀ ਹੈ। ਲੇਬਨਾਨ ਦੇ ਬਰੁਮਾਨਾ ਸਿਟੀ ਦੇ ਮੇਅਰ ਨੇ ਸੈਰ ਸਪਾਟੇ ਨੂੰ ਵਧਾਵਾ ਦੇਣ ਦੇ ਉਦੇਸ਼ ਨਾਲ ਇਹ ਕਦਮ ਉਠਾਇਆ ਹੈ। ਲੇਬਨਾਨ ਵਿਚ ਨੌਜਵਾਨ ਕੁੜੀਆਂ ਨੂੰ ਪੁਲਸ ਵਿਚ ਭਰਤੀ ਕੀਤਾ ਜਾ ਰਿਹਾ ਹੈ ਅਤੇ ਇਹ ਕੁੜੀਆਂ ਮਿਨੀ-ਸਕਰਟ ਪਹਿਨ ਕੇ ਸੜਕ 'ਤੇ ਗਸ਼ਤ ਕਰ ਰਹੀਆਂ ਹਨ। ਮੇਅਰ ਪਿਅਰੇ ਅਚਕਰ ਨੇ ਸੈਰ ਸਪਾਟੇ ਨੂੰ ਵਧਾਵਾ ਦੇਣ ਦੇ ਇਲਾਵਾ ਵੀ ਇਕ ਹੋਰ ਖਾਸ ਉਦੇਸ਼ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ,"ਪੱਛਮ ਵਿਚ ਲੇਬਨਾਨ ਦਾ ਜਿਸ ਤਰ੍ਹਾਂ ਦਾ ਅਕਸ ਬਣਿਆ ਹੋਇਆ ਹੈ, ਅਸੀਂ ਉਸ ਨੂੰ ਬਦਲਣਾ ਚਾਹੁੰਦੇ ਹਾਂ।" ਅਚਕਰ ਦਾ ਕਹਿਣਾ ਹੈ ਕਿ ਮੈਡੇਟੇਰੀਅਨ ਖੇਤਰ ਵਿਚ ਕਰੀਬ 99 ਫੀਸਦੀ ਸੈਲਾਨੀ ਸ਼ੌਰਟਸ ਪਹਿਨਦੇ ਹਨ। ਸੋਸ਼ਲ ਮੀਡੀਆ 'ਤੇ ਇਸ ਮਾਮਲੇ ਨੂੰ ਲੈ ਕੇ ਬਹੁਤ ਚਰਚਾ ਕੀਤੀ ਜਾ ਰਹੀ ਹੈ। ਕੁਝ ਲੋਕਾਂ ਵੱਲੋਂ ਇਸ ਨੂੰ ਸਮਰਥਨ ਦਿੱਤਾ ਜਾ ਰਿਹਾ ਹੈ ਤਾਂ ਕੁਝ ਲੋਕ ਇਸ ਦਾ ਵਿਰੋਧ ਕਰ ਰਹੇ ਹਨ। ਕੁਝ ਯੂਜ਼ਰਸ ਦਾ ਕਹਿਣਾ ਹੈ ਕਿ ਜਿੱਥੇ ਪੁਰਸ਼ ਕਰਮਚਾਰੀ ਦੇ ਕੱਪੜਿਆਂ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਨਹੀਂ ਕੀਤੀ ਗਈ ਹੈ ਉੱਥੇ ਔਰਤਾਂ ਦੀ ਯੂਨੀਫਾਰਮ ਵਿਚ ਇੰਨੀ ਵੱਡੀ ਤਬਦੀਲੀ ਕਿਉਂ ਕੀਤੀ ਗਈ ਹੈ।ਉੱਧਰ ਮਿਨੀ ਸਕਰਟ ਪਹਿਨ ਕੇ ਡਿਊਟੀ ਕਰ ਰਹੀਆਂ ਮਹਿਲਾ ਪੁਲਸ ਕਰਮਚਾਰੀਆਂ ਨੇ ਇਸ ਮੁਹਿਮ ਨੂੰ ਲੈ ਕੇ ਭਰੋਸਾ ਜ਼ਾਹਰ ਕੀਤਾ ਹੈ। ਬਰੂਮਾਨਾ ਵਿਚ ਹਾਲ ਵਿਚ ਹੀ ਪੁਲਸ ਵਿਚ ਨਿਯੁਕਤ ਕੀਤੀ ਗਈ ਮਹਿਲਾ ਸਮਾਂਥਾ ਸਾਦ ਦਾ ਕਹਿਣਾ ਹੈ,"ਅਸੀਂ ਇਕ ਸਨਮਾਨਿਤ ਨਗਰ ਪਾਲਿਕਾ ਦੇ ਨਾਲ ਕੰਮ ਕਰ ਰਹੀਆਂ ਹਾਂ। ਅਸੀਂ ਕਾਲਜ ਦੀਆਂ ਵਿਦਿਆਰਥਣਾਂ ਹਾਂ।" ਮਾਊਂਟ ਲੇਬਨਾਨ ਵਿਚ ਸਥਿਤ ਬਰੂਮਾਨਾ ਵਿਚ ਨਗਰ ਪਾਲਿਕਾ ਨੇ ਨੌਜਵਾਨ ਮਹਿਲਾ ਕਰਮਚਾਰੀਆਂ ਦੀ ਇਕ ਟੀਮ ਨੂੰ ਸੜਕ 'ਤੇ ਗਸ਼ਤ ਕਰਨ ਲਈ ਨਿਯੁਕਤ ਕੀਤਾ ਹੈ। ਇਕ ਯੂਜ਼ਰ ਨੇ ਫੇਸਬੁੱਕ 'ਤੇ ਇਸ ਮੁਹਿਮ ਦਾ ਵਿਰੋਧ ਕਰਦਿਆਂ ਕਿਹਾ,"ਇਹ ਪੂਰੀ ਤਰ੍ਹਾਂ ਨਾਲ ਸੈਕਸਿਸਟ ਮੂਵ ਹੈ। ਤੁਹਾਨੂੰ ਇਕ ਤਰ੍ਹਾਂ ਦਾ ਕੰਮ ਕਰਨ ਵਾਲੇ ਪੁਰਸ਼ ਅਤੇ ਮਹਿਲਾ ਨੂੰ ਇਕੋ ਜਿਹੀ ਯੂਨੀਫਾਰਮ ਦੇਣੀ ਚਾਹੀਦੀ ਹੈ। ਆਧੁਨਿਕ ਦੇਸ਼ਾਂ ਵਿਚ ਵੀ ਅਜਿਹਾ ਹੀ ਹੁੰਦਾ ਹੈ।"

## ਫਰਾਂਸ 'ਚ ਉੱਡਿਆ ਵ੍ਹੇਲ ਮੱਛੀ ਵਰਗਾ ਜਹਾਜ਼




ਤੌਲੁਜ (ਪੱਤਰ ਪ੍ਰੇਰਕ)— ਫਰਾਂਸ 'ਚ ਵੀਰਵਾਰ ਨੂੰ ਵ੍ਹੇਲ ਮੱਛੀ ਵਾਂਗ ਦਿਖਾਈ ਦੇਣ ਵਾਲੇ ਜਹਾਜ਼ ਨੇ ਪਹਿਲੀ ਵਾਰ ਉਡਾਣ ਭਰੀ। ਇਹ ਜਹਾਜ਼ ਦੁਨੀਆ 'ਚ ਮੌਜੂਦ ਸਭ ਤੋਂ ਵੱਡੇ ਜਹਾਜ਼ਾਂ 'ਚੋਂ ਇਕ ਹੈ। ਜਹਾਜ਼ ਨੂੰ ਇਸ ਤਰ੍ਹਾਂ ਦਾ ਆਕਾਰ ਦੇ ਕੇ ਪੇਂਟ ਕੀਤਾ ਗਿਆ ਹੈ ਜਿਵੇਂ ਕੋਈ ਮੱਛੀ ਹੱਸ ਰਹੀ ਹੋਵੇ। ਇਸ ਜਹਾਜ਼ ਦਾ ਨਾਂ 'ਬੇਲੁਗਾ ਐੱਕਸ. ਐੱਲ.' ਹੈ, ਜਿਸ ਨੂੰ 2014 'ਚ ਲਾਂਚ ਕੀਤਾ ਗਿਆ ਸੀ। ਇਸ ਦਾ ਨਾਂ ਬੇਲੁਗਾ ਵ੍ਹੇਲ ਮੱਛੀ ਦੇ ਨਾਂ 'ਤੇ ਰੱਖਿਆ ਗਿਆ ਹੈ। ਇਸ ਡਿਜ਼ਾਈਨ ਦੇ ਪੱਖ 'ਚ ਆਨਲਾਈਨ ਪੋਲ 'ਚ 20 ਹਜ਼ਾਰ ਲੋਕਾਂ ਨੇ ਵੋਟਾਂ ਪਾਈਆਂ ਸਨ। ਇਸ ਹੱਸਦੀ ਹੋਈ ਵ੍ਹੇਲ ਨੇ ਇੰਟਰਨੈੱਟ 'ਤੇ ਆਪਣਾ ਜਾਦੂ ਖੂਬ ਦਿਖਾਇਆ ਹੈ ਅਤੇ ਇਸ ਦੀਆਂ ਤਸਵੀਰਾਂ ਨੂੰ ਹਜ਼ਾਰਾਂ ਲਾਈਕਸ ਅਤੇ ਕੁਮੈਂਟਸ ਮਿਲ ਰਹੇ ਹਨ। ਜਹਾਜ਼ ਨਿਰਮਾਤਾ ਕੰਪਨੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਜਹਾਜ਼ ਬੇਲੁਗਾ ਐੱਕਸ. ਐੱਲ. ਨੇ ਵੀਰਵਾਰ ਨੂੰ ਆਪਣੀ ਪਹਿਲੀ 4 ਘੰਟੇ ਅਤੇ 11 ਮਿੰਟਾਂ ਦੀ ਸਫਲ ਉਡਾਣ ਭਰੀ ਹੈ।

ਇਹ ਦੱਖਣੀ-ਪੱਛਮੀ ਫਰਾਂਸ ਦੇ ਤੌਲੁਜ ਸ਼ਹਿਰ 'ਚ ਗਿਆ ਸੀ। ਇਸ ਨੂੰ 'ਆਸਮਾਨ ਦੀ ਵ੍ਹੇਲ' ਦਾ ਨਾਂ ਦਿੱਤਾ ਗਿਆ। ਇਸ ਜਹਾਜ਼ ਦੀ ਲੈਂਡਿੰਗ ਦੇ ਸਮੇਂ ਤਕਰੀਬਨ 10,000 ਲੋਕ ਮੌਜੂਦ ਸਨ। ਜਾਣਕਾਰੀ ਮੁਤਾਬਕ ਅਗਲੇ 10 ਮਹੀਨਿਆਂ ਤਕ ਕਈ ਸਿਖਲਾਈਆਂ ਮਗਰੋਂ ਸਾਲ 2019 ਤਕ ਇਹ ਜਹਾਜ਼ ਵਪਾਰ ਸੇਵਾ 'ਚ ਆ ਜਾਵੇਗਾ।

# ਕੀ ਚੰਗਾ, ਮਾੜਾ, ਗੰਦਾ, ਮੈਲ਼ਾ, ਸਾਫ਼ ਹੈ ?

ਸਤਵਿੰਦਰ ਕੌਰ ਸੱਤੀ
(ਕੈਲਗਰੀ)

ਕੈਨੇਡਾ ਦੁਨੀਆ ਦਾ ਹਰ ਬੰਦਾ ਆਪ ਨੂੰ ਸਾਫ਼ ਸੁਥਰਾ ਸਮਝਦਾ ਹੈ। ਹਰ ਕੋਈ ਆਪਦੇ ਨੱਕ, ਮੂੰਹ, ਮੱਥੇ, ਹੱਥਾਂ, ਪੈਰਾਂ. ਚਮੜੀ ਵਾਲਾਂ ਨੂੰ ਸੁੰਦਰ ਬਣਾਉਣ ਤੇ ਲੱਗਾ ਹੈ। ਸਰੀਰ ਨੂੰ ਚਮਕਾਉਣ ਲਈ ਸਾਬਣ, ਕਰੀਮ, ਪੌਡਰ, ਤੇਲ, ਅਤਰ ਬਹੁਤ ਕੁੱਝ ਵਰਤਿਆ ਜਾ ਰਿਹਾ ਹੈ। ਤਾਜ਼ਾ ਭੋਜਨ ਨਹੀਂ ਖਾਂਦਾ ਜਾਂਦਾ ਹੈ। ਸਰੀਰ ਨੂੰ ਸਜਾਉਣ ਨੂੰ ਸੋਹਣੇ ਕੱਪੜੇ ਪਾਏ ਜਾਂਦੇ ਹਨ। ਕਦੇ ਇਹ ਨਹੀਂ ਸੋਚਿਆ, ਪਦਾਰਥ ਕਾਹਦੇ ਬਣੇ ਹੋਏ ਹਨ ? ਇੰਨਾ ਨੂੰ ਬਣਾਉਣ ਲਈ ਕੀ ਕੈਮੀਕਲ, ਮਿਸ਼ਰਨ ਪਾਇਆ ਜਾਂਦਾ ਹੈ ? ਲੋਕਾਂ ਨੇ ਦੇਸੀ ਘਿਉ ਖਾਣਾ ਛੱਡ ਦਿੱਤਾ ਹੈ। ਦੇਸੀ ਘਿਉ ਵੀ ਜਿਉਂਦੇ ਪਸ਼ੂਆਂ ਦੀ ਚਰਬੀ ਦਾ ਹੀ ਬਣਦਾ ਹੈ। ਦੁੱਧ ਪਸ਼ੂਆਂ ਦੀ ਫੈਟ ਹੈ। ਦੁੱਧ ਦਾ ਘਿਉ, ਮਿਲਾਈ ਬਣਦੇ ਹਨ। ਹੁਣ ਬਹੁਤੇ ਲੋਕਾਂ ਨੇ, ਡਾਲਡਾ ਘਿਉ, ਫੈਂਟਾ ਤੇਲ ਖਾਣਾ ਸ਼ੁਰੂ ਕੀਤਾ ਹੋਇਆ ਹੈ। ਜਿਸ ਵਿੱਚ ਮਰੇ ਪਸ਼ੂਆਂ ਦੀ ਚਰਬੀ ਪਾਈ ਹੁੰਦੀ ਹੈ। ਜਿੱਥੇ ਇਹ ਤੇਲ ਬਣਾਉਣ ਦੀ ਫ਼ੈਕਟਰੀ ਹੈ। ਉੱਥੇ ਮਰੇ ਹੋਏ ਪਸ਼ੂਆਂ ਦਾ ਮੁਸ਼ਕ ਇੰਨਾ ਮਾਰਦਾ ਹੈ। ਦਮ ਘੁੱਟ ਹੁੰਦਾ ਹੈ। ਇਸ ਤੋਂ ਚੰਗਾ ਹੈ। ਬਾਜ਼ਾਰੋਂ ਮਰੇ ਪਸ਼ੂਆਂ ਦੀ ਚਰਬੀ ਡਾਲਡਾ ਘਿਉ, ਫੈਂਟਾ ਤੇਲ ਖ਼ਰੀਦਣ ਨਾਲੋਂ ਜਿਉਂਦੇ ਪਸ਼ੂਆਂ ਦੇ ਤਾਜ਼ੇ ਦੁੱਧ ਦਾ ਆਪ ਹੱਥੀ ਬਣਾਂ ਕੇ ਦੇਸੀ ਘਿਉ ਨੂੰ ਖਾਵੋ। ਉਹ ਤਾਜ਼ਾ ਤੇ ਸਾਫ਼ ਹੋਵੇਗਾ। ਪੰਜਾਬ ਦੇ ਲੋਕ ਸੁੱਧ ਦੁੱਧ ਡੇਅਰੀ ਵਿੱਚ ਪਾਉਂਦੇ ਹਨ। ਕਈ ਤਾਂ ਦੇਸੀ ਘਿਉ ਬਣਾ ਕੇ ਵੇਚਦੇ ਹਨ।ਆਪ ਮਿਲਾਵਟ ਦਾ ਤੇਲ ਖਾਂਦੇ ਹਨ। ਡਾਲਡਾ ਘਿਉ, ਫੈਂਟਾ ਤੇਲ ਤੇ ਦੇਸੀ ਘਿਉ ਵਿੱਚ ਇੱਕੋ ਜਿੰਨੀ 100% ਚਿਕਨਾਹਟ ਹੁੰਦੀ ਹੈ। 80% ਚਰਬੀ ਸਾਡੇ ਅੰਦਰ ਹੀ ਹੁੰਦੀ ਹੈ। ਇਹ ਸਰੀਰ ਤੇ ਨਿਰਭਰ ਕਰਦਾ ਬੰਦਾ ਕੈਸਾ ਕੰਮ ਕਰਦਾ ਹੈ ? ਕਿੰਨੀ ਚਰਬੀ ਕੰਮ ਕਰਕੇ ਸਾੜ ਕੇ ਵਰਤਦਾ ਹੈ ? 20% ਬੰਦਾ ਬਾਹਰੋਂ ਚਰਬੀ ਖਾਦੀ ਹੈ। ਕਈ ਲੋਕ ਗੰਦ ਦੇਖ ਕੇ ਥਾਂ-ਥਾਂ, ਥੂ-ਥੂ ਕਰਦੇ ਫਿਰਦੇ ਹਨ। ਜੋ ਵੀ ਸੂਕ ਕਰਨਾ ਕਰੀ ਜਾਣ। ਇਸ ਦੁਨੀਆ ਤੇ ਸਫ਼ਾਈ ਕਿਤੇ ਨਹੀਂ ਹੈ। ਬੰਦੇ ਦਾ ਸਰੀਰ ਹੀ ਦੇਖ ਲਵੋ, ਜੇ ਚਮੜੀ ਨਾਂ ਹੋਵੇ। ਸਬ ਕੁੱਝ ਨੰਗੀਆਂ ਅੱਖਾਂ ਨਾਲ ਦੇਖ ਸਕਦੇ ਹਾਂ। ਲਹੂ, ਚਰਬੀ, ਹੱਡੀਆਂ ਜੇ ਕਿਤੇ ਮੂਹਰੇ ਪਏ ਹੋਣ, ਬੰਦਾ ਉਲਟੀ ਕਰ ਦਿੰਦਾ ਹੈ। ਪਰੇ ਚੱਕ ਕੇ ਮਾਰਦਾ ਹੈ। ਬੰਦੇ ਦਾ ਆਪਣਾ ਅੰਦਰ ਇਹੀ ਸਬ ਕੁੱਝ ਲਹੂ, ਚਰਬੀ, ਹੱਡੀਆਂ ਦਾ ਬਣਿਆ ਹੋਇਆ ਹੈ। ਜੋ ਕੁੱਝ ਬੰਦਾ ਰੋਟੀਆਂ, ਦਾਲਾਂ, ਸਬਜ਼ੀਆਂ, ਫਲ, ਅਨਾਜ ਖਾਂਦਾ, ਦੁੱਧ, ਜੂਸ ਪੀਂਦਾ ਹੈ। ਬੰਦਾ ਉਸ ਖ਼ੁਰਾਕ ਦਾ 12 ਘੰਟਿਆਂ ਵਿੱਚ ਕੀ ਹਾਲ ਕਰਦਾ ਹੈ ? ਰੋਟੀਆਂ, ਦਾਲਾਂ, ਸਬਜ਼ੀਆਂ, ਫਲ, ਅਨਾਜ ਖਾਂਦਾ, ਦੁੱਧ, ਜੂਸ ਨੂੰ ਸਾੜ ਦਿੰਦਾ ਹੈ। ਉਸੇ ਵਿਚੋਂ ਮੁਸ਼ਕ ਮਾਰਦਾ ਹੈ। ਬੰਦਾ ਉਸ ਤੇ ਮਿੱਟੀ ਪਾਉਂਦਾ ਹੈ। ਅੱਜ ਕਲ ਰੋਟੀਆਂ, ਦਾਲਾਂ, ਸਬਜ਼ੀਆਂ, ਫਲ, ਅਨਾਜ ਖਾਂਦਾ, ਦੁੱਧ, ਜੂਸ ਪੀਤਾ ਧਰਤੀ ਵਿੱਚ ਗ਼ਰਕਾ ਦਿੰਦਾ ਹੈ। ਫਿਰ ਵੀ ਇਸ ਗੰਦ ਨੂੰ ਕਿਵੇਂ ਨਾ ਕਿਵੇਂ ਖਾ-ਪੀ ਜਾਂਦਾ ਹੈ। ਭਾਰਤ ਵਰਗੇ ਦੇਸ਼ ਵਿੱਚ ਬੰਦੇ ਦੇ ਮਲ-ਮੂਤਰ ਧਰਤੀ ਦੇ ਪਾਣੀ ਵਿੱਚ ਘੁਲ ਕੇ ਨਿਕਲਦਾ ਹੈ। ਅੱਜ ਵੀ ਕਈ ਥਾਵਾਂ 'ਤੇ ਬੰਦੇ ਦਾ ਮਲ-ਮੂਤਰ ਖੇਤਾਂ ਦੀ ਮਿੱਟੀ ਵਿੱਚ ਮਿਲਾਇਆ ਜਾਂਦਾ ਹੈ। ਕੈਨੇਡਾ, ਅਮਰੀਕਾ ਵਰਗੇ ਦੇਸ਼ ਵਿੱਚ ਬੰਦੇ ਦਾ ਮਲ-ਮੂਤਰ ਡਰੇਨ ਰਾਹੀਂ ਵਗਦੇ ਪਾਣੀ ਵਿੱਚ ਰਲਦਾ ਹੈ। ਇਹੀ ਪਾਣੀ ਕੁਦਰਤੀ ਪਾਣੀ ਮੀਂਹ ਤੇ ਬਰਫ਼ ਮਿਲਿਆ ਸਾਫ਼ ਕਰਕੇ ਟੂਟੀਆਂ ਵਿੱਚ ਭੇਜਦੇ ਹਨ। ਫਿਰ ਵੀ ਬੰਦਾ ਆਪਦੇ ਹੀ ਗੰਦ ਤੇ ਥੁੱਕ ਦਿੰਦਾ ਹੈ। ਉਹੀ ਬੰਦਾ ਘਾਹ ਖਾਣ ਵਾਲੇ ਪਸ਼ੂਆਂ ਦੇ ਗੋਹੇ ਵਿੱਚ ਹੱਥ ਪਾ ਕੇ, ਚੱਕਦਾ, ਪੱਥਦਾ ਹੈ। ਸੁੱਕਾ ਕੇ, ਬਾਲਣ ਦੇ ਕੰਮ ਵਿੱਚ ਵਰਤਦਾ ਹੈ। ਭੇਡਾ, ਬੱਕਰੀਆਂ, ਮੁਰਗੀਆਂ, ਪਸ਼ੂਆਂ ਦਾ ਮਲ-ਮੂਤਰ ਅਨਾਜ, ਸਬਜ਼ੀਆਂ, ਫਲਾਂ ਦੇ ਵਾਧੇ ਲਈ ਵਰਤ ਕੇ ਖਾਂਦਾ ਜਾਂਦਾ ਹੈ। ਬੰਦਾ ਆਪ ਨਹੀਂ ਜਾਣਦਾ, ਕੀ ਚੰਗਾ, ਮਾੜਾ, ਗੰਦਾ, ਮੈਲ਼ਾ ਸਾਫ਼ ਹੈ ? ਬੰਦਾ ਮਤਲਬੀ ਹੈ। ਜੋ ਚੀਜ਼ ਆਪਣੀ ਲੋੜ ਹੈ। ਉਹ ਚੰਗੀ ਹੈ। ਬਾਕੀ ਬਰਬਾਦ ਗੰਦ ਹੈ। ਸਰੀਰ ਦੀ ਅੰਦਰ ਦੀ ਸਫ਼ਾਈ ਲਈ ਪਾਣੀ ਪੀਤਾ ਜਾਂਦਾ ਹੈ। ਡਾਕਟਰਾਂ ਦਾ ਕਹਿਣਾ ਹੈ, " ਅੱਠ ਗਲਾਸ ਪਾਣੀ ਦੇ ਪੀਵੋ। ਚੰਗੀ ਤਰਾਂ ਸਰੀਰ ਫ਼ਲੱਸ਼ ਹੋ ਜਾਵੇਗਾ। ਜੇ ਪਾਣੀ ਨਾਂ ਪੀਤਾ ਗੰਦ ਅੰਦਰ ਹੀ ਹੱਡੀਆਂ, ਪਾਚਨ ਪ੍ਰਨਾਲ਼ੀ ਵਿੱਚ ਸੜਦਾ ਰਹੇਗਾ। ਪੇਟ ਰਾਹੀ ਸਾਰੇ ਸਰੀਰ ਵਿੱਚ ਬਿਮਾਰੀਆਂ ਫੈਲਣਗੀਆਂ। " ਬਹੁਤੇ ਲੋਕ ਥੋੜਾ ਹੀ ਪਾਣੀ ਪੀਂਦੇ ਹਨ। ਉਹ ਫ਼ਲਾਂ, ਕੱਚੀਆਂ ਸਬਜੀਆਂ ਬਾਰ-ਬਾਰ ਖਾ ਕੇ ਪਾਣੀ ਦੀ ਘਾਟ ਪੂਰੀ ਕਰ ਸਕਦੇ ਹਨ। ਕੀ ਕਦੇ ਸੋਚਿਆ ਹੈ ? ਪੀਣ ਵਾਲਾ ਤੇ ਅਨਾਜ, ਫ਼ਲਾਂ, ਸਬਜੀਆਂ ਦੀ ਸੰਚਾਈ ਵਾਲਾ ਪਾਣੀ ਆ ਕਿਥੋਂ ਰਿਹਾ ਹੈ ? ਬਹੁਤੀਆਂ ਥਾਵਾਂ ਤੇ ਪਾਣੀ ਧਰਤੀ ਵਿਚੋਂ ਕੱਢਿਆ ਜਾਂਦਾ ਹੈ। ਤਲਾਬ, ਸਮੁੰਦਰ ਦਾ ਪਾਣੀ ਸਾਫ਼ ਕਰਕੇ, ਪੀਣ ਤੇ ਵਰਤਣ ਦੇ ਯੋਗ ਬਣਾਇਆਂ ਜਾਂਦਾ ਹੈ। ਇਹ ਸਾਰਾ ਧਰਤੀ, ਦਰਿਆਵਾਂ, ਤਲਾਬ, ਸਮੁੰਦਰ ਦਾ ਪਾਣੀ, ਮੀਹਾਂ, ਡਰੇਨਾਂ, ਸੜਕਾਂ ਦਾ ਪਾਣੀ ਹੁੰਦਾ ਹੈ। ਮੀਹਾਂ ਦਾ ਪਾਣੀ ਨਾਲੀਆਂ ਰਾਹੀਂ ਤਲਾਬ, ਸਮੁੰਦਰ ਤੇ ਧਰਤੀ ਵਿੱਚ ਖਪਦਾ ਜਾਂਦਾ ਹੈ। ਸਮੁੰਦਰ ਤੇ ਬਹੁਤੇ ਪਾਣੀ, ਧਰਤੀ ਦੇ ਅੰਦਰ, ਬਾਹਰ ਅਨੇਕਾਂ 84 ਲੱਖ ਜੀਵ ਸੱਪ, ਤੂਹੇਂ ਹਨ। ਬਾਥਰੂਮਾਂ, ਲੈਟਰੀਨਾਂ, ਗਟਰਾਂ, ਮੀਹਾਂ, ਬਰਫ਼ ਦਾ ਪਾਣੀ ਕੈਨੇਡਾ, ਅਮਰੀਕਾ ਵਿਚ ਵੀ ਪੀਣ ਲਈ ਇਕੱਠਾ ਕੀਤਾ ਜਾਂਦਾ ਹੈ। ਉਸ ਨੂੰ ਸਾਫ਼ ਕਰ ਕੇ, ਵਰਤਣ, ਪੀਣ ਲਈ ਲੋਕਾਂ ਵੱਲ ਘਰਾਂ ਤੇ ਲੋੜ ਵਾਲੀਆਂ ਥਾਵਾਂ ਤੇ ਭੇਜਿਆ ਜਾਂਦਾ ਹੈ। ਕਈਆਂ ਨੂੰ ਇਸ ਗੱਲ ਤੇ ਯਕੀਨ ਨਹੀਂ ਆਉਣਾ। ਜੋ ਸੱਚ ਹੈ, ਉਸ ਨੂੰ ਠੁਕਰਾਉਣ ਨਾਲ ਬਦਲ ਨਹੀਂ ਸਕਦੇ। ਤਸੱਲੀ ਕਰਨ ਨੂੰ ਗੂਗਲ ਤੇ ਜੂਟਿਊਬ ਦੇਖ ਲਵੋ। ਕਿਸਾਨਾਂ, ਮਜ਼ਦੂਰਾਂ ਖੁੱਲ੍ਹੀਆਂ ਥਾਵਾਂ 'ਤੇ ਘਰਾਂ ਨੂੰ ਬਣਾਉਣ ਵਾਲਿਆਂ ਨੂੰ ਦੇਖਣਾ ਉਹ ਮਲ-ਮੂਤਰ ਖੇਤਾਂ ਵਿੱਚ ਹੀ ਕਰਦੇ ਹਨ। ਮਰਦ ਤਾਂ ਕਰਦੇ ਹੀ ਧਰਤੀ 'ਤੇ ਹਨ।ਲੋਕ ਤਾਂ ਸੋਚਦੇ ਹਨ। ਟੋਭਿਆਂ ਦੇ ਪਾਣੀ, ਲੈਟਰੀਨ ਨੂੰ ਧਰਤੀ ਵਿਚ ਦੱਬ ਕੇ, ਗੰਦ ਤੋਂ ਬਚ ਗਏ। ਇਹ ਟਾਨਿਕ ਪਾਣੀ ਵਿੱਚ ਘੁਲ ਕੇ ਵਾਪਸ ਆ ਰਿਹਾ ਹੈ। ਇਸ ਨਾਲੋਂ ਤਾਂ ਚੰਗਾ ਸੀ। ਇਹ ਮਲ-ਮੂਤਰ ਧਰਤੀ ਉੱਤੇ ਹੀ ਰਹਿੰਦਾ। ਫ਼ਸਲਾਂ ਦੀ ਮਿੱਟੀ ਪੋਲੀ ਤੇ ਉਪਜਾਊ ਰਹਿੰਦੀ। ਇੱਕ ਬਾਰ ਪਿੰਡ ਸਾਡੇ ਖੇਤ ਵਿੱਚ ਆਪਣੇ-ਆਪ ਬਹੁਤ ਟਮਾਟਰ ਹੋ ਗਏ ਸਨ। ਇੰਨੇ ਸਾਰੇ ਵੱਡੇ-ਵੱਡੇ ਗੁੱਛਿਆਂ ਵਿੱਚ ਲਾਲ-ਲਾਲ ਵੱਡੇ-ਵੱਡੇ ਬਹੁਤ ਟਮਾਟਰ ਲੱਗੇ ਹੋਏ ਸਨ। ਗਿਣ ਨਹੀਂ ਹੋ ਰਹੇ ਸਨ। ਕੁੱਝ ਬੂਟੇ ਅਜੇ ਛੋਟੇ ਵੀ ਸਨ। ਮੇਰਾ ਚਾਚਾ ਹੈਰਾਨ ਸੀ। ਬਈ ਟਮਾਟਰ ਬੀਜੇ ਹੀ ਨਹੀਂ ਸਨ। ਜੰਮ ਕਿਵੇਂ ਪਏ ? ਫਿਰ ਉਸ ਜਗਾ ਨੂੰ ਚੰਗੀ ਤਰਾਂ ਦੇਖਿਆ। ਉੱਥੇ ਕੋਈ ਬਾਹਰ ਜੰਗਲ ਪਾਣੀ ਕਰਦਾ ਸੀ। ਚਾਚੇ ਨੇ ਬੂਟੇ ਪੱਟ ਕੇ ਵਗਾਹ ਮਾਰੇ। ਅੱਖੀਂ ਦੇਖ ਕੇ ਮੱਖੀ ਨਹੀਂ ਖਾਦੀ ਜਾਂਦੀ। ਸ਼ਾਮ ਤੱਕ ਉੱਥੇ ਕੋਈ ਟਮਾਟਰ ਨਹੀਂ ਸੀ। ਕੋਈ ਲੋੜ ਬੰਦ ਚੱਕ ਕੇ ਲੈ ਗਿਆ ਸੀ। ਪੈਰ ਨੂੰ ਗੂੰਹ ਲੱਗ ਜਾਵੇ। ਬੰਦਾ ਪੈਰ ਧਰਤੀ ਤੇ ਮਲੀ ਜਾਂਦਾ ਹੈ। ਚੰਗੀ ਤਰਾਂ ਧੋਂਦਾ ਹੈ। ਉਹ ਹੁੰਦਾ ਤਾਂ ਫਲ, ਸਬਜ਼ੀਆਂ, ਅਨਾਜ ਹੀ ਹੈ। ਕਈ ਜਾਨਵਰ ਕਾਂ, ਸੂਰ ਉਸੇ ਨਾਲ ਢਿੱਡ ਭਰਦੇ ਹਨ। ਬੰਦੇ ਤਾਂ ਗੰਦ ਕਾਣ ਵਾਲੇ ਸੂਰ ਵੀ ਨਹੀਂ ਖਾਣੋਂ ਹਟਦੇ। ਜਿੰਨੇ ਦੁਨੀਆ ਤੇ ਬੰਦੇ ਮਰਦੇ ਹਨ। ਸਬ ਧਰਤੀ ਵਿੱਚ ਹੀ ਦੱਬੇ ਜਾਂਦੇ ਹਨ। ਜਲੇ ਬੰਦੇ ਦੀ ਸੁਆਹ ਵੀ ਉੱਡ ਕੇ ਧਰਤੀ ਵਿੱਚ ਰਲ ਜਾਂਦੀ ਹੈ। ਪਾਣੀ ਵਿੱਚ ਮਰੇ ਬੰਦੇ ਧਰਤੀ ਦੇ ਕੰਢੇ ਨਾਲ ਲੱਗ ਜਾਂਦੇ ਹਨ। ਜਾਂ ਜੀਵ ਖਾ ਜਾਂਦੇ ਹਨ। ਜੇ ਕਿਸੇ ਬੰਦੇ ਦਾ ਖ਼ੂਨ ਨਿਕਲ ਕੇ ਕੱਤਲ ਹੁੰਦਾ ਹੈ। ਜਾਂ ਉਂਝ ਹੀ ਖ਼ੂਨ ਨਿਕਲਦਾ ਹੈ। ਮਾਸਿਕ ਧਰਮ, ਜਣੇਪੇ ਜਾ ਗਰਭਪਾਤ ਸਮੇਂ ਨਿਕਲਿਆਂ ਖ਼ੂਨ, ਥੁੱਕ ਵੀ ਕਿਵੇਂ ਨਾਂ ਕਿਵੇਂ ਧਰਤੀ ਵਿੱਚ ਮਿਲ ਜਾਂਦੇ ਹਨ। ਉਸੇ ਧਰਤੀ ਵਿੱਚ ਸਬਜ਼ੀਆਂ, ਫਲ, ਅਨਾਜ ਪੈਦਾ ਹੁੰਦੇ ਹਨ। ਸਬਜ਼ੀਆਂ, ਫਲਾਂ ਦਾ ਸੜਿਆ ਹੋਇਆ ਕੂੜਾ ਤੇ ਪਸ਼ੂਆਂ ਦਾ ਮਲ-ਮੂਤਰ, ਥੁੱਕ ਮਿਲਿਆ ਹੁੰਦਾ ਹੈ। ਕਿੰਨੇ ਤਰਾਂ ਦੇ ਜੀਵ ਸੱਪ, ਚੂਹੇ, ਕੀੜੇ, ਕੁੱਤੇ, ਬਿੱਲੇ, ਖ਼ਰਗੋਸ਼, ਚਿੜੀਆਂ ਜਾਨਵਰ ਮਿੱਟੀ ਤੇ ਫਿਰਦੇ ਹਨ। ਸਬ ਦਾ ਮਲ-ਮੂਤਰ ਸਬਜ਼ੀਆਂ, ਫਲ, ਅਨਾਜ ਉਗਾਉਣ ਵਾਲੀ ਧਰਤੀ ਵਿੱਚੇ ਹੁੰਦਾ ਹੈ।ਸਬਜ਼ੀਆਂ, ਫਲ, ਅਨਾਜ ਲਈ ਪਾਣੀ ਵੀ ਕੋਈ ਫ਼ਿਲਟਰ ਕੀਤਾ ਨਹੀਂ ਹੁੰਦਾ। ਪਾਣੀ ਮੀਹਾਂ, ਦਰਿਆਵਾਂ ਦਾ ਜਾਂ ਧਰਤੀ ਵਿੱਚੋਂ ਕੱਢਿਆ ਜਾਂਦਾ ਹੈ। ਸਬਜ਼ੀਆਂ, ਫਲ, ਅਨਾਜ ਖੁੱਲ੍ਹੇ ਥਾਂ ਤੇ ਹੁੰਦੇ ਹਨ। ਇੰਨਾ ਨੂੰ ਕਿਸੇ ਛੱਤ ਥੱਲੇ ਨਹੀਂ ਉਗਾਇਆ ਜਾਂਦਾ। ਸਗੋਂ ਉੱਪਰ ਕੈਮੀਕਲ ਛਿੜਕੇ ਜਾਂਦੇ ਹਨ। ਜੋ ਜਾਨਵਰ, ਪਸ਼ੂ, ਬੰਦਿਆਂ ਲਈ ਹਾਨੀਕਾਰਕ ਹਨ। ਇੰਨਾ ਫ਼ਸਲਾਂ ਨੂੰ ਜਾਨਵਰ, ਪਸ਼ੂ ਵੀ ਖਾਂਦੇ ਰਹਿੰਦੇ ਹਨ। ਬਹੁਤ ਪਸ਼ੂ, ਜਾਨਵਰ ਮਰ ਗਏ ਹਨ। ਪਤਾ ਨਹੀਂ ਕਿਥੋਂ-ਕਿਥੋਂ ਦੀ ਹੋ ਕੇ, ਕੀਹਦੇ-ਕੀਹਦੇ ਹੱਥਾਂ ਵਿਚੋਂ ਦੀ ਹੁੰਦਾ ਹੋਇਆ। ਬੰਦਿਆ ਤੱਕ ਅਨਾਜ ਖਾਣ ਨੂੰ ਪਹੁੰਚਦਾ ਹੈ। ਜੇ ਕਿਤੇ ਸਬਜ਼ੀਆਂ, ਫਲ, ਅਨਾਜ ਦਾ ਦਾਣਾ ਭੁੰਜੇ ਡਿਗ ਜਾਵੇ। ਬੰਦਾ ਦੂਰ ਵਗਾਹ ਮਾਰਦਾ ਹੈ। ਬਈ ਧਰਤੀ ਤੇ ਡਿੱਗਣ ਨਾਲ ਗੰਦਾ ਹੋ ਗਿਆ।ਬੰਦਾ ਕਿਵੇਂ ਪੈਂਦਾ ਹੁੰਦਾ ਹੈ ? ਸਬ ਜਾਣਦੇ ਹਨ। ਬੱਚਾ ਬਾਪ ਦੇ ਵੀਰਜ ਵਿੱਚੋਂ ਮਾਂ ਦੇ ਗਰਭ ਵਿੱਚ ਜਾਂਦਾ ਹੈ। ਬੱਚਾ ਮਲ-ਮੂਤਰ, ਮਿਜ਼, ਖ਼ੂਨ ਵਿੱਚ ਪਾਲ਼ਦਾ ਹੈ। ਇਸੇ ਕਾਸੇ ਨੂੰ ਬੰਦਾ ਆਪਦੇ ਮੂੰਹ ਦੇ ਨਾਲ ਪਤਾ ਨਹੀਂ ਕਿੰਨੀ ਬਾਰ ਗੰਦਾ ਕਹਿੰਦਾ ਹੈ। ਜੇ ਇਹ ਗੰਦਾ ਹੀ ਹੁੰਦਾ। ਤਾਂ ਲੋਕਾਂ ਦਾ ਧਿਆਨ ਇਸੇ ਤੇ ਕੇਂਦਰਿਤ ਕਿਉਂ ਹੁੰਦਾ ? ਅਜੇ ਤਾਂ ਲੋਕਾਂ ਦੇ 2, 4, 10,20, 100 ਤੋਂ ਵੀ ਵੱਧ ਕਿਸੇ ਦੇ ਬੱਚੇ ਹੋਣੇ ਹਨ। ਗੰਦਾ ਹੀ ਹੁੰਦਾ ਤਾਂ ਦੁਨੀਆਂ ਦੀ ਇੰਨੀ ਜਨ ਸੰਖਿਆ ਨਾਂ ਹੁੰਦੀ। ਇਹੀ ਬੰਦਿਆਂ ਤੇ ਸਬ ਜੀਵਾਂ ਦਾ ਅਸਲ ਮਕਸਦ ਹੈ। ਇਸੇ ਲਈ ਪੈਦਾਵਾਰ ਵਧਾਉਣ ਨੂੰ ਵਿਆਹ ਕੀਤੇ ਜਾਂਦੇ ਹਨ। ਖ਼ਾਨਦਾਨ ਚਲਾਏ ਜਾਂਦੇ ਹਨ। ਜੇ ਬੱਚਾ ਬਗੈਰ ਵਿਆਹ ਤੋਂ ਜੰਮ ਪਵੇ। ਉਸ ਨੂੰ ਲੋਕ ਲਾਹਨਤਾਂ ਪਾਉਂਦੇ ਹਨ। ਜਿਊਣ ਨਹੀਂ ਦਿੰਦੇ। ਗੰਦਾ ਕੰਮ ਕੀਤਾ ਕਹਿੰਦੇ ਹਨ। ਦੁਨੀਆ ਦੇ ਦੋਨੇਂ ਪਾਸੇ ਦੰਦੇ ਹਨ। ਦੁਨੀਆ ਨੂੰ ਜਿੱਤ ਨਹੀਂ ਹੁੰਦੀ। ਬੰਦਾ ਆਪਦੇ ਮਾਂ-ਬਾਪ ਨੂੰ ਜਾਨਣਾਂ ਚਾਹੁੰਦਾ ਹੈ। ਆਪਦੇ ਤੇ ਹੋਰ ਰਿਸ਼ਤੇਦਾਰਾਂ ਦੇ ਬੱਚਿਆਂ ਨੂੰ ਜੰਮਦੇ ਦੇਖਣਾ ਚਾਹੁੰਦਾ ਹੈ। ਉਨ੍ਹਾਂ ਦੁਆਲੇ ਘੁੰਮਦਾ ਹੈ। ਉਨ੍ਹਾਂ ਲਈ ਜਿਉਂਦਾ ਕਮਾਉਂਦਾ ਹੈ। ਹੋਰ ਕੋਈ ਇਸ ਦੁਨੀਆ ਤੇ ਕੰਮ ਨਹੀਂ ਹੈ। ਇਸੇ ਲਈ ਬੰਦਾ 20 ਠੱਗੀਆਂ ਮਾਰਦਾ ਹੈ। ਇਸ ਲਈ ਬੰਦਾ ਨਹੀਂ ਜਾਣਦਾ ਕੀ ਚੰਗਾ, ਮਾੜਾ, ਗੰਦਾ, ਮੈਲ਼ਾ, ਸਾਫ਼ ਹੈ ? ਜੇ ਤਾਂ ਉਸੇ ਨੂੰ ਆਪ ਕਰਦਾ ਹੈ। ਹੋਰ ਕੋਈ ਇਜਾਜ਼ਤ ਲੈ ਕੇ ਕਰਦਾ ਹੈ। ਉਹੀ ਸ਼ੌਕ, ਜ਼ਰੂਰਤ, ਮਨੋਰੰਜਨ ਅਨੰਦ ਲੱਗਦਾ ਹੈ। ਜੇ ਦੂਜਾ ਬੰਦਾ ਇਜਾਜ਼ਤ ਤੋਂ ਬਗੈਰ ਕਰੇ, ਮਾੜਾ, ਗੰਦ ਲੱਗਦਾ ਹੈ। ਨਜ਼ਰ ਉਹੀ ਹੈ। ਦੂਜੇ ਤੇ ਆਪਦੇ ਪ੍ਰਤੀ ਦ੍ਰਿਸ਼ਟੀ ਅਲੱਗ-ਅਲੱਗ ਹੈ। ਦੁਨੀਆ ਤੇ ਸਬ ਕੁੱਝ ਚੰਗਾ, ਮਾੜਾ, ਗੰਦਾ, ਮੈਲ਼ਾ, ਸਾਫ਼ ਹੈ। ਸੁਰਤ ਕਿਵੇਂ ਦੇਖ ਰਹੀ ? ਫ਼ਰਕ ਸਿਰਫ਼ ਦੇਖਣ ਵਿੱਚ ਹੈ। ਮੱਛੀ ਸਬ ਤੋਂ ਵੱਧ ਗੰਦ ਖਾਂਦੀ ਹੈ। ਇਸੇ ਲਈ ਇਸ ਨੂੰ ਪਾਣੀ ਸਾਫ਼ ਕਰਨ ਲਈ ਛੱਪੜਾਂ, ਤਲਾਬ ਵਿੱਚ ਵੀ ਪਾਲ਼ਿਆ ਜਾਂਦਾ ਹੈ। ਇਸੇ ਨੂੰ ਲੋਕ ਸਬ ਵੱਧ ਸੁਆਦ ਲੈ ਕੇ ਖਾਂਦੇ ਹਨ। ਬੰਦਾ ਮੁਰਗ਼ਾ, ਬੱਕਰਾ, ਭੇਡ, ਸੂਰ, ਕੁੱਤੇ, ਸੱਪ, ਜਾਨਵਰ ਜੋ ਵੀ ਮੂਹਰੇ ਆਵੇ ਖਾ ਜਾਂਦਾ ਹੈ। ਅਜੇ ਬੰਦਾ ਗੰਦ, ਮੈਲ ਸਰੀਰ ਨੂੰ ਲੱਗਣ ਨਹੀਂ ਦਿੰਦਾ। ਦੂਜੇ ਦਾ ਮਾਸ ਜਿਸ ਵਿੱਚ ਖ਼ੂਨ, ਮਿਜ਼, ਚਰਬੀ, ਮਲ-ਮੂਤਰ ਹੱਡੀਆਂ ਸਬ ਕੁੱਝ ਬੰਦਾ ਹਜ਼ਮ ਕਰ ਜਾਂਦਾ ਹੈ। ਖੰਭਾ ਵਾਲੇ ਜਾਨਵਰ ਘਾਹ ਨਹੀਂ ਖਾਂਦੇ। ਮਾਸ ਖਾਂਦੇ ਹਨ। ਪਸ਼ੂ ਘਾਹ ਖਾਂਦੇ। ਮਾਸ ਨਹੀਂ ਖਾਂਦੇ ਹਨ। ਬੰਦਾ ਹਰਾ, ਖ਼ੂਨ, ਹੱਡੀਆਂ, ਪਸ਼ੂਆਂ ਦਾ ਦੁੱਧ ਸਬ ਕੁੱਝ ਖਾ-ਪੀ ਜਾਂਦਾ ਹੈ। ਬੰਦਾ ਵੈਸੇ ਹੀ ਲੋਕ ਦਿਖਾਵੇ ਲਈ ਮਾੜਾ, ਗੰਦਾ, ਮੈਲ਼ਾ ਕਹਿੰਦਾ ਹੈ। ਸਬ ਕੁੱਝ ਚੱਲਦਾ ਹੈ। ਹਰ ਚੀਜ਼ ਰੀਸਰਕਲ ਹੁੰਦੀ ਹੈ। ਪੇਪਰ ਕਿੰਨੇ ਲੋਕਾਂ ਦੇ ਹੱਥਾਂ ਵਿੱਚ ਜਾਂਦੇ ਹਨ। ਪੇਪਰ ਇੱਧਰ-ਉੱਧਰ ਚੰਗੇ, ਮਾੜੇ ਥਾਂ ਤੇ ਵੀ ਸਿੱਟੇ ਜਾਂਦੇ ਹਨ। ਇਹ ਰੱਦੀ ਵਿੱਚ ਇਕੱਠੇ ਕੀਤੇ ਜਾਂਦੇ ਹਨ। ਦੁਆਰਾ ਵਰਤੇ ਜਾਂਦੇ ਹਨ। ਧਾਤਾਂ ਸੋਨਾ, ਚਾਂਦੀ, ਲੋਹਾ, ਤਾਂਬਾ, ਸਟੀਲ, ਕੱਚ, ਪਲਾਸਟਿਕ, ਕੱਪੜੇ, ਬੀਜ, ਪਾਣੀ, ਮਿੱਟੀ, ਹਵਾ ਦੁਨੀਆ ਦਾ ਸਬ ਕੁੱਝ ਰੀਸਰਕਲ ਹੁੰਦਾ ਹੈ। ਹਰ ਚੀਜ਼ ਦੁਆਰਾ-ਦੁਆਰਾ ਵਰਤੀ ਜਾਂਦੀ ਹੈ। ਉਹ ਚਾਹੇ ਪਹਿਲਾਂ ਮਾੜੇ, ਗੰਦੇ ਥਾਂ ਤੋਂ ਆਈ ਹੋਵੇ। ਉਸ ਨੂੰ ਨਵਾਂ ਨਿਖਾਰ ਦਿੱਤਾ ਜਾਂਦਾ ਹੈ। ਟੁੱਟਿਆ ਸੋਨਾ ਢਾਲ ਕੇ, ਨਵੇਂ ਗਹਿਣੇ ਤਰਾਸ਼ੇ ਜਾਂਦੇ ਹਨ। ਹੋਰ ਧਾਤਾਂ ਨੂੰ ਨਵਾਂ ਨਿਖਾਰ ਦਿੱਤਾ ਜਾਂਦਾ ਹੈ। ਬੀਜ ਬਾਰ-ਬਾਰ ਬੀਜ ਕੇ, ਹੋਰ ਬੀਜ ਤਿਆਰ ਕੀਤੇ ਜਾਂਦੇ ਹਨ। ਇਹ ਦੁਨੀਆ ਐਸੇ ਹੀ ਚੱਲਦੀ ਹੈ। ਜੋ ਲੋਕ ਗੰਦ ਕਹਿੰਦੇ ਹਨ। ਉਨ੍ਹਾਂ ਤੇ ਯਕੀਨ ਨਾ ਕਰੀਏ। ਆਪਦੇ ਦਿਮਾਗ਼ ਤੋਂ ਕੰਮ ਲਈਏ। ਸਾਡੇ ਲਈ ਕੀ ਚੰਗਾ ਹੈ ? ਘਰ ਦੇ ਸਾਰੇ ਮੈਂਬਰ ਇੱਕੋ ਦਾਲ, ਸਬਜ਼ੀ, ਰੋਟੀ ਖਾਂਦੇ ਹਨ। ਹੋ ਸਕਦਾ ਹੈ। ਬਾਕੀਆਂ ਵਾਂਗ ਕੋਈ ਇੱਕ ਜਾਣਾ, ਕਿਸੇ ਚੀਜ਼ ਨੂੰ ਨਾਂ ਖਾ ਸਕਦਾ ਹੋਵੇ। ਤੋਰੀ, ਕੱਦੂ, ਬਤਾਊਂ, ਭਿੰਡੀ ਬਾਕੀਆਂ ਵਾਂਗ ਸੁਆਦ ਨਾਲ ਨਾਂ ਖਾ ਸਕਦਾ ਹੋਵੇ। ਸਬ ਦਾ ਆਪਣਾ-ਆਪਣਾ ਸੋਚਣ ਦਾ ਢੰਗ ਹੈ। ਇੱਕ ਬੱਚਾ ਸਟੇਸ਼ਨ ਤੇ ਭੁੰਜੇ ਹੀ ਲੰਬਾ ਪਿਆ ਲਿਟੀ ਜਾਂਦਾ ਸੀ। ਉਸ ਨੂੰ ਭੁੱਖ ਲੱਗੀ। ਉਹ ਮਾਂ ਦੇ ਪਰਸ ਵਿਚੋਂ ਕੱਢ ਕੇ, ਸੇਬ ਖਾਣ ਲੱਗਾ। ਸੇਬ ਖਾਣ ਤੋਂ ਪਹਿਲਾਂ ਹੀ ਧਰਤੀ ਤੇ ਡਿਗ ਗਿਆ। ਉਸ ਦੀ ਮਾਂ ਨੇ ਕਿਹਾ, " ਸੇਬ ਡਿਗ ਕੇ ਗੰਦਾ ਹੋ ਗਿਆ ਹੈ। ਇਸ ਨੂੰ ਸਿੱਟ ਦੇ। " ਬੱਚਾ ਬਗੈਰ ਗੱਲ ਸੁਣੇ ਸੇਬ ਖਾਣ ਲੱਗ ਗਿਆ। ਉਸ ਦੀ ਮਾਂ ਸੇਬ ਉਸ ਦੇ ਹੱਥ ਵਿਚੋਂ ਖੋਹਣ ਦੀ ਕੋਸ਼ਿਸ਼ ਕਰ ਰਹੀ ਸੀ। ਬੱਚਾ ਹੱਥ ਛੁਡਾ ਕੇ ਦੂਰ ਭੱਜ ਗਿਆ। ਫਿਰ ਸੇਬ ਖਾਣ ਲੱਗਾ। ਹੈਰਾਨੀ ਇਸ ਗੱਲ ਦੀ ਸੀ। ਬੱਚਾ ਵੀ ਉਸੇ ਜ਼ਮੀਨ ਤੇ ਲਿਟ ਰਿਹਾ ਸੀ। ਜਿੱਥੇ ਸੇਬ ਡਿੱਗਾ ਸੀ। ਮਾਂ ਨੂੰ ਬੱਚਾ ਗੰਦਾ ਨਹੀਂ ਲੱਗਾ। ਗੱਲ ਆਪਣੇ ਮਤਲਬ ਦੀ ਹੈ। ਕੱਪੜੇ, ਸਰੀਰ ਤੇ ਚਿੱਕੜ ਪੈ ਜਾਵੇ। ਧੋਂਦੇ ਹਾਂ। ਸਿੱਟਦੇ ਨਹੀਂ ਹਾਂ।

# ਲਾਪਤਾ 6 ਪੰਜਾਬੀ ਮੁੰਡਿਆਂ ਦੇ ਮਿਲਣ ਦੀ ਬੱਝੀ ਆਸ

ਚੰਡੀਗੜ੍ਹ :ਟਰੈਵਲ ਏਜੰਟਾਂ ਵੱਲੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਭੇਜੇ ਜਾਣ ਸਮੇਂ ਸੁਰੀਨਾਮ ਤੋਂ ਲਾਪਤਾ ਹੋਏ 6 ਪੰਜਾਬੀ ਨੌਜਵਾਨਾਂ ਦੀ ਭਾਲ ਲਈ ਜਮਾਇਕਾ ਵਿਚਲੇ ਭਾਰਤੀ ਦੂਤਾਵਾਸ ਨੇ ਦਖ਼ਲ ਦਿੱਤਾ ਹੈ। ਜਮਾਇਕਾ ਵਿੱਚ ਭਾਰਤੀ ਰਾਜਦੂਤ ਐਮ. ਸੇਵਾਲਾ ਨਾਇਕ ਨੇ ਲਾਪਤਾ ਛੇ ਨੌਜਵਾਨਾਂ ਵਿੱਚੋਂ ਇੱਕ ਜਸਵਿੰਦਰ ਸਿੰਘ ਦੇ ਭਰਾ ਅਰਵਿੰਦਰ ਸਿੰਘ ਔਲਖ ਨੂੰ ਟਵੀਟ ਕਰਕੇ ਜਸਵਿੰਦਰ ਬਾਰੇ ਵਿਸਥਾਰ 'ਚ ਜਾਣਕਾਰੀ ਮੰਗੀ ਹੈ। ਨਾਇਕ ਨੇ ਟਵੀਟ ਵਿੱਚ ਲਿਖਿਆ ਹੈ, "ਪਿਆਰੇ ਅਰਵਿੰਦਰ, ਤੁਸੀਂ ਸਾਨੂੰ ਆਪਣੇ ਭਰਾ ਤੇ ਦੂਜਿਆਂ ਬਾਰੇ ਡਿਟੇਲ ਜਾਣਕਾਰੀ ਭੇਜੋ ਕਿ ਉਹ ਬਹਾਮਾਸ ਰਾਹੀਂ ਸਫ਼ਰ ਕਰ ਰਹੇ ਸਨ, ਜਾਂ ਉਹ ਬਹਾਮਾਸ ਵਿੱਚ ਕਦੋਂ ਆਏ ਸਨ। ਇਸ ਜਾਣਕਾਰੀ ਸਾਨੂੰ ਭੇਜੋ।" ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਇਸ ਮਾਮਲੇ ਬਾਰੇ ਨੋਟਿਸ ਲੈ ਕੇ ਸਰਗਰਮ ਹੋਣ ਨਾਲ ਪੀੜਤ ਪਰਿਵਾਰਾਂ ਨੂੰ ਨਵੀਂ ਆਸ ਦੀ ਕਿਰਨ ਦਿਖਾਈ ਦੇਣ ਲੱਗੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਰਵਿੰਦਰ ਸਿੰਘ ਔਲਖ ਨੇ ਕਿਹਾ ਕਿ ਉਸ ਨੇ ਨਾਇਕ ਨੂੰ ਜ਼ਰੂਰੀ ਦਸਤਾਵੇਜ਼ ਭੇਜ ਦਿੱਤੇ ਹਨ।

ਅਰਵਿੰਦਰ ਨੇ ਦੱਸਿਆ ਨੇ ਉਸ ਨੇ ਪਹਿਲਾਂ ਇਹ ਜਾਣਕਾਰੀ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਰਾਜ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਵੀ ਟਵੀਟ ਦਿੱਤੀ ਸੀ।

ਸੁਖਬੀਰ ਨੇ ਇਹ ਜਾਣਕਾਰੀ ਸੁਸ਼ਮਾ ਸਵਰਾਜ ਨੂੰ ਭੇਜ ਕੇ ਦਖ਼ਲ ਦੀ ਮੰਗ ਕੀਤੀ ਸੀ, ਜਿਸ ਦੇ ਜਵਾਬ ਵਿੱਚ ਸੁਸ਼ਮਾ ਸਵਰਾਜ ਨੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਸੀ।

ਲਾਪਤਾ 28 ਸਾਲ ਜਸਵਿੰਦਰ ਸਿੰਘ ਦੇ ਲਾਚਾਰ ਪਰਿਵਾਰ ਨੇ ਮਦਦ ਲਈ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਗੁਹਾਰ ਲਾਈ ਸੀ, ਤਾਂ ਜੋ ਦੇਰ ਹੋਣ ਤੋਂ ਪਹਿਲਾਂ ਕਦਮ ਚੁੱਕਿਆ ਜਾਵੇ। ਅਰਵਿੰਦਰ ਨੇ ਮੰਗ ਕੀਤੀ ਕਿ ਜਿਵੇਂ ਇਰਾਕ ਮਾਮਲੇ ਵਿੱਚ ਕੇਂਦਰੀ ਵਿਦੇਸ਼ ਮੰਤਰੀ ਨੇ ਗੰਭੀਰਤਾ ਨਾਲ ਯਤਨ ਕੀਤੇ ਸਨ, ਉਹ ਇਸ ਮਾਮਲੇ ਵਿੱਚ ਵੀ ਉਵੇਂ ਹੀ ਰੁਚੀ ਲੈਣ ਅਤੇ ਇਸ ਬਾਰੇ ਅਮਰੀਕੀ ਸਰਕਾਰ ਨਾਲ ਵੀ ਕੂਟਨੀਤਿਕ ਪੱਧਰ ਉੱਤੇ ਗੱਲਬਾਤ ਚਲਾਉਣ। ਅਰਿਵੰਦਰ ਮੁਤਾਬਕ ਏਜੰਟ ਨੇ ਜਸਵਿੰਦਰ ਨੂੰ ਅਮਰੀਕਾ ਪਹੁੰਚਾਉਣ ਲਈ 26.50 ਲੱਖ ਰੁਪਏ ਲਏ ਸਨ। ਪਰ ਉਸਦੇ ਲਾਪਤਾ ਹੋਣ ਤੋਂ ਬਾਅਦ ਏਜੰਟ ਨੇ 26 ਲੱਖ ਭਾਵੇਂ ਪਰਿਵਾਰ ਨੂੰ ਵਾਪਸ ਕਰ ਦਿੱਤੇ ਪਰ ਜਸਵਿੰਦਰ ਦਾ ਕੋਈ ਥਹੁ ਪਤਾ ਨਹੀਂ ਲੱਗ ਸਕਿਆ ਹੈ।



ਜਸਵਿੰਦਰ ਨੇ ਆਪਣੇ ਭਰਾ ਨੂੰ ਦੱਸਿਆ ਸੀ ਕਿ ਉਹ 23 ਫਰਵਰੀ 2017 ਨੂੰ ਭਾਰਤ ਤੋਂ ਸੁਰੀਨਾਮ ਗਿਆ ਸੀ। ਜਿੱਥੇ ਉਹ ਪੰਜ ਮਹੀਨੇ ਰਿਹਾ ਅਤੇ ਫਿਰ ਬਹਾਮਾਸ ਪਹੁੰਚ ਗਿਆ ਤੇ ਫਿਰ ਉਹ ਬਹਾਮਾਸ ਪੰਜ ਦਿਨ ਰਹਿਣ ਤੋਂ ਬਾਅਦ ਫਰੀਪੋਰਟ ਆਇਰਲੈਂਡ ਲਈ ਅਗਸਤ 2, 2017 ਨੂੰ ਰਵਾਨਾ ਹੋਇਆ ਸੀ।

ਜਸਵਿੰਦਰ ਦੀ ਮਾਂ ਜਸਵੰਤ ਕੌਰ ਮੁਤਾਬਕ ਇੱਥੋਂ ਹੀ 2 ਅਗਸਤ 2017 ਨੂੰ ਉਨ੍ਹਾਂ ਨੂੰ ਆਖ਼ਰੀ ਫੋਨ ਕੀਤਾ ਗਿਆ ਸੀ, ਉਸ ਨੇ ਫੋਨ ਵਿੱਚ ਕਿਹਾ ਸੀ ਕਿ ਉਹ ਮਿਆਮੀ ਪਹੁੰਚ ਰਹੇ ਹਨ। ਜਸਵੰਤ ਕੌਰ ਮੁਤਾਬਕ ਰਸਤੇ ਵਿੱਚ ਹੀ ਉਸ ਨੂੰ 5 ਹੋਰ ਪੰਜਾਬੀ ਨੌਜਵਾਨ ਮਿਲੇ ਸਨ, ਜਿਨ੍ਹਾਂ ਨੂੰ ਇਸੇ ਤਰ੍ਹਾਂ ਦੀ ਹੋਣੀ ਦਾ ਸਾਹਮਣਾ ਕਰਨਾ ਪਿਆ। ਯੂ ਕੇ ਵਿੱਚ ਕੰਮ ਕਰ ਚੁੱਕੇ ਅਰਵਿੰਦਰ ਸਿੰਘ ਨੂੰ ਖ਼ਦਸ਼ਾ ਹੈ ਕਿ ਜਾਂ ਤਾਂ ਉਨ੍ਹਾਂ ਨੂੰ ਅਮਰੀਕਾ ਵਿੱਚ ਦਾਖਲ ਹੋਣ ਸਮੇਂ ਅਮਰੀਕੀ ਕੋਸਟ ਗਾਰਡ ਨੇ ਗ੍ਰਿਫ਼ਤਾਰ ਕਰ ਲਏ ਹੋਣਗੇ ਜਾਂ ਫਿਰ ਉਨ੍ਹਾਂ ਨਾਲ ਰਸਤੇ ਵਿੱਚ ਕੋਈ ਭਾਣਾ ਵਰਤ ਗਿਆ ਹੋਵੇਗਾ। ਜੇ ਉਹ ਫੜੇ ਗਏ ਹੁੰਦੇ ਤਾਂ ਉਨ੍ਹਾਂ ਕੋਲ ਘਰ ਫੋਨ ਕਰਨ ਦੀਸੁਵਿਧਾ ਹੋਣੀ ਸੀ, ਪਰ ਉਨ੍ਹਾਂ ਕਦੇ ਵੀ ਫੋਨ ਨਹੀਂ ਕੀਤਾ।

ਇਸ ਤੋਂ ਪਹਿਲਾਂ ਨਵੰਬਰ 2017 ਵਿੱਚ ਪੀੜਤ ਪਰਿਵਾਰਾਂ ਨੇ ਵਿਦੇਸ਼ ਮੰਤਰਾਲੇ ਨੂੰ ਇੱਕ ਪੱਤਰ ਵੀ ਲਿਖਿਆ ਸੀ।



Thinking of Buying/Selling ?

Looking for Short Sale,
Bank Foreclosure Properites ?

PROPERTY
PROFESSIONALS



We sell your home fast
and for top dollar

(Serving Buyers/Sellers Since 2008)

Sharanjit Singh Thind
Associate Real Estate Broker/Notary Public
Give us a Call at 917-612-3158

# Insurance

## Personal & Commercial

**Business, Liability, Disability, Workers Comp., E & O, Auto, Home,**



**Sharanjit Singh Thind** *Licensed Insurance Broker (Property & Casualty)*

**Navjot Kaur Thind** *Licensed Insurance Broker (Life, Accident & Health)*

**Phone : 516-280-0576, 917-612-3158**

**Email : sst@whitestonecorpusa.com**

**www.whitesonecorpusa.com**



# ਵੀਹ ਹਜ਼ਾਰ ਡਾਲਰ ਵਿਚ ਪਈ ਬੁਰੀ ਨਜ਼ਰ

**ਪੰਜਾਬ ਹੀ ਨਹੀਂ ਸਗੋਂ ਸਾਰੇ ਭਾਰਤ ਵਿੱਚ ਜਦੋਂ ਵੀ ਕੋਈ ਨਵੀਂ ਕਾਰ, ਸਕੂਟਰ ਤੇ ਗੱਡੀ ਆਦਿ ਲੈਂਦਾ ਹੈ ਓਦੋਂ ਉਹ ਕਾਲੇ ਰੰਗ ਦੀ ਪਰਾਂਦੀ ਜਾਂ ਕਾਲ਼ੇ ਰੰਗ ਦਾ ਰੇਬਨ ਬੰਨ ਦੇਂਦਾ ਹੈ। ਕਈ ਤਾਂ ਬੁਰੀ ਨਜ਼ਰ ਤੋਂ ਈਨੇ ਡਰੇ ਹੁੰਦੇ ਹਨ ਕਿ ਉਹ ਸਾਰੀਆਂ ਹੱਦਾਂ ਪਾਰ ਕਰਦਿਆਂ ਨਵੇਂ ਨਕੋਰ ਟਰੱਕਾਂ ਕਾਰਾਂ ਨਾਲ ਜੁੱਤੀ ਦਾ ਛਿੱਤਰ ਬੰਨ੍ਹ ਕੇ ਬੁਰੀ ਨਜ਼ਰ ਤੋਂ ਬਚਣ ਦਾ ਹਰ ਹੀਲਾ ਵਰਤਦੇ ਦਿਖਾਈ ਦੇਂਦੇ ਹਨ। ਕਈ ਮਾਈਆਂ ਨਵ ਜੰਮੇ ਮੁੰਡੇ ਦੇ ਮੱਥੇ ’ਤੇ ਕਾਲੇ ਰੰਗ ਦਾ ਨਿਸ਼ਾਨ ਲਗਾ ਦੇਂਦੀਆਂ ਹਨ ਅੱਖੇ ਇਸ ਨੂੰ ਨਜ਼ਰ ਨਹੀਂ ਲੱਗੇਗੀ।**

ਪ੍ਰਿੰ: ਗੁਰਬਚਨ ਸਿੰਘ
ਪੰਨਵਾਂ ਥਾਈਲੈਂਡ

ਵਾਰਸ਼ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਂਵੇਂ ਕੱਟੀਆ ਪੋਰੀਆ ਪੋਰੀਆ ਜੀ। ਅੱਜ ਦੁਨੀਆਂ ਚੰਦਰਮਾ ਤੇ ਕਲੋਨੀਆਂ ਕੱਟਣ ਦੀਆਂ ਤਿਆਰੀਆਂ ਕਰ ਰਹੀ ਹੈ ਪਰ ਅਸੀਂ ਬਾਹਰਲੇ ਵਿਕਸਤ ਮੁਲਕਾਂ ਵਿੱਚ ਜਾ ਕੇ ਵੀ ਆਪਣੀਆਂ ਕਰਮਕਾਂਡੀ ਆਦਤਾਂ ਛੱਡਣ ਲਈ ਤਿਆਰ ਨਹੀਂ ਹਾਂ। ਇਸ ਵਿੱਚ ਆਮ ਲੋਕਾਂ ਦਾ ਬਹੁਤਾ ਕਸੂਰ ਨਹੀਂ ਸਮਝਿਆ ਜਾਣਾ ਚਾਹੀਦਾ ਕਿਉਂਕਿ ਪੜ੍ਹ ਲਿਖੇ, ਬੁੱਧੀ ਜੀਵੀਏ, ਵਪਾਰੀ, ਕਿਰਸਾਨ, ਨੇਤਾਜਨ ਤੇ ਵੱਡੇ ਵੱਡੇ ਅਧਿਕਾਰੀ ਵੀ ਵਹਿਮ ਦੇ ਸ਼ਿਕਾਰ ਹੁੰਦੇ ਹਨ। ਬਾਹਰਲੇ ਮੁਲਕਾਂ ਵਿੱਚ ਜੋ ਵਿਦਵਾਨ ਲੋਕ ਪੰਜਾਬੀ ਦੀਆਂ ਅਖਬਾਰਾਂ ਕੱਢਦੇ ਹਨ ਤੇ ਉਹਨਾਂ ਬਹੁਤੀਆਂ ਅਖਬਾਰਾਂ ਵਿੱਚ ਸੜ੍ਹਾਈ ਸੜ੍ਹਾਈ ਮਸ਼ਹੂਰੀਆਂ ਜੋਤਸ਼ੀਆਂ ਦੀਆਂ ਹੀ ਲੱਗੀਆਂ ਹੁੰਦੀਆਂ ਹਨ। ਜਨ ਸਧਾਰਨ ਮਨੁੱਖ ਦੀ ਤਾਂ ਗੱਲ ਛੱਡੋ ਕਈ ਪੜ੍ਹੇ ਲਿਖੇ ਲੋਕ ਵੀ ਇਹਨਾਂ ਮਸ਼ਹੂਰੀਆਂ ਨੂੰ ਪੜ੍ਹ ਕੇ ਇੱਕ ਵਾਰ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਨ ਕਿ ਸ਼ਾਇਦ ਵਾਕਿਆ ਹੀ ਜੋਤਸ਼ ਵਿੱਚ ਕੋਈ ਤਾਕਤ ਹੰਦੀ ਹੈ ? ਇਹਨਾਂ ਜੋਤਸ਼ ਦੀਆਂ ਮਸ਼ਹੂਰੀਆਂ ਵਿੱਚ ਲਿਖਿਆ ਹੁੰਦਾ ਹੈ ਕਿ ਕਿਸੇ ਦੀ ਪ੍ਰੇਮਕਾ ਭੱਜ ਗਈ ਹੋਵੇ ਜਾਂ ਕਿਸੇ ਦਾ ਪ੍ਰੇਮੀ ਰੁੱਸ ਗਿਆ ਹੋਵੇ ਸਾਡੇ ਕੋਲ ਆਓ ਅਸੀਂ ਚੌਹ ਦਿਨਾਂ ਦੇ ਵਿੱਚ ਹੀ ਮਿਲਾ ਸਕਦੇ ਹਾਂ। ਕਿਸੇ ਬੱਚੇ ਬੱਚੀ ਦੇ ਵਿਆਹ ਵਿੱਚ ਰੁਕਾਵਟਾਂ ਖੜੀਆਂ ਹੋਈਆਂ ਹੋਣ ਉਹ ਅਸੀਂ ਮਿੰਟਾਂ ਸੈਕਿੰਟਾਂ ਵਿੱਚ ਹਟਾ ਸਕਦੇ ਹਾਂ। ਜੋਤਸ਼ ਦੀਆਂ ਮਸ਼ਹੂਰੀਆਂ ਵਿੱਚ ਤਾਂ ਏੱਥੋਂ ਤੀਕ ਵੀ ਦਾਅਵਾ ਕੀਤਾ ਹੁੰਦਾ ਹੈ ਕਿ ਜਿੰਨ੍ਹਾਂ ਦੇ ਵੀਜ਼ੇ ਨਹੀਂ ਲੱਗਦੇ ਹਨ ਜੇ ਸਾਡੇ ਦੱਸੇ ਹੋਏ ਉਪਾਅ ਕਰ ਲੈਣ ਤਾਂ ਉਹਨਾਂ ਦੇ ਵੀਜ਼ੇ ਲੱਗ ਸਕਦੇ ਹਨ। ਜਨੀ ਕਿ ਜੰਮਣ ਤੋਂ ਲੈ ਕੇ ਮਰਣ ਤੀਕ ਮਨੁੱਖੀ ਜ਼ਿੰਦਗੀ ਵਿੱਚ ਜਿੰਨੀਆਂ ਵੀ ਉਲਝਣਾਂ ਆਉਂਦੀਆਂ ਹਨ ਉਹਨਾਂ ਸਾਰੀਆਂ ਉਲਝਣਾਂ ਦਾ ਇਲਾਜ ਇਹ ਜੋਤਸ਼ੀ ਕਹਿੰਦੇ ਹਨ ਕਿ ਸਾਡੇ ਪਾਸ ਹੁੰਦਾ ਹੈ ਕਿਉਂਕਿ ਸਾਨੂੰ ਕਾਲ਼ੇ ਇਲਮ ਦੀ ਜਾਣਕਾਰੀ ਹੈ। ਇਹਨਾਂ ਦਾ ਦਾਅਵਾ ਹੁੰਦਾ ਹੈ ਕਿ ਕਾਲੇ ਇਲਮ ਨੂੰ ਦੁਆਰਾ ਗੈਬੀ ਸ਼ਕਤੀਆਂ ਨੂੰ ਅਸੀਂ ਆਪਣੇ ਵੱਸ ਵਿੱਚ ਕੀਤਾ ਹੋਇਆ ਹੈ ਇਸ ਲਈ ਹਰ ਵਿਗੜਿਆ ਤਿਗੜਿਆ ਕੰਮ ਅਸੀਂ ਸਹੀ ਕਰਨ ਦੇ ਸਮਰੱਥ ਹਾਂ। ਆਪਣੀ ਮਸ਼ਹੂਰੀ ਵਧਾਉਣ ਲਈ ਅਖਬਾਰ ’ਤੇ ਕੁੱਝ ਅਜੇਹੇ ਨਾਂ ਤੇ ਉਹਨਾਂ ਦੀਆਂ ਫੋਟੋਆਂ ਦਿੱਤੀਆਂ ਹੁੰਦੀਆਂ ਹਨ ਕਿ ਇਹਨਾਂ ਦੀਆਂ ਸਾਰੀਆਂ ਆਈਆਂ ਹੋਈਆਂ ਮੁਸ਼ਕਲਾਂ ਹੱਲ ਹੋ ਗਈਆਂ ਹਨ। ਮੁਕਦੀ ਗੱਲ ਇਹ ਜੋਤਸ਼ੀ ਖੁਲ੍ਹੇ ਆਮ ਕਹਿੰਦੇ ਹਨ ਕਿ ਹਰ ਵਿਗੜੇ ਕੰਮ ਨੂੰ ਅਸੀਂ ਸਵਾਰਨ ਦੀ ਸਮਰੱਥਾ ਰੱਖਦੇ ਹਾਂ।

ਸਿਤਮ ਸ਼ਰੀਫੀ ਦੀ ਗੱਲ ਦੇਖੋ ਬਾਹਰਲੇ ਮੁਲਕਾਂ ਵਿੱਚ ਇਹ ਸਾਰੀਆਂ ਅਖਬਾਰਾਂ ਸਾਡਿਆਂ ਗੁਰਦੁਆਰਿਆਂ ਵਿਚੋਂ ਮਿਲਦੀਆਂ ਹਨ। ਸਾਰਾ ਸਾਰਾ ਹਫਤਾ ਏੱਥੇ ਅਖਬਾਰਾਂ ਪਈਆਂ ਰਹਿੰਦੀਆਂ ਹਨ। ਜੋਤਸ਼ ਦੀਆਂ ਮਸ਼ਹੂਰੀਆਂ ਪੰਡਤ ਤੇ ਮੁਸਲਮਾਨਾਂ ਭਰਾਵਾਂ ਵਲੋਂ ਹੁੰਦੀਆਂ ਹਨ ਪਰ ਗਾਹਕ ਸਾਰੇ ਸਿੱਖ ਹੁੰਦੇ ਹਨ। ਨਜ਼ਰ ਦਾ ਲੱਗ ਜਾਣਾ ਜਾਂ ਨਜ਼ਰ ਉਤਾਰਨੀ, ਕਿਸੇ ਦਾ ਕੰਮ ਬੱਧਾ ਹੋਣਾ ਜਾਂ ਕਿਸੇ ਕੀਤਾ ਕਰਾਇਆ ਹੋਣਾ ਇਹ ਦਾਹਵੇ ਨਾਲ ਕਹਿੰਦੇ ਹਨ ਸਾਰਾ ਕੁੱਝ ਠੀਕ ਹੋ ਸਕਦਾ ਹੈ ਕੇਵਲ ਇੱਕ ਵਾਰੀ ਗੱਲ ਸਾਡੇ ਨਾਲ ਕਰੋ। ਜੇ ਤੁਸੀਂ ਆ ਨਹੀਂ ਸਕਦੇ ਤਾਂ ਇਹ ਕਹਿੰਦੇ ਹਨ ਕਿ ਟੈਲੀਫੁਨ ਰਾਂਹੀਂ ਵੀ ਅਸੀਂ ਸਮੱਸਿਆ ਦਾ ਹੱਲ ਕਰ ਸਕਦੇ ਹਾਂ। ਏਦਾਂ ਕਹੀਏ ਇਹਨਾਂ ਜੋਤਸ਼ੀਆਂ ਨੇ ਲੋਕਾਂ ਨੂੰ ਡਰਾ ਹੀ ਏਨ੍ਹਾ ਦਿੱਤਾ ਹੋਇਆ ਹੈ ਕਿ ਲੋਕ ਆਪਣੇ ਆਪ ਹੀ ਇਸ ਪਾਸੇ ਨੂੰ ਤੁਰੇ ਜਾ ਰਹੇ ਹਨ।

ਭਾਂਵੇ ਪੰਜਾਬੀ ਵਿਕਸਤ ਮੁਲਕਾਂ ਵਿੱਚ ਜਾ ਵੱਸੇ ਹਨ ਪਰ ਭਰਮ ਵਹਿਮ ਵਰਗੀਆਂ ਬਿਮਾਰੀਆਂ ਦੇ ਕਿਰਮ ਨਾਲ ਹੀ ਚੁੱਕੀ ਫਿਰਦੇ ਹਨ। ਖਾਸ ਤੌਰ ’ਤੇ ਵਪਾਰੀ ਬੰਦਾ ਤਾਂ ਬਿਲਕੁਲ ਹੀ ਨਹੀਂ ਬਚਿਆ ਹੋਇਆ ਹੈ। ਦੁਕਾਨਾਂ ਦੇ ਅੱਗੇ ਮਿਰਚਾਂ ਨਿੰਬੂਆਂ ਦਾ ਟੰਗਣਾ, ਮੂਰਤੀਆਂ ਦੀ ਧੂਪ ਬੱਤੀ ਕਰਨੀ, ਵੱਗਦੇ ਪਾਣੀਆਂ ਵਿੱਚ ਨਿੱਕ ਸੁਕ ਸੁਟਣਾ ਆਦਿ ਸਾਰੇ ਕੰਮ ਜੋਤਸ਼ੀ ਪੰਡਤਾਂ ਦੇ ਕਹੇ ’ਤੇ ਕਰ ਰਹੇ ਹਨ। ਮਕਾਨ ਨਵਾਂ ਬਣਾਇਆ ਜਾਂਦਾ ਹੈ ਤਾਂ ਉਸ ਤੇ ਨਜ਼ਰ ਪੱਟੂ ਲਗਾਉਣਾ ਕਿ ਕਿਸੇ ਦੀ ਨਜ਼ਰ ਨਾ ਲਗ ਜਾਏ। ਸਮਝਿਆ ਜਾਂਦਾ ਹੈ ਕਿ ਜੇ ਕਿਸੇ ਦੀ ਨਜ਼ਰ ਲੱਗ ਗਈ ਤਾਂ ਬਣਿਆ ਹੋਇਆ ਮਕਾਨ ਡਿੱਗ ਵੀ ਸਕਦਾ ਹੈ। ਕਈਆਂ ਨੇ ਨਜ਼ਰ ਪੱਟੂ ਬਾਹਰ ਨਹੀਂ ਲਗਾਇਆ ਹੁੰਦਾ ਕਿਉਂਕਿ ਸ਼ਹਿਰ ਦੇ ਸਰਕਾਰੀ ਮਹਿਕਮੇ ਵਾਲੇ ਪੁੱਛ ਸਕਦੇ ਹਨ ਕਿ ਆ ਤੁਸਾਂ ਕੀ ਟੰਗਿਆ ਹੋਇਆ ਹੈ, ਇਸ ਲਈ ਉਹ ਵਿਚਾਰੇ ਆਪਣਿਆਂ ਕਮਰਿਆਂ ਵਿੱਚ ਨਜ਼ਰ ਪੱਟੂ ਲਗਾ ਕੇ ਆਪਣੇ ਮਨ ਨੂੰ ਧਰਵਾਸ ਦੇ ਲੈਂਦੇ ਹਨ ਕਿ ਸ਼ਾਇਦ ਹੁਣ ਸਾਡਾ ਘਰ ਬੁਰੀ ਨਜ਼ਰ ਤੋਂ ਬਚ ਜਾਏਗਾ। ਪੰਜਾਬ ਹੀ ਨਹੀਂ ਸਗੋਂ ਸਾਰੇ ਭਾਰਤ ਵਿੱਚ ਜਦੋਂ ਵੀ ਕੋਈ ਨਵੀਂ ਕਾਰ, ਸਕੂਟਰ ਤੇ ਗੱਡੀ ਆਦਿ ਲੈਂਦਾ ਹੈ ਓਦੋਂ ਉਹ ਕਾਲੇ ਰੰਗ ਦੀ ਪਰਾਂਦੀ ਜਾਂ ਕਾਲ਼ੇ ਰੰਗ ਦਾ ਰੇਬਨ ਬੰਨ ਦੇਂਦਾ ਹੈ। ਕਈ ਤਾਂ ਬੁਰੀ ਨਜ਼ਰ ਤੋਂ ਈਨੇ ਡਰੇ ਹੁੰਦੇ ਹਨ ਕਿ ਉਹ ਸਾਰੀਆਂ ਹੱਦਾਂ ਪਾਰ ਕਰਦਿਆਂ ਨਵੇਂ ਨਕੋਰ ਟਰੱਕਾਂ ਕਾਰਾਂ ਨਾਲ ਜੁੱਤੀ ਦਾ ਛਿੱਤਰ ਬੰਨ੍ਹ ਕੇ ਬੁਰੀ ਨਜ਼ਰ ਤੋਂ ਬਚਣ ਦਾ ਹਰ ਹੀਲਾ ਵਰਤਦੇ ਦਿਖਾਈ ਦੇਂਦੇ ਹਨ। ਕਈ ਮਾਈਆਂ ਨਵ ਜੰਮੇ ਮੁੰਡੇ ਦੇ ਮੱਥੇ ’ਤੇ ਕਾਲੇ ਰੰਗ ਦਾ ਨਿਸ਼ਾਨ ਲਗਾ ਦੇਂਦੀਆਂ ਹਨ ਅੱਖੇ ਇਸ ਨੂੰ ਨਜ਼ਰ ਨਹੀਂ ਲੱਗੇਗੀ। ਕਈ ਥਾਈਂ ਲੜਾਈਆਂ ਵੀ ਹੁੰਦੀਆਂ ਦੇਖੀਆਂ ਗਈਆਂ ਹਨ ਕਿ ਇਸ ਨੇ ਸਾਡੇ ਕਾਕੇ ਨੂੰ ਨਜ਼ਰ ਲਗਾ ਦਿੱਤੀ ਹੈ। ਬਹੁਤੀਆਂ ਮਾਈਆਂ ਨਿਆਣਿਆਂ ਦੇ ਸਿਰ ਉੱਤੋਂ ਦੀ ਰਾਤ ਨੂੰ ਸੌਣ ਤੋਂ ਪਹਿਲਾਂ ਲਾਲ ਮਿਰਚਾਂ ਵਾਰ ਕੇ ਚੁੱਲੇ ਵਿੱਚ ਸੁੱਟ ਦੀਆਂ ਹਨ। ਅੱਖੇ ਇੰਜ ਕਰਨ ਨਾਲ ਸਾਡੇ ਕਾਕੇ ਨੂੰ ਲੱਗੀ ਹੋਈ ਨਜ਼ਰ ਉੱਤਰ ਜਾਂਦੀ ਹੈ। ਸ਼ਹਿਰਾਂ ਵਿੱਚ ਬਹੁਤੀਆਂ ਮਾਈਆਂ ਬਾਲਟਿਆਂ ਵਿੱਚ ਅੱਗ ਬਾਲ਼ ਕੇ ਮਿਰਚਾਂ ਸੁੱਟੀਆਂ ਦੀਆਂ ਹਨ ਤਾਂ ਕੇ ਸਾਡੇ ਬੂਬੂ ਦੀ ਨਜ਼ਰ ਉੱਤਰ ਜਾ ?ਗੀ। ਹਲਵਾਈ ਬਰਫੀ ਬਣਾਉਣ ਸਮੇਂ ਦੁੱਧ ਵਿੱਚ ਛੋਟਾ ਜੇਹਾ ਕੋਲ਼ੇ ਦਾ ਪੀਸ ਸੁੱਟ ਦੇਂਦਾ ਹੈ ਅਖੇ ਕਿਸੇ ਗਾਹਕ ਦੀ ਨਜ਼ਰ ਨਹੀਂ ਲੱਗੇਗੀ। ਇਹ ਇੱਕ ਆਮ ਹੀ ਗੱਲ ਬਣ ਗਈ ਹੈ ਕਿ ਸਾਡੇ ਬਣਿਆ ਹੋਇਆ ਕੰਮ ਕਿਸੇ ਪਾਸੋਂ ਦੇਖਿਆ ਨਹੀਂ ਜਾਂਦਾ ਉਸ ਨੇ ਮਾੜੀ ਨਜ਼ਰ ਨਾਲ ਦੇਖਿਆ ਗਿਆ ਤਾਂ ਸਾਡਾ ਨੁਕਸਾਨ ਹੋ ਗਿਆ ਹੈ। ਸਾਡਿਆਂ ਪਿੰਡਾਂ ਵਿੱਚ ਜਦੋਂ ਮੱਝ ਜਾਂ ਗਊ ਸੂਣ ਵਾਲੀ ਹੁੰਦੀ ਸੀ ਤਾਂ ਉਸ ਦੇ ਗੱਲ਼ ਵਿੱਚ ਟੁੱਟਾ ਛਿੱਤਰ ਪਾਇਆ ਹੁੰਦਾ ਸੀ ਕਿ ਕਿਸੇ ਦੀ ਨਜ਼ਰ ਨਾ ਲੱਗ ਜਾਏ। ਅਚਾਨਕ ਨਿਆਣਾ ਬਿਮਾਰ ਹੋ ਗਿਆ ਤਾਂ ਪਿੰਡਾਂ ਵਿੱਚ ਕਈ ਮਾਈਆਂ ਦੀ ਸ਼ਾਮਤ ਆ ਜਾਂਦੀ ਸੀ ਕਿ ਇਸ ਨੇ ਸਾਡਾ ਮੁੰਡਾ ਚੁੱਕਿਆ ਸੀ ਤਾਂ ਹੀ ਇਹ ਓਦੋਂ ਦਾ ਰੋਈ ਜਾ ਰਿਹਾ ਹੈ। ਪਤਾ ਨਹੀਂ ਇਸ ਨੇ ਇਸ ਨੂੰ ਕੀ ਕਰ ਦਿੱਤਾ ਹੈ। ਪੰਜਾਬ ਹੀ ਨਹੀਂ ਸਗੋਂ ਸਾਰੇ ਭਾਰਤ ਵਿੱਚ ਕਰੋੜ ਰੁਪਇਆ ਲਗਾਉਣ ਉਪਰੰਤ ਵਧੀਆ ਮਕਾਨ ’ਤੇ ਨਜ਼ਰ ਪੱਟੂ ਮੁੱਲ ਲਿਆ ਕਿ ਬਨੇਰੇ ’ਤੇ ਰੱਖਿਆ ਹੁੰਦਾ ਹੈ। ਕਈਆਂ ਦੇ ਨਜ਼ਰ ਪੱਟੂ ਮੂੰਹ ਵਿੱਚ ਜ਼ਬਾਨ ਬਾਹਰ ਲਮਕਾਉਂਦੇ ਹੋਏ ਵੀ ਦਿਸਦੇ ਹਨ। ਨਜ਼ਰ ਦਾ ਪਤਾ ਨਹੀਂ ਲੱਗਣੀ ਹੈ ਜਾਂ ਨਹੀਂ ਲੱਗਣੀ ਜਾਂ ਇਸ ਨਜ਼ਰ ਪੱਟੂ ਨਾਲ ਉਤਰਨੀ ਹੈ ਜਾਂ ਨਹੀਂ ਉਤਰਨੀ ਪਰ ਇੱਕ ਗੱਲ ਜ਼ਰੂਰ ਹੈ ਕਿ ਜ਼ਬਾਨ ਬਾਹਰ ਕੱਢੀ ਇਹ ਪ੍ਰਤੀਕ ਦੇ ਰਿਹਾ ਹੈ ਕਿ ਭਰਾਓ ਮਕਾਨ ਬਣਾਉਂਦਿਆਂ ਬਣਾਉਂਦਿਆਂ ਮੇਰੀ ਜ਼ਬਾਨ ਬਾਹਰ ਆ ਗਈ ਹੈ ਤੁਸੀਂ ਜ਼ਰੂਰ ਸੋਚ ਸਮਝ ਕੇ ਬਣਾਇਆ ਜੇ। ਅਜੇਹੀਆਂ ਬਿਮਾਰੀਆਂ ਅਸੀਂ ਬਾਹਰਲੇ ਮੁਲਕਾਂ ਵਿੱਚ ਵੀ ਚੁੱਕੀ ਫਿਰਦੇ ਹਾਂ। ਨਜ਼ਰ ਲੱਗਣ ਦੀ ਜੱਗੋਂ ਤੇਰ੍ਹਵੀਂ ਕਨੇਡਾ ਦੇ ਵਿਨੀਪੈੱਗ ਸ਼ਹਿਰ ਵਿਖੇ ਵਾਪਰੀ ਘਟਨਾ ਮੈਨੂੰ ਸਿੰਘ ਸਭਾ ਕਨੇਡਾ ਦੇ ਵੀਰਾਂ ਨੇ ਸੁਣਾਈ ਸੀ। ਉਹਨਾਂ ਨੇ ਦੱਸਿਆ ਵਿਨੀਪੈੱਗ ਆਏ ਇੱਕ ਵੀਰ ਵਲੋਂ ਆਪਣੀ ਟੈਕਸੀ ਦੇ ਮਗਰ ਡਿੱਗੀ ਦੇ ਥੱਲੇ ਕਰਕੇ ਇੱਕ ਛਿੱਤਰ ਬੱਧਾ ਹਿ ?ਆ ਸੀ ਕਿ ਕਿਤੇ ਮੇਰੇ ਕਾਰੋਬਾਰ ਨੂੰ ਨਜ਼ਰ ਨਾ ਲੱਗ ਜਾਏ। ਉਸ ਦਾ ਖਿਆਲ ਸੀ ਕਿ ਛਿੱਤਰ ਬੰਨਣ ਨਾਲ ਮੇਰੇ ਨਾਲ ਕੋਈ ਦੁਰਘਟਨਾ ਨਹੀਂ ਵਾਪਰੇਗੀ ਤੇ ਸਵਾਰੀਆਂ ਵੀ ਵੱਧ ਆਉਣਗੀਆਂ। ਹੋਇਆ ਇਹ ਕਿ ਅਚਾਨਕ ਗੱਡੀ ਦਾ ਐਕਸੀਡੈਂਟ ਹੋ ਗਿਆ। ਜਨੀ ਕਿ ਇਸ ਦੀ ਗੱਡੀ ਫੁੱਟਪਾਥ ਨਾਲ ਟਕਰਾ ਕੇ ਹਾਦਸਾਗ੍ਰਸੱਤ ਹੋ ਗਈ। ਹੁਣ ਇਸ ਨੇ ਆਪਣੀ ਗੱਡੀ ਠੀਕ ਕਰਾਉਣ ਸੀ। ਇਹ ਵੀਰ ਆਪਣੀ ਗੱਡੀ ਨੂੰ ਵਰਕਸ਼ਾਪ ਵਿੱਚ ਲੈ ਗਿਆ ਜੋ ਇੱਕ ਗੋਰੇ ਦੀ ਸੀ। ਜਦ ਗੋਰਾ ਮਕੈਨਿਕ ਕੰਮ ਸ਼ੁਰੂ ਕਰਨ ਲੱਗਿਆ ਕਿ ਤਾਂ ਉਸ ਨੇ ਦੇਖਿਆ ਕਿ ਇਸ ਦੀ ਗੱਡੀ ਨਾਲ ਛਿੱਤਰ ਅੜਿਆ ਹੋਇਆ ਹੈ। ਇਹ ਉਸ ਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਇਹ ਛਿੱਤਰ ਇਸ ਨੇ ਆਪ ਟੰਗਿਆ ਹੋਏਗਾ ? ਗੋਰੇ ਮਕੈਨਿਕ ਨੇ ਇਹ ਸਮਝ ਲਿਆ ਕਿ ਇਸ ਡਰਾਇਵਰ ਕੋਲੋਂ ਜ਼ਰੂਰ ਕੋਈ ਵੱਡੀ ਦੁਰਘਟਨਾ ਵਾਪਰ ਗਈ ਹੈ ਜੋ ਇਸ ਨੇ ਲੁਕਾ ਕੇ ਰੱਖੀ ਹੋਏਗੀ, ਜ਼ਰੂਰ ਕੋਈ ਬੰਦਾ ਇਸ ਦੀ ਗੱਡੀ ਥੱਲੇ ਆ ਕੇ ਮਰ ਗਿਆ ਹੋਵੇਗਾ ਤੇ ਉਸ ਬੰਦੇ ਦੀ ਜੁੱਤੀ ਦਾ ਛਿੱਤਰ ਇਸ ਦੀ ਗੱਡੀ ਵਿੱਚ ਅੜਿਆ ਰਹਿ ਗਿਆ ਹੈ। ਗੋਰਾ ਫੱਟ ਪੰਜਾਬੀ ਡਰਾਰਿਵਰ ਨੂੰ ਕਹਿਣ ਲੱਗਾ ਕਿ ਮਿੱਤਰਾ ਤੂੰ ਕੋਈ ਵੱਡਾ ਐਕਸੀ ਡੈਂਟ ਕਰਕੇ ਆਇਆ ਏਂ। ਹੋ ਸਕਦਾ ਹੈ ਤੇਰੇ ਕੋਲੋਂ ਕਿਸੇ ਬੰਦੇ ਦੀ ਮੌਤ ਹੋ ਗਈ ਹੋਵੇ ਕਿਉਂਕਿ ਤੇਰੀ ਗੱਡੀ ਨਾਲ ਹਾਦਸਾ ਗ੍ਰਸਤ ਬੰਦੇ ਦੀ ਜੁੱਤੀ ਦਾ ਇੱਕ ਛਿੱਤਰ ਅੜਿਆ ਰਹਿ ਗਿਆ ਹੈ।

ਪੰਜਾਬੀ ਡ੍ਰਾਈਵਰ ਕਹਿਣ ਲੱਗਾ ਕਿ ਮੇਰੇ ਕੋਲੋਂ ਕੋਈ ਬੰਦਾ ਨਹੀਂ ਮਰਿਆ। ਇਹ ਤੇ ਮੇਰੇ ਕੋਲੋਂ ਹੀ ਗੱਡੀ ਵੱਜ ਗਈ ਹੈ ਜੋ ਮੈਂ ਠੀਕ ਕਰਾਉਣ ਲਈ ਆਇਆ ਹਾਂ। ਗੋਰੇ ਮਕੈਨਿਕ ਨੇ ਪੁਲੀਸ ਨੂੰ ਕਾਲ ਕਰ ਦਿੱਤੀ। ਪੁਲੀਸ ਹਾਜ਼ਰ ਹੋ ਗਈ। ਪੰਜਾਬੀ ਡ੍ਰਾਈਵਰ ਬਾਰ ਬਾਰ ਕਹੇ ਕਿ ਕੋਈ ਬੰਦਾ ਨਹੀਂ ਮਰਿਆ ਸਗੋਂ ਮੇਰੇ ਕੋਲੋਂ ਹੀ ਦੁਰਘਟਨਾ ਹੋ ਗਈ ਹੈ। ਅਖੀਰ ਪੰਜਾਬੀ ਡ੍ਰਾਈਵਰ ਉਹਨਾਂ ਨੂੰ ਕਹਿਣ ਲੱਗਾ ਕਿ ਮੈਂ ਤਾਂ ਬੁਰੀ ਨਜ਼ਰ ਲੱਗਣ ਦੇ ਡਰੋਂ ਜੁੱਤੀ ਦਾ ਪੁਰਾਣਾ ਛਿੱਤਰ ਟੰਗਿਆ ਹੋਇਆ ਸੀ। ਸਿਆਪਾ ਇਹ ਖੜਾ ਹੋ ਗਿਆ ਕਿ ਪੰਜਾਬੀ ਡ੍ਰਾਈਵਰ ਨੂੰ ਬੁਰੀ ਨਜ਼ਰ ਦੀ ਅੰਗਰੇਜ਼ੀ ਨਾ ਆਵੇ। ਡ੍ਰਾਈਵਰ ਆਪਣੀ ਗੱਲ ਸਮਝਾ ਹੀ ਨਾ ਸਕਿਆ ਕਿ ਮੈਂ ਜੋਤਸ਼ੀ ਕੋਲੋਂ ਡਰਿਆ ਹੋਇਆ ਇਨਸਾਨ ਹਾਂ ਤਾਂ ਆਪਣੀ ਗੱਡੀ ਨਾਲ ਛਿੱਤਰ ਬੱਧਾ ਹੋਇਆ ਹੈ। ਪਰ ਏਦਾਂ ਗੱਡੀ ਦੇ ਮਗਰ ਛਿੱਤਰ ਟੰਗਣਾ ਗੋਰਿਆਂ ਨੂੰ ਹਜ਼ਮ ਨਹੀਂ ਹੋ ਰਿਹਾ ਸੀ। ਗੋਰਿਆਂ ਨੇ ਇੱਕ ਗੱਲ ਪੰਜਾਬੀ ਡ੍ਰਾਈਵਰ ਦੀ ਮੰਨ ਲਈ ਕਿ ਤੇਰੇ ਕੋਲੋਂ ਕੋਈ ਬੰਦਾ ਨਹੀਂ ਮਾਰਿਆ। ਇਹ ਵੀ ਮੰਨ ਲਿਆ ਕਿ ਤੂੰ ਆਪਣੀ ਗੱਡੀ ਨਾਲ ਛਿੱਤਰ ਇਸ ਲਈ ਹੋਇਆ ਬੰਨ੍ਹਿਆ ਹੋਇਆ ਸੀ ਕਿ ਤੇਰੀ ਗੱਡੀ ਨੂੰ ਕਿਤੇ ਭੈੜੀ ਨਜ਼ਰ ਨਾ ਲੱਗ ਜਾਏ। ਅਸੀਂ ਤੇਰੀਆਂ ਸਾਰੀਆਂ ਗੱਲ ਮੰਨ ਲੈਂਦੇ ਹਾਂ। ਹੁਣ ਇਸ ਗੱਲ ਨੂੰ ਸਹੀ ਸਾਬਤ ਕਰਨ ਲਈ, ਤੂੰ ਇਸ ਛਿੱਤਰ ਨਾਲ ਦਾ ਦੂਜਾ ਛਿੱਤਰ ਦਿਖਾ। ਪੰਜਾਬੀ ਭਾਅ ਨੇ ਇੱਕ ਛਿੱਤਰ ’ਤੇ ਗੱਡੀ ਨਾਲ ਬੰਨ੍ਹ ਲਿਆ ਸੀ ਦੂਜਾ ਓਸੇ ਦਿਨ ਹੀ ਕੂੜੇ ਵਿੱਚ ਸੁੱਟ ਦਿੱਤਾ ਸੀ। ਪੰਜਾਬੀ ਡ੍ਰਾਈਵਰ ਪਾਸ ਦੂਜਾ ਛਿੱਤਰ ਨਹੀਂ ਸੀ ਜਿਸ ਕਰਕੇ ਪੁਲੀਸ ਨੇ ਕੇਸ ਦਰਜ ਕਰ ਲਿਆ। ਗੋਰੇ ਕਹਿਣ ਜੇ ਵਾਕਿਆ ਹੀ ਤੂੰ ਸੱਚਾ ਏਂ ਤਾਂ ਜੁੱਤੀ ਦਾ ਦੂਜਾ ਛਿੱਤਰ ਦਿਖਾ। ਹੁਣ ਡ੍ਰਾਈਵਰ ਪਾਸ ਸਬੂਤ ਹੈ ਕੋਈ ਨਹੀਂ ਸੀ। ਪੰਜਾਬੀ ਡ੍ਰਾਇਵਰ ਨੂੰ ਦਸ ਹਜ਼ਾਰ ਡਾਲਰ ਖਰਚ ਕਰਕੇ ਖੜੇ ਪੈਰ ਵਕੀਲ ਕਰਨਾ ਪਿਆ। ਕੇਸ ਚੱਲਿਆ ਪਰ ਦਸ ਹਜ਼ਾਰ ਡਾਲਰ ਦਾ ਜੁਰਮਾਨਾ ਠੁਕ ਗਿਆ। ਇੰਜ ਨਜ਼ਰ ਉਤਾਰਨ ਦਾ ਕੁੱਲ ਵੀਹ ਹਜ਼ਾਰ ਡਾਲਰ ਭਰਨਾ ਪਿਆ, ਕਿਉਂ, ਹੈ ਕਨਾ ਜੱਗੋਂ ਤੇਰ੍ਹਵੀਂ।





# ਭਾਰਤ ਦੀ ਨਵੀਂ ਕਰੰਸੀ 'ਚ ਵੀ ਬਰਕਰਾਰ ਹੈ ਕਾਲਾ ਧਨ

> *ਕਿਸਾਨ ਨੂੰ ਕੇਂਦਰ ਸਰਕਾਰ ਵੱਲੋਂ ਇਨਕਮ ਟੈਕਸ ਦੀ ਛੋਟ ਹੈ ਪਰ ਇਸ ਛੋਟ ਦਾ ਫਾਇਦਾ ਕੁੱਝ ਭ੍ਰਿਸ਼ਟ ਅਧਿਕਾਰੀ ਅਤੇ ਕੁੱਝ ਆੜਤੀਆਂ ਵੱਲੋਂ ਲਿਆ ਜਾ ਰਿਹਾ ਹੈ। ਜੇ ਫਾਰਮ ਜੋ ਕਿ ਸਰਕਾਰ ਵਲੋਂ ਕਿਸਾਨਾਂ ਦੀ ਸਹੂਲਤ ਲਈ ਤੈਅ ਕੀਤਾ ਗਿਆ ਹੈ ਉਸ ਦੀ ਗਲਤ ਵਰਤੋਂ ਕੁੱਝ ਆੜਤੀਆਂ ਅਤੇ ਕਾਲੇ ਧੰਨ ਦੇ ਮਾਲਕਾਂ ਵਲੋਂ ਰੱਲ ਕੇ ਕੀਤੀ ਜਾ ਰਹੀ ਹੈ। ਇਹ ਜੇ ਫਾਰਮ ਬਲੈਕਮਨੀ ਵਾਲਿਆਂ ਨੂੰ ਦੇ ਦਿੱਤਾ ਜਾਂਦਾ ਹੈ ਅਤੇ ਬਲੈਕਮਨੀ ਵਾਲਿਆ ਤੋਂ ਇੱਕ ਲੱਖ ਮਗਰ 20 ਹਜਾਰ ਰੁਪਏ ਲਿਆ ਜਾ ਰਿਹਾ ਹੈ। ਇਸ ਤਰ੍ਹਾਂ ਬੈਲਕਮਨੀ ਨੂੰ ਸਫੇਦ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਹੀ ਕਰੋੜਾਂ ਰੁਪਏ ਦੀ ਬਲੈਕਮਨੀ ਨੂੰ ਸਫੇਦ ਕਰਨ ਲਈ ਜੇ ਫਾਰਮ ਦਾ ਸਹਾਰਾ ਲਿਆ ਗਿਆ। ਵੈਸੇ ਤਾਂ ਜੇ ਫਾਰਮ ਸਿਰਫ ਕਿਸਾਨਾਂ ਨੂੰ ਹੀ ਮਿਲ ਸਕਦਾ ਹੈ ਪਰ ਪੁਰਾਣੀ ਤਾਰੀਖ ਵਿੱਚ ਜਾਲੀ ਜਮੀਨ ਦਾ ਠੇਕਾ ਦਿਖਾ ਕੇ ਇਹ ਸਾਰਾ ਜੇ ਫਾਰਮ ਦਾ ਖੇਡ ਖੇਡਿਆ ਜਾ ਰਿਹਾ ਹੈ ਅਤੇ ਬਲੈਕਮਨੀ ਨੂੰ ਸਫੇਦ ਕੀਤਾ ਜਾ ਰਿਹਾ ਹੈ।*

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਘੋਸ਼ਿਤ ਨੋਟ ਬੰਦੀ ਦੇ ਫੈਸਲੇ ਨੇ ਸਾਰੇ ਦੇਸ਼ ਵਿੱਚ ਹਲਚਲ ਲਿਆ ਦਿੱਤੀ ਹੈ। ਆਮ ਆਦਮੀ ਜਿੱਥੇ ਆਪਣੀ ਮਿਹਨਤ ਦੀ ਕਮਾਈ ਦੇ ਨੋਟ ਬਦਲਣ ਅਤੇ ਜਮ੍ਹਾਂ ਕਰਵਾਉਣ ਲਈ ਬੈਕਾਂ ਦੀ ਲਾਇਨਾਂ ਵਿੱਚ ਲਗਿਆ ਹੋਇਆ ਹੈ ਉਥੇ ਹੀ ਕਾਲੇ ਧੰਨ ਵਾਲੇ ਆਪਣਾ ਕਾਲਾ ਧੰਨ ਚਿੱਟਾ ਕਰਨ ਦੇ ਨਵੇਂ ਨਵੇਂ ਰਾਹ ਲੱਭ ਕੇ ਆਪਣਾ ਕਾਲਾ ਧੰਨ ਸਫੈਦ ਕਰ ਰਹੇ ਹਨ। ਨੋਟਬੰਦੀ ਦੀ ਰਾਤ ਹੀ ਦੇਸ਼ ਵਿੱਚ ਟਨਾਂ ਦੇ ਹਿਸਾਬ ਨਾਲ ਸੋਨਾ ਵਿਕਿਆ। ਜਵੈਲਰਾਂ ਦੀਆਂ ਬੰਦ ਹੋ ਚੁੱਕੀਆਂ ਦੁਕਾਨਾਂ ਖੁਲਵਾ ਕੇ ਲੋਕਾਂ ਨੇ ਦੋ ਨੰਬਰ ਦੇ 500-1000 ਦੇ ਨੋਟ ਸੋਨੇ ਵਿੱਚ ਖਪਾ ਦਿੱਤੇ ਤੇ ਜਵੈਲਰਾਂ ਨੇ ਵੀ ਇਸ ਸਥਿਤੀ ਦਾ ਫਾਇਦਾ ਚੁੱਕਦੇ ਹੋਏ ਸੋਨੇ ਦੇ ਦੁੱਗਣੇ ਰੇਟ ਵਧਾ ਦਿੱਤੇ। ਪਰ ਇਸ ਸਭ ਵਿੱਚ ਆਮ ਜਨਤਾ ਦੇ ਮਨਾਂ ਵਿੱਚ ਇੱਕ ਸਵਾਲ ਇਹ ਵੀ ਸੀ ਕਿ ਆਖਰ ਜਵੈਲਰਾਂ ਨੇ ਇੰਨੇ 500-1000 ਦੇ ਨੋਟ ਕਿਵੇਂ ਬਦਲੇ ਜਾਂ ਆਪਣੇ ਖਾਤਿਆਂ ਵਿੱਚ ਜਮ੍ਹਾਂ ਕਰਵਾਏ ? ਪਰ ਕਹਿੰਦੇ ਹਨ ਕਿ ਕਾਨੂੰਨ ਇੱਕ ਬਣਦਾ ਹੈ ਤੇ ਉਸਨੂੰ ਤੋੜਨ ਦੇ ਤਰੀਕੇ 100 ਬਣ ਜਾਂਦੇ ਹਨ। ਜਵੈਲਰਾਂ ਵਲੋਂ ਵੀ ਆਪਣਾ ਇਹ ਇਕੱਠਾ ਕੀਤਾ ਧੰਨ ਟਿਕਾਣੇ ਲਾਉਣ ਲਈ ਆਪਣੇ ਮੁਲਾਜ਼ਮਾਂ ਨੂੰ ਕੰਮ ਲਾ ਦਿੱਤਾ ਗਿਆ। ਬੈਗਾਂ ਦੇ ਬੈਗ ਨੋਟਾਂ ਦੇ ਭਰ ਕੇ ਜਵੈਲਰਾਂ ਦੇ ਮੁਲਾਜਮਾਂ ਵਲੋਂ ਦੂਜੀਆਂ ਸਟੇਟਾਂ ਵਿੱਚ ਖਪਾਏ ਜਾਣ ਦੀ ਚਰਚਾ ਆਮ ਹੈ। ਪਰ ਇਹਨਾਂ ਖਿਲਾਫ ਪੁਲਿਸ ਪ੍ਰਸ਼ਾਸਨ ਅਤੇ ਇਨਕਮ ਟੈਕਸ ਵਿਭਾਗ ਵਲੋਂ ਸਾਂਝੇ ਤੌਰ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਨਹੀਂ ਤਾਂ ਰਾਤੋਂ ਰਾਤ ਗੱਡੀਆਂ ਵਿੱਚ ਜਾਂਦਾ ਪਤਾ ਨਹੀਂ ਕਿੰਨਾ ਹੀ ਅਰਬਾਂ ਰੁਪਏ ਦਾ ਕਾਲਾ ਧੰਨ ਫੜਿਆ ਜਾਂਦਾ। ਜਵੈਲਰਾਂ ਦੀ ਹੀ ਆੜਤੀਆਂ ਨੇ ਵੀ ਆਪਣੇ ਕਾਲੇ ਧੰਨ ਨੂੰ ਸਿਰੇ ਲਾਉਣ ਲਈ ਕਿਸਾਨਾਂ ਦੀ ਆੜ ਲਈ। ਜਿੱਥੇ ਉਹਨਾਂ ਵਲੋਂ ਕਈ ਕਿਸਾਨਾਂ ਦੇ ਖਾਤਿਆਂ ਵਿੱਚ ਪੈਸੇ ਜਮ੍ਹਾਂ ਕਰਵਾਏ ਗਏ ਉਥੇ ਹੀ ਜੇ ਫਾਰਮ ਦਾ ਵੀ ਸਹਾਰਾ ਲਿਆ ਗਿਆ। ਕਿਸਾਨ ਨੂੰ ਕੇਂਦਰ ਸਰਕਾਰ ਵੱਲੋਂ ਇਨਕਮ ਟੈਕਸ ਦੀ ਛੋਟ ਹੈ ਪਰ ਇਸ ਛੋਟ ਦਾ ਫਾਇਦਾ ਕੁੱਝ ਭ੍ਰਿਸ਼ਟ ਅਧਿਕਾਰੀ ਅਤੇ ਕੁੱਝ ਆੜਤੀਆਂ ਵੱਲੋਂ ਲਿਆ ਜਾ ਰਿਹਾ ਹੈ। ਜੇ ਫਾਰਮ ਜੋ ਕਿ ਸਰਕਾਰ ਵਲੋਂ ਕਿਸਾਨਾਂ ਦੀ ਸਹੂਲਤ ਲਈ ਤੈਅ ਕੀਤਾ ਗਿਆ ਹੈ ਉਸ ਦੀ ਗਲਤ ਵਰਤੋਂ ਕੁੱਝ ਆੜਤੀਆਂ ਅਤੇ ਕਾਲੇ ਧੰਨ ਦੇ ਮਾਲਕਾਂ ਵਲੋਂ ਰੱਲ ਕੇ ਕੀਤੀ ਜਾ ਰਹੀ ਹੈ। ਇਹ ਜੇ ਫਾਰਮ ਬਲੈਕਮਨੀ ਵਾਲਿਆਂ ਨੂੰ ਦੇ ਦਿੱਤਾ ਜਾਂਦਾ ਹੈ ਅਤੇ ਬਲੈਕਮਨੀ ਵਾਲਿਆ ਤੋਂ ਇੱਕ ਲੱਖ ਮਗਰ 20 ਹਜਾਰ ਰੁਪਏ ਲਿਆ ਜਾ ਰਿਹਾ ਹੈ। ਇਸ ਤਰ੍ਹਾਂ ਬੈਲਕਮਨੀ ਨੂੰ ਸਫੇਦ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਹੀ ਕਰੋੜਾਂ ਰੁਪਏ ਦੀ ਬਲੈਕਮਨੀ ਨੂੰ ਸਫੇਦ ਕਰਨ ਲਈ ਜੇ ਫਾਰਮ ਦਾ ਸਹਾਰਾ ਲਿਆ ਗਿਆ। ਵੈਸੇ ਤਾਂ ਜੇ ਫਾਰਮ ਸਿਰਫ ਕਿਸਾਨਾਂ ਨੂੰ ਹੀ ਮਿਲ ਸਕਦਾ ਹੈ ਪਰ ਪੁਰਾਣੀ ਤਾਰੀਖ ਵਿੱਚ ਜਾਲੀ ਜਮੀਨ ਦਾ ਠੇਕਾ ਦਿਖਾ ਕੇ ਇਹ ਸਾਰਾ ਜੇ ਫਾਰਮ ਦਾ ਖੇਡ ਖੇਡਿਆ ਜਾ ਰਿਹਾ ਹੈ ਅਤੇ ਬਲੈਕਮਨੀ ਨੂੰ ਸਫੇਦ ਕੀਤਾ ਜਾ ਰਿਹਾ ਹੈ। ਇੱਥੇ ਸਵਾਲ ਫਿਰ ਉਹੀ ਪੈਦਾ ਹੁੰਦਾ ਹੈ ਕਿ 80-20 ਦੀ ਰੇਸ਼ੋ ਨਾਲ ਖਪਾਏ ਜਾ ਰਹੇ ਇਸ ਕਾਲੇ ਧੰਨ 'ਤੇ 500-1000 ਦੇ ਨੋਟਾਂ ਨੂੰ ਆਖਰ ਇਸ ਵੱਡੀ ਗਿਣਤੀ ਵਿੱਚ ਬੈਕਾਂ ਵਿੱਚ ਜਮ੍ਹਾਂ ਕਿਵੇਂ ਕਰਵਾਇਆ ਜਾ ਰਿਹਾ ਹੈ ਜਦ ਕਿ ਆਮ ਆਦਮੀ ਨੂੰ ਤਾਂ ਆਪਣੇ ਕੁੱਝ ਹਜਾਰਾਂ ਪਿੱਛੇ ਹੀ ਬੈਂਕਾਂ ਦੀਆਂ ਲਾਈਨਾਂ ਵਿੱਚ ਕਈ ਕਈ ਦਿਨ ਧੱਕੇ ਖਾਣੇ ਪੈ ਰਹੇ ਹਨ। ਸਪਸ਼ਟ ਹੈ ਕਿ ਇਹ ਸਭ ਬੈਂਕਾਂ ਦੇ ਕੁੱਝ ਭ੍ਰਿਸ਼ਟ ਅਧਿਕਾਰੀਆਂ ਅਤੇ ਹੋਰ ਵਿਭਾਗਾਂ ਦੇ ਉਪਰਲੇ ਤੰਤਰ ਦੀ ਮਿਲੀਭਗਤ ਤੋਂ , ? ਕਵੇਂ ਸੰਭਵ ਹੋ ਸਕਦਾ ਹੈ। ਜਿੱਥੇ ਸੋਨੇ ਅਤੇ ਜੇ ਫਾਰਮ ਰਾਹੀਂ ਆਪਣੀ ਬਲੈਕਮਨੀ ਨੂੰ ਸਫੇਦ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਉਥੇ ਹੀ ਰਿਸ਼ਤੇਦਾਰਾਂ ਅਤੇ ਫੈਕਟਰੀਆਂ ਦੇ ਮਾਲਕਾਂ ਰਾਹੀਂ ਵੀ ਬਲੈਕਮਨੀ ਨੂੰ ਸਫੇਦ ਕੀਤਾ ਜਾ ਰਿਹਾ ਹੈ। ਰਿਸ਼ਤੇਦਾਰਾਂ ਅਤੇ ਭ੍ਰਿਸ਼ਟ ਸਰਕਾਰੀ ਬਾਬੂਆਂ ਦੀ ਬਲੈਕਮਨੀ ਨੂੰ ਸਫੇਦ ਕਰਨ ਲਈ ਵੱਡੇ ਵਪਾਰੀਆਂ ਵਲੋਂ ਛੋਟੇ ਵਪਾਰੀਆਂ ਨੂੰ ਪੈਸੇ ਦੇਣ ਅਤੇ ਅਡਜਸਟ ਕਰਨ ਲਈ ਫੋਨ ਕੀਤੇ ਜਾ ਰਹੇ ਹਨ। ਇਨਕਮ ਟੈਕਸ ਵਿਭਾਗ ਲਈ ਇਹ ਧਿਆਨ ਦੇਣ ਯੋਗ ਗੱਲ ਹੈ ਕਿ ਜਿਹੜੇ ਵਪਾਰੀ ਕਰਜਦਾਰ ਸਨ ਉਹਨਾਂ ਦੇ ਖਾਤਿਆਂ ਵਿੱਚ ਅਚਾਨਕ ਹੀ ਲੱਖਾਂ ਰੁਪਏ ਕਿਥੋਂ ਆ ਗਏ। ਅਜਿਹੇ ਹੀ ਕਈ ਵਪਾਰੀਆਂ ਉਪਰ ਲੱਖਾਂ ਦਾ ਕਰਜਾ ਸੀ ਪਰ ਕੇਂਦਰ ਸਰਕਾਰ ਵੱਲੋਂ 500 ਅਤੇ 1000 ਦੇ ਪੁਰਾਣੇ ਨੋਟ ਬੰਦ ਕਰਨ ਦੇ ਫੈਸਲੇ ਨਾਲ ਉਹਨਾਂ ਕੋਲ ਰਾਤੋਂ ਰਾਤ 30-40 ਲੱਖ ਰੁਪਏ ਬਲੈਕਮਨੀ ਆ ਗਈ ਅਤੇ ਇਸ ਬੈਲਕਮਨੀ ਨੂੰ ਖਪਾਉਣ ਲਈ ਉਹਨਾਂ ਵਲੋਂ ਜਿੱਥੇ ਵਪਾਰੀਆਂ ਨੂੰ ਪੈਮੰਟ ਦਿੱਤੀ ਜਾ ਰਹੀ ਹੈ ਉਥੇ ਅਚਾਨਕ ਹੀ ਲੰਮੇ ਸਮੇਂ ਤੋਂ ਖਾਲੀ ਚੱਲ ਰਹੀਆਂ ਲਿਮਿਟਾਂ ਵੀ ਭਰ ਦਿੱਤੀਆਂ ਗਈਆਂ ਹਨ। ਉਥੇ ਹੀ ਬਜਾਰ ਵਿੱਚ ਜਿਨ੍ਹਾਂ ਵਪਾਰੀਆਂ ਵੱਲੋਂ ਕਈ ਸਾਲਾਂ ਦੇ ਉਧਾਰ ਦਿੱਤੇ ਮਾਲ ਦੇ ਪੈਸੇ ਨਹੀ ਦਿੱਤੇ ਜਾ ਰਹੇ ਸਨ ਉਹ ਨੋਟਬੰਦੀ ਤੋਂ ਬਾਦ ਪੁਰਾਣੇ ਨੋਟਾਂ ਰਾਹੀ ਰਾਤੋਂ ਰਾਤ ਪੈਸੇ ਦੇ ਦਿੱਤੇ ਗਏ। ਇੱਥੇ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਪੈਸੇ ਜਮ੍ਹਾਂ ਕਰਵਾਉਣ ਵਾਲੇ ਤਾਂ ਕਈ ਜਰੀਏ ਹਨ ਪਰ ਪੈਸੇ ਜਿੱਥੇ ਜਮ੍ਹਾਂ ਹੋਣੇ ਹਨ ਜਾਂ ਬਦਲੇ ਜਾਣੇ ਹਨ ਉਹ ਤਾਂ ਇੱਕ ਹੀ ਹੈ - ਬੈਂਕ। ਬੈਂਕਾਂ ਦੇ ਕੁੱਝ ਭ੍ਰਿਸ਼ਟ ਅਧਿਕਾਰੀਆਂ ਦੀ ਮਿਲੀਭੁਗਤ ਤੋਂ ,ਤਾਂ ਇਹ ਸਾਰਾ ਖੇਡ ਖੇਡਿਆ ਹੀ ਨਹੀਂ ਜਾ ਸਕਦਾ। ਇਸ ਦਾ ਸਪੱਸ਼ਟ ਪ੍ਰਮਾਣ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਬੈਂਕਾਂ 'ਤੇ ਪੈ ਰਹੇ ਇਨਕਮ ਟੈਕਸ ਵਿਭਾਗ ਦੇ ਛਾਪਿਆਂ ਤੋਂ ਸਾਹਮਣੇ ਆਉਂਦਾ ਹੈ। ਕਈ ਬੈਂਕ ਅਧਿਕਾਰੀਆਂ ਨੂੰ ਤਾਂ ਸਸਪੈਂਡ ਵੀ ਕੀਤਾ ਗਿਆ ਹੈ। ਪੰਜਾਬ ਦੇ ਬਰਨਾਲਾ ਸ਼ਹਿਰ ਵਿੱਚ ਵੀ ਇੱਕ ਟੈਕਸੀ ਡਰਾਇਵਰ ਦੇ ਖਾਤੇ ਵਿੱਚ 9800 ਕਰੋੜ ਰੁਪਿਆ ਟਰਾਂਸਫਰ ਕਰ ਦਿੱਤਾ ਗਿਆ ਤੇ ਬਾਦ ਵਿੱਚ ਉਸ ਖਾਤੇ ਤੋਂ ਦੂਸਰੇ ਖਾਤੇ ਵਿੱਚ ਟਰਾਂਸਫਰ ਕਰ ਦਿੱਤੇ ਗਏ। ਡਰਾਇਵਰ ਵਲੋਂ ਇਨਕਮ ਟੈਕਸ ਵਿਭਾਗ ਪਾਸ ਸ਼ਿਕਾਇਤ ਕਰਨ 'ਤੇ ਇਨਕਮ ਟੈਕਸ ਵਿਭਾਗ ਵਲੋਂ ਬੈਂਕ ਦੀਆਂ ਦੋ ਬਰਾਚਾਂ 'ਤੇ ਛਾਪਾ ਵੀ ਮਾਰਿਆ ਗਿਆ। ਸੋਚਣ ਵਾਲੀ ਗੱਲ ਹੈ ਕਿ ਜੇ ਇੱਕ ਖਾਤੇ ਵਿੱਚ ਖਰਬਾਂ ਰੁਪਇਆ ਟਰਾਂਸਫਰ ਕੀਤਾ ਗਿਆ ਤਾਂ ਦੇਸ਼ ਭਰ ਦੇ ਬੈਂਕਾਂ ਵਿੱਚ ਲੱਖਾਂ ਕਰੋੜਾਂ ਵਿੱਚ ਤਾਂ ਪਤਾ ਨਹੀਂ ਕਿੰਨੇ ਹੀ ਟਰਾਂਸਫਰ ਹੋਏ ਹੋਣਗੇ। ਇਸ ਸਭ ਤੋਂ ਇਲਾਵਾ ਅਜਿਹੇ ਲੋਕ ਵੀ ਬਜਾਰ ਵਿੱਚ ਸਰਗਰਮ ਹਨ ਜੋ ਸ਼ਰੇਆਮ ਪੁਰਾਣੇ ਨੋਟਾਂ ਨੂੰ 75 ਫੀਸਦੀ 'ਤੇ ਨਵੇਂ ਨੋਟਾਂ ਵਿੱਚ ਬਦਲਵਾਉਣ ਦਾ ਦਾਅਵਾ ਕਰਦੇ ਹਨ ਅਤੇ ਕਰੋੜਾਂ ਰੁਪਏ ਦੇ ਪੁਰਾਣੇ ਨੋਟ ਬਦਲਣ ਦੀ ਗੱਲ ਆਮ ਕਰਦੇ ਹਨ। ਜਿਹੜੇ ਅਜਿਹੇ ਲੋਕ ਕਾਲੇ ਧੰਨ ਨੂੰ ਬਦਲਣ ਦੀ ਗੱਲ ਕਰ ਰਹੇ ਹਨ ਉਹ ਸੱਤਾ ਦੇ ਨਜਦੀਕ ਹਨ। ਇਹਨਾਂ ਨੂੰ ਨਾ ਤਾਂ ਇਨਕਮ ਟੈਕਸ ਦਾ ਹੀ ਡਰ ਹੈ ਅਤੇ ਨਾ ਹੀ ਕਿਸੇ ਹੋਰ ਮਹਿਕਮੇ ਦਾ।



ਇਸ ਸਭ ਤੋਂ ਤਾਂ ਇਹੀ ਲੱਗਦਾ ਹੈ ਕਿ ਪ੍ਰਧਾਨਮੰਤਰੀ ਦੀ ਇਹ ਸਾਰੀ ਯੋਜਨਾ ਜੋ ਕਿ ਕਾਲੇ ਧੰਨ ਨੂੰ ਬਾਹਰ ਕੱਢਣ ਦੀ ਸੀ ਪਰ ਵਿਚੋਲੀਆਂ ਨੇ ਕਾਲੇ ਧੰਨ ਨੂੰ ਨਵੇਂ ਰਸਤੇ ਲੱਭ ਕੇ ਫਿਰ ਤੋਂ ਨਵੀ ਕਰਸੀ ਵਿੱਚ ਕਾਲਾ ਧੰਨ ਬਰਕਰਾਰ ਰੱਖ ਲਿਆ ਹੈ। 19 ਦਿਨ ਬੀਤਣ ਦੇ ਬਾਵਜੂਦ ਦੇਸ਼ ਵਿੱਚ ਕਾਲਾ ਧੰਨ ਨਾ ਮਾਤਰ ਹੀ ਫੜਿਆ ਗਿਆ ਹੈ। ਹੁਣ ਸਰਕਾਰ ਵੱਲੋਂ ਕਾਲੇ ਧੰਨ ਨੂੰ ਉਜਾਗਰ ਕਰਨ ਵਾਲਿਆਂ ਨੂੰ 50 ਪ੍ਰਤੀਸ਼ਤ ਦੀ ਸਕੀਮ ਦਿੱਤੀ ਗਈ ਹੈ। ਹੁਣ ਦੇਖਣਾ ਇਹ ਹੈ ਕਿ ਕਾਲੇ ਧੰਨ ਵਾਲੇ ਸਰਕਾਰ ਦੀ ਇਸ ਸਕੀਮ ਨੂੰ ਤਰੀਕੇ ਨਾਲ ਲੈਂਦੇ ਹਨ। ਅਗਰ ਸਰਕਾਰ ਦੀ ਇਹ ਯੋਜਨਾ ਵੀ ਕਾਲਾ ਧੰਨ ਨਹੀਂ ਕੱਢ ਪਾਉਂਦੀ ਤਾਂ ਸਮਝ ਲੋ ਕਿ ਸਰਕਾਰ ਦੀ ਨੋਟਬੰਦੀ ਦੀ ਇਹ ਯੋਜਨਾ ਆਮ ਆਦਮੀ ਅਤੇ ਛੋਟੇ ਵਪਾਰੀਆਂ ਲਈ ਸਿਰਦਰਦ ਹੀ ਸਾਬਤ ਹੋਈ ਹੈ। ਅਗਰ ਸਰਕਾਰ ਨੇ ਇਹ ਯੋਜਨਾ ਸਹੀ ਮਾਇਨੇ ਵਿੱਚ ਸਫਲ ਕਰਨੀ ਹੈ ਤਾਂ ਸਰਕਾਰ ਨੂੰ ਨਾ ਸਿਰਫ ਕਾਲੇ ਧੰਨ ਵਾਲਿਆਂ ਸਗੋਂ ਉਹਨਾਂ ਦਾ ਸਾਥ ਦੇਣ ਵਾਲੇ ਕੁੱਝ ਭ੍ਰਿਸ਼ਟ ਮਹਿਕਮਿਆਂ ਦੇ ਖਿਲਾਫ ਵੀ ਸਖਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਹੀ ਇਸ ਯੋਜਨਾ ਦਾ ਦੇਸ਼ ਨੂੰ ਸਹੀ ਲਾਭ ਮਿਲ ਸਕੇਗਾ ਨਹੀਂ ਤਾਂ ਇਹ ਯੋਜਨਾ ਦੇਸ਼ ਲਈ ਸਿਰਫ ਅਤੇ ਸਿਰਫ ਆਰਥਿਕ ਸੰਕਟ ਦਾ ਕਾਰਣ ਬਣ ਕੇ ਰਹਿ ਜਾਵੇਗੀ।

-ਡਾ. ਅਕੇਸ਼ ਕੁਮਾਰ

# ਸ਼ੋਸ਼ਲ ਮੀਡੀਆ ਤੋਂ ਖ਼ੌਫ਼ਜ਼ਦਾ ਸਰਕਾਰਾਂ

**ਰਵੀਸ਼ ਕੁਮਾਰ**

ਪ੍ਰਸ਼ਾਸਨ ਅਤੇ ਸਰਕਾਰਾਂ ਨੂੰ ਹੁਣ ਸੋਸ਼ਲ ਮੀਡੀਆ ਤੋਂ ਘਬਰਾਹਟ ਹੋਣ ਲੱਗੀ ਹੈ। ਫਿਰ ਤੋਂ ਕਸ਼ਮੀਰ ਤੇ ਗੁਜਰਾਤ ਵਿਚ ਕਈ ਜ਼ਿਲ੍ਹਿਆਂ ਵਿਚ ਇੰਟਰਨੈੱਟ ਸੇਵਾ ਬੰਦ ਕੀਤੀ ਗਈ ਹੈ। ਕਸ਼ਮੀਰ ਦੇ ਕੁਪਵਾੜਾ, ਬਾਂਦੀਪੁਰਾ ਤੇ ਗਾਂਦਰਬਲ ਵਿਚ ਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ। ਗੁਜਰਾਤ ਵਿਚ ਪਿਛਲੇ ਸਾਲ ਅਗਸਤ ਦੇ ਮਹੀਨੇ ਵਾਂਗ ਇਸ ਵਾਰ ਵੀ ਪਟੇਲ ਅੰਦੋਲਨ ਨੂੰ ਲੈ ਕੇ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ ਹੈ। ਅਹਿਮਦਾਬਾਦ, ਰਾਜਕੋਟ, ਵੜੋਦਰਾ, ਸਾਬਰਕਾਂਠਾ ਵਿਚ ਇੰਟਰਨੈੱਟ ਸੇਵਾ ਬੰਦ ਹੈ। ਉਦੋਂ ਤਾਂ ਲੋਕ ਇਹ ਵੀ ਸ਼ਿਕਾਇਤ ਕਰਦੇ ਮਿਲੇ ਕਿ ਪੁਲੀਸ ਨੇ ਕਾਫ਼ੀ ਕੁੱਟਿਆ-ਮਾਰਿਆ ਹੈ, ਉਨ੍ਹਾਂ ਦੇ ਵੀਡੀਓ ਅਸੀਂ ਸ਼ੇਅਰ ਨਾ ਕਰ ਸਕੀਏ, ਇਸ ਲਈ ਇੰਟਰਨੈੱਟ ਸੇਵਾ ਬੰਦ ਕੀਤੀ ਗਈ ਹੈ। ਇੰਟਰਨੈੱਟ ਸੇਵਾ ਬੰਦ ਕਰਨਾ, ਝਟ ਦੇਣੀ ਧਾਰਾ 144 ਲਗਾ ਦੇਣ ਵਾਂਗ ਹੋ ਗਿਆ ਹੈ। ਹੁਣ ਤਾਂ ਪ੍ਰੀਖਿਆਵਾਂ ਵਿਚ ਚੋਰੀ ਰੋਕਣ ਲਈ ਵੀ ਉਸ ਦੌਰਾਨ ਸ਼ਹਿਰ ਵਿਚ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਜਾਂਦੀ ਹੈ। ਫਰਵਰੀ ਮਹੀਨੇ ਵਿਚ ਗੁਜਰਾਤ ਵਿਚ ਹੀ ਖਜ਼ਾਨਾ ਲੇਖਾਪਾਲ ਦੀ ਪ੍ਰੀਖਿਆ ਦੌਰਾਨ ਸਵੇਰੇ 9 ਵਜੇ ਤੋਂ ਇਕ ਵਜੇ ਤਕ ਲਈ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ, ਤਾਂ ਕਿ ਨਕਲ ਨਾ ਹੋ ਸਕੇ। ਇਹ ਫ਼ੈਸਲੇ ਦੱਸਦੇ ਹਨ ਕਿ ਇੰਟਰਨੈੱਟ ਹੁਣ ਮੁਕਤ ਆਕਾਸ਼ ਨਹੀਂ ਰਿਹਾ।

'ਦੀ ਵਾਇਰ' ਨਾਂ ਦੀ ਨਿਊਜ਼ ਸਾਈਟ ਨੇ ਲਿਖਿਆ ਹੈ ਕਿ ਕਸ਼ਮੀਰ ਵਿਚ ਪਿਛਲੇ ਚਾਰ ਸਾਲਾਂ ਵਿਚ 18 ਤੋਂ 25 ਦਿਨਾਂ ਲਈ ਇੰਟਰਨੈੱਟ ਸੇਵਾ ਬੰਦ ਕੀਤੀ ਗਈ। ਪਿਛਲੇ ਸਾਲ 'ਹਫਿੰਗਟਨ ਪੋਸਟ' ਦੀ ਰਿਪੋਰਟ ਅਨੁਸਾਰ ਭਾਰਤ ਵਿਚ 2013 ਤੋਂ 2015 ਦੌਰਾਨ ਚਾਰ ਸੂਬਿਆਂ ਵਿਚ 9 ਵਾਰ ਇੰਟਰਨੈੱਟ ਸੇਵਾ ਬੰਦ ਕੀਤੀ ਗਈ। ਗੁਜਰਾਤ, ਕਸ਼ਮੀਰ ਤੋਂ ਇਲਾਵਾ ਨਾਗਾਲੈਂਡ ਅਤੇ ਮਣੀਪੁਰ ਵਿਚ ਇੰਟਰਨੈੱਟ ਬੰਦ ਹੋਇਆ ਹੈ। ਸਾਲ 2011 ਵਿਚ 'ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕੋ-ਆਪਰੇਸ਼ਨ ਐਂਡ ਡਿਵੈਲਪਮੈਂਟ' (ਓ.ਈ.ਸੀ.ਡੀ.) ਨੇ ਅਨੁਮਾਨ ਲਾਇਆ ਸੀ ਕਿ ਮਿਸਰ ਵਿਚ ਪੰਜ ਦਿਨ ਲਈ ਇੰਟਰਨੈੱਟ ਬੰਦ ਕਰ ਦੇਣ ਨਾਲ 9 ਕਰੋੜ ਡਾਲਰ ਦਾ ਨੁਕਸਾਨ ਹੋ ਗਿਆ ਸੀ। ਸਾਲ 2015 ਵਿਚ ਜਰਮਨੀ ਦੀ ਇਕ ਸੰਸਥਾ ਨੇ ਪਾਕਿਸਤਾਨ ਵਿਚ ਇੰਟਰਨੈੱਟ ਬੰਦ ਕੀਤੇ ਜਾਣ ਨੂੰ ਲੈ ਕੇ ਅਧਿਐਨ ਕਰਕੇ ਦੱਸਿਆ ਸੀ ਕਿ ਕਿਵੇਂ ਇਸ ਨਾਲ ਨਾ ਸਿਰਫ਼ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ ਹੁੰਦਾ ਹੈ, ਸਗੋਂ ਰਾਸ਼ਟਰੀ ਜਾਂ ਵਿਅਕਤੀਗਤ ਸੁਰੱਖਿਆ ਜਾਂ ਬਿਜ਼ਨਸ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਭਾਰਤ ਵਿਚ ਵੀ ਟਾਈਮਜ਼ ਆਫ਼ ਇੰਡੀਆ ਤੋਂ ਲੈ ਕੇ ਇੰਡੀਅਨ ਐਕਸਪ੍ਰੈੱਸ ਤਕ ਨੇ ਲਿਖਿਆ ਕਿ ਗੁਜਰਾਤ ਵਿਚ ਪਟੇਲ ਅੰਦੋਲਨ ਦੇ ਪਹਿਲੇ ਪੜਾਅ ਦੌਰਾਨ ਇੰਟਰਨੈੱਟ ਬੰਦ ਕਰਨ ਨਾਲ 30 ਕਰੋੜ ਤੋਂ ਲੈ ਕੇ 7000 ਕਰੋੜ ਤਕ ਦਾ ਨੁਕਸਾਨ ਹੋਇਆ। ਸਾਡਾ ਸਾਰਿਆਂ ਦਾ ਜੀਵਨ ਹੁਣ ਇੰਟਰਨੈੱਟ ਨਾਲ ਜੁੜਿਆ ਹੋਇਆ ਹੈ। ਸਰਕਾਰ ਵੀ ਆਪਣੇ ਕਈ ਕੰਮ ਐਪ ਰਾਹੀਂ ਕਰਦੀ ਹੈ। ਈ-ਕਾਮਰਸ, ਹੋਟਲ, ਸੈਰ-ਸਪਾਟਾ ਤੋਂ ਲੈ ਕੇ ਤਮਾਮ ਤਰ੍ਹਾਂ ਦੇ ਵਪਾਰ ਇੰਟਰਨੈੱਟ ਰਾਹੀਂ ਹੀ ਹੁੰਦੇ ਹਨ। ਆਮ ਲੋਕ ਵੀ ਹੁਣ ਸਮਾਰਟ ਫੋਨ 'ਤੇ ਮੁਹੱਈਆ ਨੈੱਟ ਰਾਹੀਂ ਜਿਉਂਦੇ ਹਨ। ਮੀਡੀਆ ਵਿਚ ਰਿਪੋਰਟ ਘੱਟ ਹੀ ਹੁੰਦਾ ਹੈ ਕਿ ਇੰਟਰਨੈੱਟ ਬੰਦ ਹੋਣ ਨਾਲ ਲੋਕਾਂ ਨੂੰ ਕਿਸ ਤਰ੍ਹਾਂ ਪ੍ਰੇਸ਼ਾਨੀ ਹੋਈ।




ਇੰਟਰਨੈੱਟ ਹੁਣ ਹਵਾ-ਪਾਣੀ ਵਾਂਗ ਹੈ। ਕੀ ਪ੍ਰਸ਼ਾਸਨ ਹਿੰਸਕ ਸਥਿਤੀ ਵਿਚ ਪਾਣੀ ਦੀ ਸਪਲਾਈ ਬੰਦ ਕਰ ਦਿੰਦਾ ਹੈ ? ਜੇਕਰ ਅਜਿਹਾ ਹੈ ਤਾਂ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਜਦੋਂ ਕਿਸੇ ਕਾਰਨ ਇੰਟਰਨੈੱਟ ਬੰਦ ਹੋਵੇਗਾ, ਤਾਂ ਤੁਸੀਂ ਐਪ ਤੋਂ ਇਲਾਵਾ ਕਿੱਥੇ ਜਾ ਕੇ ਉਸ ਦੀਆਂ ਸੁਵਿਧਾਵਾਂ ਲੈ ਸਕਦੇ ਹੋ।

ਪ੍ਰਸ਼ਾਸਨ ਨੂੰ ਡਰ ਰਹਿੰਦਾ ਹੈ ਕਿ ਸ਼ੋਸ਼ਲ ਮੀਡੀਆ ਰਾਹੀਂ ਅਫ਼ਵਾਹਾਂ ਫੈਲਣ ਨਾਲ ਸਥਿਤੀ ਕੰਟਰੋਲ ਤੋਂ ਬਾਹਰ ਹੋ ਸਕਦੀ ਹੈ। ਕਈ ਵਾਰ ਉਹ ਆਪਣੀ ਨਾਕਾਮੀ ਦੇ ਕਿੱਸੇ ਫੈਲਣ ਤੋਂ ਰੋਕਣ ਲਈ ਵੀ ਬੰਦ ਕਰਦੀ ਹੋਵੇਗੀ। ਸ਼ੋਸ਼ਲ ਮੀਡੀਆ 'ਤੇ ਰੋਜ਼ ਅਫ਼ਵਾਹਾਂ ਫੈਲਦੀਆਂ ਰਹਿੰਦੀਆਂ ਹਨ, ਤਾਂ ਕੀ ਰੋਜ਼ ਹੀ ਫੇਸਬੁੱਕ ਅਤੇ ਵਟਸਐਪ ਬੰਦ ਕਰ ਦਿੱਤਾ ਜਾਵੇ। ਸ਼ੋਸ਼ਲ ਮੀਡੀਆ ਦਾ ਉਭਾਰ ਅਜਿਹੇ ਸਪੇਸ ਦੇ ਰੂਪ ਵਿਚ ਹੋਇਆ ਸੀ, ਜਿੱਥੇ ਲੋਕ ਸਨ। ਜੋ ਮੀਡੀਆ ਅਤੇ ਸਿਆਸੀ ਦਲਾਂ ਤੋਂ ਵੱਖਰੇ ਨਵੇਂ ਸਪੇਸ ਦੀ ਰਚਨਾ ਕਰ ਰਹੇ ਸਨ ਤੇ ਆਪਣੀਆਂ ਗੱਲਾਂ ਲਿਖ ਰਹੇ ਸਨ। ਹੁਣ ਦੱਸਣ ਦੀ ਜ਼ਰੂਰਤ ਨਹੀਂ ਹੈ ਕਿ ਕਿਸ ਤਰ੍ਹਾਂ ਪਾਰਟੀਆਂ ਨੇ ਇਸ ਸਪੇਸ ਦੀ ਵਰਤੋਂ ਸਿਆਸੀਕਰਨ ਕਰਨ ਵਿਚ ਕੀਤੀ ਤੇ ਕਿਸ ਤਰ੍ਹਾਂ ਅਫ਼ਵਾਹਾਂ ਦਾ ਸਿਲਸਿਲਾ ਅੱਜ ਵੀ ਜਾਰੀ ਹੈ। ਇਸ ਖੇਡ ਵਿਚ ਸੱਤਾਧਾਰੀ ਦਲ ਨਾਲ ਜੁੜੇ ਸਮਰਥਕਾਂ ਅਤੇ ਸੰਗਠਨਾਂ ਦਾ ਹੀ ਪੱਲਾ ਭਾਰੀ ਰਹਿੰਦਾ ਹੈ। ਇਨ੍ਹਾਂ ਖ਼ਿਲਾਫ਼ ਸ਼ਾਇਦ ਹੀ ਕਦੇ ਕਾਰਵਾਈ ਹੁੰਦੀ ਹੋਵੇ। ਜਥੇਬੰਦ ਰੂਪ ਗਾਲ੍ਹਾਂ ਦਿੱਤੀਆਂ ਜਾ ਰਹੀਆਂ ਹਨ, ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਮਨ-ਮੁਆਫ਼ਕ ਨਾ ਲਿਖਣ 'ਤੇ ਸਿਆਸੀ ਸਮਰਥਕ ਵਟਸਐਪ ਤੋਂ ਲੈ ਕੇ ਫੇਸਬੁੱਕ ਅਤੇ ਟਵਿੱਟਰ 'ਤੇ ਬਦਨਾਮ ਕਰਨ ਦੀ ਖੇਡ ਖੇਡਣ ਲੱਗਦੇ ਹਨ।ਬਹੁਤ ਵੱਡੀ ਸੰਖਿਆ ਵਿਚ ਲੋਕਾਂ ਨੂੰ ਸ਼ੋਸ਼ਲ ਮੀਡੀਆ 'ਤੇ ਲਾਇਆ ਗਿਆ ਹੈ, ਤਾਂ ਕਿ ਉਹ ਬਹਿਸਾਂ ਅਤੇ ਮੁੱਦਿਆਂ ਨੂੰ ਕੰਟਰੋਲ ਕਰ ਸਕਣ। ਇਨ੍ਹਾਂ ਦੇ ਹੰਗਾਮਾ ਕਰਨ ਨਾਲ ਨਿਊਜ਼ ਚੈਨਲਾਂ ਦੇ ਨਿਊਜ਼ ਰੂਮ ਵਿਚ ਭੂਚਾਲ ਜਿਹਾ ਆ ਜਾਂਦਾ ਹੈ। ਐਂਕਰ ਇਨ੍ਹਾਂ ਨੂੰ ਜਨਤਾ ਸਮਝ ਕੇ ਇਨ੍ਹਾਂ ਦੀ ਭਾਸ਼ਾ ਬੋਲਣ ਲਗਦੇ ਹਨ, ਅਤੇ ਜਦੋਂ ਇਹ ਚੁੱਪ ਹੋ ਜਾਂਦੇ ਹਨ ਤਾਂ ਉਹ ਮੁੱਦਾ ਚੈਨਲਾਂ ਤੋਂ ਗਾਇਬ ਹੋ ਜਾਂਦਾ ਹੈ। ਜਿਵੇਂ ਗੁਜਰਾਤ ਵਿਚ ਜ਼ਮਾਨਤ 'ਤੇ ਰਿਹਾਅ ਹੋਏ ਅਧਿਕਾਰੀ ਨੂੰ ਪੁਲੀਸ ਮੁਖੀ ਬਣਾ ਦਿੱਤਾ। ਇਸ ਨੂੰ ਲੈ ਕੇ ਇਨ੍ਹਾਂ ਸਮਰਥਕਾਂ ਨੇ ਮੀਡੀਆ ਨੂੰ ਗਾਲ੍ਹਾਂ ਕੱਢੀਆਂ ਕਿ ਤੁਸੀਂ ਚੁੱਪ ਕਿਉਂ ਹੋ, ਜਦਕਿ ਜਿਸ ਵਿਅਕਤੀ ਨੂੰ ਹਟਾਇਆ ਗਿਆ ਹੈ, ਉਹ ਖੁੱਲ੍ਹੇਆਮ ਕਹਿ ਰਿਹਾ ਹੈ ਕਿ ਉਨ੍ਹਾਂ ਨੇ ਅਹੁਦੇ ਤੋਂ ਹਟਾਉਣ ਦੀ ਅਪੀਲ ਨਹੀਂ ਕੀਤੀ ਸੀ। ਉਸ ਨੂੰ ਪੁਲੀਸ ਮੁਖੀ ਦੇ ਅਹੁਦੇ ਤੋਂ ਨਾ ਹਟਾਇਆ ਜਾਵੇ। ਡੀ.ਜੀ. ਵੰਜਾਰਾ ਜੇਲ੍ਹ ਤੋਂ ਛੁੱਟ ਕੇ ਆਉਂਦੇ ਹਨ ਤੇ ਜਨਤਕ ਤੌਰ 'ਤੇ ਤਲਵਾਰ ਲੈ ਕੇ ਡਾਂਸ ਕਰਦੇ ਹਨ। ਉਹ ਖ਼ੁਦ ਨੂੰ ਦੇਸ਼ ਭਗਤ ਦੱਸਦੇ ਹੋਏ ਦੂਸਰੇ ਦੇਸ਼ ਭਗਤਾਂ ਦਾ ਸ਼ੁਕਰੀਆ ਅਦਾ ਕਰਦੇ ਹਨ। ਇਹੀ ਘਟਨਾ ਜੇਕਰ ਕਿਸੇ ਦੂਸਰੇ ਸੂਬੇ ਵਿਚ ਹੋਈ ਹੁੰਦੀ, ਤਾਂ ਇਹ ਲੋਕ ਗਾਲ੍ਹਾਂ ਦਾ ਢੇਰ ਲਾ ਦਿੰਦੇ ਕਿ ਮੀਡੀਆ ਵਿਕ ਗਿਆ ਹੈ। ਫਲਾਣਾ ਪੱਤਰਕਾਰ ਚੋਰ ਹੈ, ਦਲਾਲ ਹੈ।

ਸੱਤਾਧਾਰੀ ਪਾਰਟੀ ਦੇ ਸਾਥੀ ਸੰਗਠਨਾਂ ਅਤੇ ਸਮਰਥਕਾਂ ਨੂੰ ਅਫ਼ਵਾਹ ਫੈਲਾਉਣ ਅਤੇ ਗਾਲ੍ਹਾਂ ਕੱਢਣ ਦੀ ਖੁੱਲ੍ਹ ਹੈ। ਲੋਕਾਂ ਵਿਚ ਇਨ੍ਹਾਂ ਦੀਆਂ ਗੱਲਾਂ ਨਾਲ ਤਣਾਅ ਵੀ ਫੈਲਿਆ ਪਰ ਹੁਣ ਉਹ ਵੀ ਸਮਝਣ ਲੱਗੇ ਹਨ ਕਿ ਕਿਸ ਗੱਲ 'ਤੇ ਭਰੋਸਾ ਕਰਨਾ ਹੈ, ਕਿਸ 'ਤੇ ਨਹੀਂ। ਲੋਕ ਜਾਣਨ ਲੱਗੇ ਹਨ ਕਿ ਸ਼ੋਸ਼ਲ ਮੀਡੀਆ ਦੀ ਕਿਸ ਤਰ੍ਹਾਂ ਨਾਲ ਸਿਆਸੀ ਵਰਤੋਂ ਹੋ ਰਹੀ ਹੈ। ਜੇਕਰ ਲੋਕ ਚੌਕਸ ਨਾ ਹੋਏ ਤਾਂ ਉਨ੍ਹਾਂ ਹੱਥੋਂ ਇਹ ਜ਼ਰੀਆ ਖੁੱਸ ਜਾਵੇਗਾ। ਹਾਲੇ ਹਾਲ ਹੀ ਵਿਚ ਅਮਰਪਾਲੀ ਹਾਊਸਿੰਗ ਸੁਸਾਇਟੀ ਨੂੰ ਲੈ ਕੇ ਕੁਝ ਲੋਕਾਂ ਨੇ ਅੰਦੋਲਨ ਕੀਤਾ। ਉਨ੍ਹਾਂ ਨੇ ਸ਼ੋਸ਼ਲ ਮੀਡੀਆ ਦੀ ਚੰਗੀ ਵਰਤੋਂ ਕਰਕੇ ਮਹਿੰਦਰ ਸਿੰਘ ਧੋਨੀ ਤੋਂ ਲੈ ਕੇ ਅਮਰਪਾਲੀ ਗਰੁੱਪ ਤਕ 'ਤੇ ਦਬਾਅ ਪੈਦਾ ਕਰ ਦਿੱਤਾ, ਜਿਸ ਕਾਰਨ ਮੀਡੀਆ ਵਿਚ ਵੀ ਖ਼ਬਰਾਂ ਚੱਲੀਆਂ, ਪਰ ਖ਼ਾਸ ਵਿਚਾਰਧਾਰਾ ਨੂੰ ਲੈ ਕੇ ਪੱਤਰਕਾਰਾਂ ਨੂੰ ਗਾਲ੍ਹਾਂ ਦੇਣ ਵਾਲੇ ਸਮਰਥਕਾਂ ਦੇ ਜਨਸਮੂਹ ਨੇ ਇਨ੍ਹਾਂ ਨਾਗਰਿਕਾਂ ਦਾ ਸਾਥ ਦਿੱਤਾ। ਤੁਹਾਨੂੰ ਪਾਠਕਾਂ ਨੂੰ ਇਨ੍ਹਾਂ ਦੀ ਟਾਈਮਲਾਈਨ 'ਤੇ ਜਾ ਕੇ ਚੈੱਕ ਕਰਨਾ ਚਾਹੀਦਾ ਹੈ। ਇਸੇ ਖੇਡ ਨੂੰ ਆਮ ਨਾਗਰਿਕਾਂ ਨੇ ਸਮਝਣਾ ਹੈ ਅਤੇ ਚੌਕਸ ਰਹਿਣਾ ਹੈ। ਸਿਆਸੀ ਸਮਰਥਕਾਂ ਦੀ ਭਾਸ਼ਾ ਬੋਲਣ ਵਾਲਿਆਂ ਦੀ ਵਚਨਬੱਧਤਾ ਸਿਰਫ਼ ਆਪਣੇ ਦਲ ਪ੍ਰਤੀ ਹੁੰਦੀ ਹੈ। ਦੇਸ਼ ਪ੍ਰਤੀ ਹੁੰਦੀ ਤਾਂ ਉਹ ਸੋਕੇ ਨੂੰ ਲੈ ਕੇ ਹੰਗਾਮਾ ਕਰ ਰਹੇ ਹੁੰਦੇ। ਪਰ ਇਹ ਲੋਕ ਇਹ ਅਫ਼ਵਾਹ ਫੈਲਾਉਣ ਵਿਚ ਲੱਗੇ ਹਨ ਕਿ ਭਾਰਤ ਵਿਚ ਪਹਿਲੀ ਵਾਰ ਪਾਣੀ ਦੀ ਰੇਲ ਗੱਡੀ ਚੱਲੀ ਹੈ। ਕੇਂਦਰੀ ਮੰਤਰੀ ਉਮਾ ਭਾਰਤੀ ਵੀ ਇਹ ਗੱਲ ਸਾਡੇ ਸਹਿਯੋਗੀ ਸ਼੍ਰੀਨਿਵਾਸ ਜੈਨ ਦੇ ਇੰਟਰਵਿਊ ਵਿਚ ਕਹਿ ਰਹੀ ਹੈ। ਉਨ੍ਹਾਂ ਤਕ ਇਹ ਗੱਲ ਸਰਕਾਰ ਰਾਹੀਂ ਪਹੁੰਚੀ ਜਾਂ ਸ਼ੋਸ਼ਲ ਮੀਡੀਆ ਰਾਹੀਂ ? 'ਇੰਡੀਅਨ ਐਕਸਪ੍ਰੈੱਸ' ਨੇ ਛਾਪਿਆ ਹੈ ਕਿ 2 ਮਈ 1986 ਨੂੰ ਭਾਰਤ ਵਿਚ ਪਹਿਲੀ ਵਾਰ ਗੁਜਰਾਤ ਦੇ ਰਾਜਕੋਟ ਵਿਚ ਪਾਣੀ ਦੀ ਰੇਲ ਗੱਡੀ ਚੱਲੀ ਸੀ। ਮੈਨੂੰ ਕਿਸੇ ਨੇ ਸੂਚਨਾ ਦਿੱਤੀ ਸੀ ਕਿ '50 ਦੇ ਦਹਾਕੇ ਵਿਚ ਇਲਾਹਾਬਾਦ ਤੋਂ ਬੁੰਦੇਲਖੰਡ ਦੇ ਮਾਣਿਕਪੁਰ ਵਿਚਾਲੇ ਪਾਣੀ ਦੀ ਰੇਲ ਗੱਡੀ ਚੱਲਦੀ ਸੀ। ਮੈਂ ਇਸ ਸੂਚਨਾ ਦੀ ਪੁਸ਼ਟੀ ਨਹੀਂ ਕਰ ਸਕਿਆ ਹਾਂ ਪਰ ਸਰਕਾਰ ਦੇ ਲੋਕ ਏਨੀ ਆਸਾਨੀ ਨਾਲ ਕਿਵੇਂ ਬੋਲ ਰਹੇ ਹਨ ਕਿ ਪਹਿਲੀ ਵਾਰ ਪਾਣੀ ਦੀ ਰੇਲ ਗੱਡੀ ਚੱਲੀ ਹੈ। ਕੀ ਉਹ ਆਪਣੇ ਤੱਥਾਂ ਦੀ ਸਹੀ ਤਰ੍ਹਾਂ ਜਾਂਚ ਕਰਦੇ ਹਨ। ਬਿਹਤਰ ਹੈ ਕਿ ਅਸੀਂ ਸਮਾਜ ਨਾਲ ਹੀ ਗੱਲਾਂ ਕਰੀਏ। ਪ੍ਰਸ਼ਾਸਨ ਸਹੀ ਤੱਥਾਂ ਨੂੰ ਉਸ ਤਕ ਪਹੁੰਚਾਏ ਅਤੇ ਇਸ ਲਈ ਜ਼ਰੂਰੀ ਹੈ ਕਿ ਇੰਟਰਨੈੱਟ ਸੇਵਾ ਬੰਦ ਨਾ ਹੋਵੇ। ਕੁਝ ਸਾਲ ਪਹਿਲਾਂ ਲੰਡਨ ਵਿਚ ਦੰਗੇ ਭੜਕੇ ਸਨ। ਪੁਲੀਸ ਨੇ ਦੇਖਿਆ ਕਿ ਸ਼ੋਸ਼ਲ ਮੀਡੀਆ ਰਾਹੀਂ ਕੁਝ ਗੱਲਾਂ ਫੈਲਾਈਆਂ ਗਈਆਂ ਹਨ। ਇੰਟਰਨੈੱਟ ਸੇਵਾ ਬੰਦ ਕਰਨ ਦੀ ਥਾਂ ਪੁਲੀਸ ਨੇ ਆਪਣੀਆਂ ਗੱਲਾਂ ਲੋਕਾਂ ਤਕ ਪਹੁੰਚਾਉਣੀਆਂ ਸ਼ੁਰੂ ਕੀਤੀਆਂ। ਨਤੀਜਾ ਇਹ ਹੋਇਆ ਕਿ ਹਿੰਸਾ ਰੁਕ ਗਈ। ਇਸ ਨੂੰ ਲੈ ਕੇ ਬਾਕਾਇਦਾ ਰਿਪੋਰਟ ਬਣਾਈ ਗਈ ਸੀ ਕਿ ਕੀ ਇੰਟਰਨੈੱਟ ਕਾਰਨ ਦੰਗੇ ਭੜਕਦੇ ਹਨ। ਲੋੜ ਹੈ ਕਿ ਅਸੀਂ ਇਸ ਅਫ਼ਵਾਹ ਸਭਿਆਚਾਰ ਦੇ ਸਿਆਸੀ ਪੱਖ ਨੂੰ ਉਜਾਗਰ ਕਰੀਏ ਅਤੇ ਸਹੀ ਤੱਥਾਂ ਨਾਲ ਮੁਕਾਬਲਾ ਕਰੀਏ। ਇੰਟਰਨੈੱਟ ਬੰਦ ਕਰਨਾ ਆਖ਼ਰੀ ਉਪਾਅ ਹੋਣਾ ਚਾਹੀਦਾ ਹੈ, ਪਹਿਲਾ ਕਦਮ ਨਹੀਂ।

# ਯੂਰੋਪੀਅਨ ਸੰਘ ਵੱਲੋਂ ਗੂਗਲ 'ਤੇ ਲਗਾਇਆ 34 ਹਜ਼ਾਰ ਕਰੋੜ ਦਾ ਰਿਕਾਰਡਤੋੜ ਜੁਰਮਾਨਾ

## ਯੂਰੋਪੀਅਨ ਸੰਘ ਦੇ ਫੈਸਲੇ ਖਿਲਾਫ ਗੂਗਲ ਕਰੇਗਾ ਅਪੀਲ

ਇੰਟਨਰੈੱਟ ਸੇਵਾਵਾਂ ਦੇਣ ਵਾਲੀ ਕੰਪਨੀ ਗੂਗਲ ਨੂੰ ਇਕ ਵਾਰ ਫਿਰ ਤੋਂ ਯੂਰੋਪੀਅਨ ਸੰਘ ਵੱਲੋਂ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਲੂਮਰਗ ਦੀ ਰਿਪੋਰਟ ਮੁਤਾਬਕ ਇਸ ਵਾਰ ਗੂਗਲ 'ਤੇ ਇਹ ਜੁਰਮਾਨਾ ਇਸ ਲਈ ਲਗਾਇਆ ਗਿਆ ਹੈ ਕਿਉਂਕਿ ਉਸ ਨੇ ਐਂਡ੍ਰਾਇਡ ਮੋਬਾਇਲ ਆਪਰੇਟਿੰਗ ਸਿਸਟਮ ਅਤੇ ਐਪਸ 'ਤੇ ਪੂਰੀ ਤਰ੍ਹਾਂ ਅਧਿਕਾਰ ਜਮ੍ਹਾ ਰੱਖਿਆ ਹੈ। ਇਸ ਵਾਰ ਗੂਗਲ 'ਤੇ ਲਗਾਏ ਗਏ ਜੁਰਮਾਨੇ ਦੀ ਰਾਸ਼ੀ 4.3 ਬਿਲੀਅਨ ਯੂਰੋ ਜੋ ਕਿ (35 ਹਜ਼ਾਰ ਕਰੋੜ ਭਾਰਤੀ ਰੁਪਏ) ਦੇ ਕਰੀਬ ਹੈ। ਜੁਰਮਾਨੇ ਦੀ ਇਹ ਰਕਮ ਇਨ੍ਹੀ ਹੈ ਕਿ ਜਿਨ੍ਹੀਂ ਕਿ ਨੀਦਰਲੈਂਡ ਹਰ ਸਾਲ ਯੂਰੋਪੀਅਨ ਯੂਨੀਅਨ ਦੇ ਬਜਟ 'ਚ ਕੰਟਰੀਬੂਟ ਕਰਦਾ ਹੈ। ਕਿਉਂ ਲੱਗਿਆ ਜੁਰਮਾਨਾ ?ਗੂਗਲ 'ਤੇ ਲੱਗੇ ਇਸ ਜੁਰਮਾਨੇ ਦਾ ਕਾਰਨ ਕਾਫੀ ਸਾਧਾਰਣ ਹੈ। ਐਂਡ੍ਰਾਇਡ ਸਮਾਰਟਫੋਨ 'ਚ ਗੂਗਲ ਦੀਆਂ ਐਪਸ ਪਹਿਲੇਂ ਤੋਂ ਹੀ ਇੰਸਟਾਲ ਹੁੰਦੀਆਂ ਹਨ ਅਤੇ ਦੂਜੀਆਂ ਐਪਸ ਕੰਪਨੀਆਂ ਇਹ ਦੋਸ਼ ਲਗਾਉਂਦੀਆਂ ਹਨ ਕਿ ਅਜਿਹੇ 'ਚ ਯੂਜ਼ਰਸ ਨੂੰ ਗੂਗਲ ਦੀ ਹੀ ਐਪ ਦੀ ਹੀ ਵਰਤੋਂ ਕਰਨੀ ਪੈਂਦੀ ਹੈ ਕਿਉਂਕਿ ਉਹ ਪਹਿਲੇ ਤੋਂ ਸਮਾਰਟਫੋਨ 'ਚ ਹੁੰਦੀਆਂ ਹਨ। ਅਜਿਹਾ ਕਰਕੇ ਗੂਗਲ ਨਾ ਸਿਰਫ ਐਪ ਯੂਜ਼ ਕਰਦਾ ਹੈ ਬਲਕਿ ਇਸ ਦੇ ਜ਼ਰੀਏ ਉਹ




ਆਪਣਾ ਟਾਰਗੇਟ ਵਿਗਿਆਪਨ ਵੀ ਸੈੱਟ ਕਰਦਾ ਹੈ। ਯੂਰੋਪੀਅਨ ਯੂਨੀਅਨ ਕੰਪਟੀਸ਼ਨ ਚੀਫ ਮਾਗਰੇਟ ਵੈਸਟਗਰ ਨੇ ਕਿਹਾ ਕਿ ਗੂਗਲ ਨੇ ਐਂਡ੍ਰਾਇਡ ਨੂੰ ਆਪਣੇ ਸਰਚ ਇੰਜਣ ਦੀ ਪਹੁੰਚ ਵਧਾਉਣ ਲਈ ਵ੍ਹੀਕਲ ਦੇ ਤੌਰ 'ਤੇ ਇਸਤੇਮਾਲ ਕੀਤਾ ਹੈ। ਅਜਿਹਾ ਕਰਕੇ ਗੂਗਲ ਨੇ ਆਪਣੇ ਵਿਰੋਧੀਆਂ ਨੂੰ ਇਨੋਵੇਟ ਕਰਨ ਅਤੇ ਮੇਰਿਟ ਦੇ ਹਿਸਾਬ ਨਾਲ ਟੱਕਰ ਦੇਣ ਤੋਂ ਰੋਕਨ ਦਾ ਕੰਮ ਕੀਤਾ ਹੈ। ਯੂਰੋਪੀਅਨ ਕਮੀਸ਼ਨ ਪਿਛਲੇ ਸਾਲ ਤੋਂ ਐਂਡ੍ਰਾਇਡ ਦੀ ਜਾਂਚ ਕਰ ਰਹੇ ਸਨ ਅਤੇ ਇਸ ਕਾਰਨ ਗੂਗਲ ਦੇ ਵਿਰੋਧੀਆਂ ਦੀ ਸ਼ਿਕਾਇਤ ਦੱਸੀ ਜਾਂਦੀ ਹੈ। ਗੂਗਲ ਦੇ ਵਿਰੋਧੀਆਂ ਦਾ ਦੋਸ਼ ਹੈ ਕਿ ਗੂਗਲ ਆਪਣੇ ਸਾਫਟਵੇਅਰ ਦੀ ਪਹੁੰਚ ਦਾ ਗਲਤ ਇਸਤੇਮਾਲ ਕਰ ਰਿਹਾ ਹੈ

**ਵੈਸਟਗਰ ਨੇ ਦਿੱਤੀ ਸੰਦਰ ਪਿਚਾਈ ਕਾਰਵਾਈ ਦੀ ਜਾਣਕਾਰੀ**

ਮਾਮਲੇ ਨਾਲ ਜੁੜੇ ਇਕ ਸੂਤਰ ਨੇ ਏ.ਐੱਫ.ਪੀ. ਨੂੰ ਦੱਸਿਆ ਕਿ ਯੂਰੋਪੀਅਨ ਸੰਘ ਦਾ ਮੁਕਾਬਲਾ ਮਾਰਗਰੇਟ ਵੈਸਟਗਰ ਨੇ ਗੂਗਲ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੁੰਦਰ ਪਿਚਾਈ ਨੂੰ ਫੋਨ ਕਰ ਕਾਰਵਾਈ ਦੀ ਅਗਲੀ ਜਾਣਕਾਰੀ ਦਿੱਤੀ। ਵੈਸਟਗਰ ਇਸ ਗੱਲ ਦਾ ਐਲਾਨ ਕਰਨ ਵਾਲੀ ਹੈ ਕਿ ਗੂਗਲ ਨੇ ਸੈਮਸੰਗ ਅਤੇ ਹੁਵਾਵੇ ਵਰਗੀਆਂ ਸਮਾਰਟਫੋਨ ਨਿਰਮਾਤਾ ਕੰਪਨੀਆਂ ਨਾਲ ਗਠਜੋੜ ਕਰ ਬਾਜ਼ਾਰ 'ਚ ਸਥਿਤੀ ਦੀ ਦੁਰਵਰਤੋਂ ਕੀਤੀ ਹੈ।

ਪਹਿਲੇ ਵੀ ਲੱਗਾ ਚੁੱਕਿਆ ਹੈ ਜੁਰਮਾਨਾਯੂਰੋਪੀਅਨ ਸੰਘ ਨੇ ਇਸ ਗੱਲ 'ਤੇ ਟਿੱਪਣੀ ਕਰਨ ਤੋਂ ਮੰਨਾ ਕਰ ਦਿੱਤਾ ਹੈ। ਗੂਗਲ 'ਤੇ ਖਰੀਦਦਾਰੀ ਦੇ ਇਕ ਮਾਮਲੇ 'ਚ ਯੂਰੋਪੀਅਨ ਸੰਘ ਪਹਿਲੇ ਹੀ ਰਿਕਾਰਡ 2.4 ਅਰਬ ਡਾਲਰ ਦਾ ਜੁਰਮਾਨਾ ਲੱਗਾ ਚੁੱਕਿਆ ਹੈ। ਇਸ ਤੋਂ ਪਹਿਲੇ ਯੂਰੋਪੀਅਨ ਸੰਘ ਅਮਰੀਕਾ ਦੀ ਦੋ ਹੋਰ ਵੱਡੀ ਕੰਪਨੀਆਂ ਐਪਲ ਅਤੇ ਫੇਸਬੁੱਕ 'ਤੇ ਵੀ ਕਾਫੀ ਜੁਰਮਾਨਾ ਲੱਗਾ ਚੁੱਕਿਆ ਹੈ। ਅਮਰੀਕਾ ਅਤੇ ਯੂਰੋਪੀਅਨ ਸੰਘ ਵਿਚਾਲੇ ਵਪਾਰ ਸ਼ੁਲਕ ਨੂੰ ਲੈ ਕੇ ਜਾਰੀ ਤਣਾਅ ਵਿਚਾਲੇ ਇਸ ਫੈਸਲੇ ਨਾਲ ਤਣਾਅ ਨਵੇਂ ਉੱਚ ਸੈਸ਼ਨ 'ਤੇ ਪਹੁੰਚ ਸਕਦਾ ਹੈ।

# ਅਸਲ ਅਮੀਰੀ ਨੂੰ ਸਮਝਣ ਦੀ ਲੋੜ



ਕਿਸੇ ਵੀ ਕੌਮ, ਦੇਸ਼ ਜਾਂ ਸਮਾਜ ਦੀ ਅਮੀਰੀ ਉਥੇ ਰਹਿਣ ਵਾਲੇ ਲੋਕਾਂ ਦੇ ਜੀਵਨ ਪੱਧਰ, ਜੀਵਨ ਵਿਹਾਰ ਅਤੇ ਸੋਚ 'ਤੇ ਨਿਰਭਰ ਕਰਦੀ ਹੈ। ਜਿੰਨਾ ਸਮਾਂ ਅਸੀਂ ਆਪਣੀ ਜ਼ਿੰਦਗੀ ਵਿਚ ਇਨ੍ਹਾਂ ਪਹਿਲੂਆਂ ਨੂੰ ਆਪਣੇ ਚਰਿੱਤਰ ਵਿਚ ਸ਼ਾਮਿਲ ਨਹੀਂ ਕਰਦੇ, ਅਸੀਂ ਅਮੀਰ ਅਤੇ ਖੁਸ਼ਹਾਲ ਨਹੀਂ ਹੋ ਸਕਦੇ। ਭੂਤਕਾਲ ਦੀਆਂ ਪ੍ਰਾਪਤੀਆਂ ਸਾਡੀ ਸ਼ਾਨ ਹਨ ਪਰ ਮਾਣ ਇਸ ਗੱਲ ਵਿਚ ਬਣਦਾ ਹੈ ਕਿ ਸਾਡਾ ਵਰਤਮਾਨ ਕਿਸ ਤਰ੍ਹਾਂ ਦਾ ਹੈ। ਮੰਦਾ ਬੋਲਣਾ, ਘੁਮੰਡ ਕਰਨਾ, ਵਿਖਾਵਾ ਅਤੇ ਪਾਖੰਡ, ਲੋਭ ਅਤੇ ਲਾਲਚ, ਆਲਸ ਅਤੇ ਅਗਿਆਨਤਾ ਆਦਿ ਸਾਡੇ ਚਰਿੱਤਰ ਦੇ ਅਜਿਹੇ ਦੋਸ਼ ਹਨ, ਜਿਨ੍ਹਾਂ ਕਾਰਨ ਅਸੀਂ ਆਪਣੇ ਦੇਸ਼ ਦੇ ਚਰਿੱਤਰ ਨੂੰ ਵੀ ਖਰਾਬ ਕਰਦੇ ਹਾਂ। ਜਿਸ ਤਰ੍ਹਾਂ ਦੇ ਅਸੀਂ ਖੁਦ ਹੋਵਾਂਗੇ, ਉਸੇ ਤਰ੍ਹਾਂ ਦੀ ਸਾਡੇ ਦੇਸ਼ ਦੀ ਸ਼ਖ਼ਸੀਅਤ ਹੋਵੇਗੀ। ਸਾਨੂੰ ਆਪਣੇ ਦੇਸ਼ ਦੀ ਸ਼ਖ਼ਸੀਅਤ ਅਤੇ ਚਰਿੱਤਰ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਅਸੀਂ ਕੀ ਸੀ, ਇਹ ਗੱਲ ਸਿਰਫ ਅਸੀਂ ਹੀ ਜਾਣਦੇ ਹਾਂ ਪਰ ਅਸੀਂ ਅੱਜ ਕੀ ਹਾਂ, ਇਸ ਗੱਲ ਨੂੰ ਦੁਨੀਆ ਵੀ ਦੇਖ ਰਹੀ ਹੈ। ਸਿੱਖਿਆ ਕਿਸੇ ਵੀ ਦੇਸ਼ ਦੇ ਚਰਿੱਤਰ ਦੀ ਅਸਲ ਬੁਨਿਆਦ ਹੈ, ਸ਼ਖ਼ਸੀਅਤ ਦੀ ਜੜ੍ਹ ਹੈ ਅਤੇ ਜ਼ਿੰਦਗੀ ਦੀ ਨੀਂਹ ਹੈ। ਇਮਾਰਤ ਭਾਵੇਂ ਜਿੰਨੀ ਮਰਜ਼ੀ ਸੁੰਦਰ ਹੋਵੇ ਪਰ ਉਸ ਦੀ ਮਜ਼ਬੂਤੀ ਨੀਂਹਾਂ ਕਰਕੇ ਹੀ ਹੁੰਦੀ ਹੈ। ਇਮਾਨਦਾਰੀ ਸਾਡੇ ਚਰਿੱਤਰ ਦਾ ਗਹਿਣਾ ਹੈ। ਮਿਹਨਤੀ ਵਿਅਕਤੀ ਸਾਡੇ ਦੇਸ਼ ਦੀ ਸ਼ਖ਼ਸੀਅਤ ਦਾ ਸ਼ਿੰਗਾਰ ਹਨ। ਦੇਸ਼ ਦੀ ਖਾਤਰ ਮਰ ਮਿਟਣ ਵਾਲੇ ਲੋਕ ਸਾਡੇ ਦੇਸ਼ ਦੀ ਜ਼ਿੰਦਗੀ ਦੀ ਜਿੰਦ-ਜਾਨ ਹਨ। ਕਲਾਕਾਰ ਦੇਸ਼ ਦੀ ਵਿਰਾਸਤ ਦੀ ਰੂਹ ਹਨ। ਜਿਸ ਦੇਸ਼ ਦੇ ਲੋਕਾਂ ਦਾ ਚਰਿੱਤਰ ਉੱਚਾ ਹੋਵੇ, ਉਸ ਦੇਸ਼ ਦਾ ਸੱਭਿਆਚਾਰ ਹੀ ਅਮੀਰ, ਖੁਸ਼ਹਾਲ ਅਤੇ ਗੌਰਵਮਈ ਹੁੰਦਾ ਹੈ। ਜਿਸ ਦੇਸ਼ ਦੇ ਲੋਕਾਂ ਦਾ ਚਰਿੱਤਰ ਨੀਵਾਂ ਹੋਵੇ, ਉਹ ਦੇਸ਼ ਅਮੀਰ ਨਹੀਂ ਹੁੰਦਾ ਅਤੇ ਜਿਸ ਦੇਸ਼ ਦੇ ਲੋਕਾਂ ਦਾ ਚਰਿੱਤਰ ਉੱਚਾ ਹੋਵੇ, ਉਹ ਦੇਸ਼ ਕਦੇ ਵੀ ਗਰੀਬ ਨਹੀਂ ਹੁੰਦਾ। ਮਿਹਨਤੀ ਵਿਅਕਤੀ ਦੀ ਮਿਹਨਤ ਦਾ ਉਹੀ ਮੁੱਲ ਪਾਉਂਦੇ ਹਨ, ਜੋ ਖੁਦ ਮਿਹਨਤੀ ਹੁੰਦੇ ਹਨ। ਖੁਦ ਇੱਜ਼ਤਦਾਰ ਵਿਅਕਤੀ ਹੀ ਦੂਜਿਆਂ ਦਾ ਸਤਿਕਾਰ ਕਰਦੇ ਹਨ। ਦਇਆਵਾਨ ਵਿਅਕਤੀ ਹੀ ਦੂਜਿਆਂ ਦੇ ਦਰਦ ਨੂੰ ਮਹਿਸੂਸ ਕਰ ਸਕਦੇ ਹਨ। ਕੁਰਸੀ, ਚੌਧਰ ਅਤੇ ਲੋਭੀ ਨੇਤਾ ਕਿਸੇ ਲਈ ਆਦਰਸ਼ ਨਹੀਂ ਬਣਦੇ। ਮਤਲਬੀ ਬੰਦੇ ਮਿਲਣਸਾਰ ਨਹੀਂ ਹੁੰਦੇ ਅਤੇ ਲਾਲਚ ਦਾ ਕੋਈ ਧਰਮ ਨਹੀਂ ਹੁੰਦਾ। ਦੇਸ਼ ਦੇ ਸੱਭਿਆਚਾਰ ਦੀ ਅਸਲ ਦੌਲਤ ਆਮ ਲੋਕਾਂ ਦਾ ਸ਼ਿਸ਼ਟਾਚਾਰ ਹੈ। ਘਰ ਸਿਰਫ ਦੌਲਤ ਨਾਲ ਨਹੀਂ, ਬਲਕਿ ਸਲੀਕੇ ਨਾਲ ਸੁੰਦਰ ਬਣਦਾ ਹੈ। ਸਾਡਾ ਦੇਸ਼ ਸਾਡਾ ਆਪਣਾ ਘਰ ਹੈ। ਅਸੀਂ ਸਾਰੇ ਇਕ ਟੀਮ ਦੇ ਖਿਡਾਰੀ ਹਾਂ। ਜਿੰਨਾ ਇਸ ਟੀਮ ਵਿਚ ਤਾਲਮੇਲ ਵੱਧ ਹੋਵੇਗਾ, ਸਫਲ ਹੋਣ ਦੀਆਂ ਸੰਭਾਵਨਾਵਾਂ ਓਨੀਆਂ ਹੀ ਵੱਧ ਹੋਣਗੀਆਂ। ਅਕਸਰ ਕਈ ਵਾਰ ਦੂਜਿਆਂ ਦੀ ਖੁਸ਼ੀ ਲਈ ਸਮਝੌਤੇ ਕਰਨੇ ਪੈਂਦੇ ਹਨ ਅਤੇ ਆਪਣੀ ਖੁਸ਼ੀ ਲਈ ਗ਼ਲਤੀਆਂ ਨੂੰ ਨਜ਼ਰਅੰਦਾਜ਼ ਕਰਨਾ ਪੈਂਦਾ ਹੈ। ਕਿਸੇ ਦੀ ਨਿੰਦਿਆ ਕਰਨ 'ਤੇ ਇਹ ਪਤਾ ਲਗਦਾ ਹੈ ਕਿ ਤੁਹਾਡਾ ਆਪਣਾ ਚਰਿੱਤਰ ਕਿਸ ਤਰ੍ਹਾਂ ਦਾ ਹੈ। ਸਾਡੇ ਕੁਝ ਰਾਜਨੀਤਕ ਲੋਕ ਇਕ-ਦੂਜੇ ਉੱਪਰ ਕਈ ਵਾਰ ਇਸ ਤਰ੍ਹਾਂ ਦਾ ਚਿੱਕੜ ਉਛਾਲਦੇ ਹਨ ਕਿ ਜਿਸ ਨਾਲ ਦੁਨੀਆ ਵਿਚ ਸਾਡੇ ਆਪਣੇ ਮੁਲਕ ਦਾ ਚਰਿੱਤਰ ਹੀ ਖਰਾਬ ਹੁੰਦਾ ਹੈ। ਅਕਸਰ ਕਈ ਵਾਰ ਅਸੀਂ ਇਹ ਵੀ ਭੁੱਲ ਜਾਂਦੇ ਹਾਂ ਕਿ ਸਾਨੂੰ ਕੋਈ ਹੋਰ ਵੀ ਦੇਖ ਰਿਹਾ ਹੈ। ਸਭ ਤੋਂ ਵੱਡੀ ਸੰਪਤੀ ਸਾਡੀ ਆਪਣੀ ਬੁੱਧੀ ਹੈ, ਇਸ ਲਈ ਇਸ ਦੀ ਸਹੀ ਵਰਤੋਂ ਕਰੋ। ਧੀਰਜ, ਸੰਤੋਖ ਜਾਂ ਸਬਰ ਸਭ ਤੋਂ ਵੱਡੇ ਹਥਿਆਰ ਹਨ। ਸਭ ਤੋਂ ਚੰਗੀ ਸੁਰੱਖਿਆ ਵਿਸ਼ਵਾਸ ਹੈ। ਗਿਣਤੀ ਨਾਲੋਂ ਗੁਣਵੱਤਾ ਵਿਚ ਵੱਧ ਤਾਕਤ ਹੁੰਦੀ ਹੈ। ਚਰਿੱਤਰ ਉੱਚਾ ਤੇ ਸੁੱਚਾ ਹੋਵੇ ਤਾਂ ਇਕ ਬੰਦਾ ਵੀ ਸਵਾ ਲੱਖ ਉੱਤੇ ਭਾਰੂ ਹੁੰਦਾ ਹੈ। ਕਿਸੇ ਵੀ ਕੌਮ ਦੀ ਪਹਿਚਾਣ ਉਸ ਦੀ ਵੱਡੀ ਗਿਣਤੀ ਵਿਚ ਨਹੀਂ, ਸਗੋਂ ਉਨ੍ਹਾਂ ਮਹਾਨ ਗੁਣਾਂ ਕਰਕੇ ਹੁੰਦੀ ਹੈ, ਜਿਹੜੇ ਗੁਣ ਉਨ੍ਹਾਂ ਦੇ ਚਰਿੱਤਰ ਦਾ ਹਿੱਸਾ ਹੁੰਦੇ ਹਨ। ਦੂਜਿਆਂ 'ਤੇ ਦੋਸ਼ ਲਾਉਣ ਦੀ ਬਜਾਏ ਅਸੀਂ ਆਪਣੀ ਮਦਦ ਆਪ ਕਰਨਾ ਸਿੱਖੀਏ। ਕੋਈ ਵੀ ਸਰਕਾਰੀ ਸੰਪਤੀ ਸਰਕਾਰ ਦੀ ਨਹੀਂ, ਬਲਕਿ ਉਹ ਸਾਡੀ ਆਪਣੀ ਸੰਪਤੀ ਹੈ। ਜਦੋਂ ਅਸੀਂ ਆਪਣੇ ਫਰਜ਼ ਸਮਝ ਜਾਵਾਂਗੇ ਤਾਂ ਸਾਨੂੰ ਆਪਣੇ ਹੱਕ ਕਿਸੇ ਕੋਲੋਂ ਮੰਗਣ ਦੀ ਲੋੜ ਨਹੀਂ ਪਵੇਗੀ। ਆਪਣੇ ਘਰ ਦੇ ਕੂੜੇ ਨੂੰ ਗੁਆਂਢੀਆਂ ਦੇ ਬੂਹੇ ਅੱਗੇ ਨਾ ਸੁੱਟੋ। ਵਿਕਸਤ ਦੇਸ਼ਾਂ ਵਿਚ ਲੋਕ ਆਪਣਾ ਕੰਮ ਆਪ ਕਰਦੇ ਹਨ ਅਤੇ ਇਸੇ ਕਰਕੇ ਹੀ ਉਹ ਖੁਸ਼ਹਾਲ ਅਤੇ ਅਮੀਰ ਹਨ। ਅਸੀਂ ਪੂਜਾ ਨੂੰ ਕੰਮ ਸਮਝਦੇ ਹਾਂ, ਜਦਕਿ ਉਨ੍ਹਾਂ ਲੋਕਾਂ ਲਈ ਕੰਮ ਹੀ ਪੂਜਾ ਹੈ। ਮਿਹਨਤ ਤੋਂ ਵੱਡਾ ਕੋਈ ਧਰਮ ਨਹੀਂ। ਵਿਕਸਤ ਦੇਸ਼ਾਂ ਵਿਚ ਮਿਹਨਤ ਅਤੇ ਮਿਹਨਤੀ ਨੂੰ ਰੱਬ ਵਾਂਗ ਪੂਜਿਆ ਜਾਂਦਾ ਹੈ ਅਤੇ ਇਹੋ ਉਨ੍ਹਾਂ ਦੇ ਸੱਭਿਆਚਾਰ ਦੀ ਅਸਲ ਅਮੀਰੀ ਹੈ।

-ਅਮਰਜੀਤ ਬਰਾੜ

# ਨਸ਼ਾਂ ਬਨਾਮ ਪੰਜਾਬ ਦੇ ਖ਼ਿਲਾ.ਫ ਰਚੀ ਸੋਚੀ ਸਮਝੀ ਸਾਜਿਸ਼

ਅੱਜ-ਕੱਲ੍ਹ ਹਰ ਅਖਬਾਰ,ਹਰ ਖ਼ਬਰ , ਹਰ ਟੀਵੀ ਚੈਨਲ ਵਿੱਚ ਬੱਸ ਪੰਜਾਬ ਵਿੱਚ ਕੋਹੜ ਦੀ ਤਰਾ ਫੈਲ ਰਹੇ ਨਸ਼ੇ ਵਾਲੀ ਖ਼ਬਰ ਗਰਮ ਹੈ। ਸ਼ਰਾਬ,ਅਫ਼ੀਮ ,ਚਿੱਟਾ ,ਡੋਡੇ ਕਈ ਪ੍ਰਕਾਰ ਦੇ ਨਸ਼ੇ ਸਾਡੇ ਨੋਜਵਾਨਾ ਨੂੰ ਚਪੇਟ ਵਿੱਚ ਲੈ ਰਹੇ ਹਨ ।ਘਰਾਂ ਦੇ ਘਰ ਉੱਜੜ ਰਹੇ ਹਨ ।ਬਹੁੱਤ ਬੁੱਰੀ ਲਾਹਨਤ ਹੈ ਨਸ਼ਾ ਜਿਸ ਨਾਲ ਅੱਜ ਦੀ ਪੀੜੀ ਖੋਖਲ਼ੀ ਹੋ ਰਹੀ ਹੈ ।ਅਸਲ ਵਿੱਚ ਇਹ ਬੁਰਾਈ ਕੋਈ ਨਵੀਂ ਨਹੀਂ ਪਨਪੀ ਬਲਕਿ ਮੁੱਢ ਕਾਲੀਨ ਤੋਂ ਸਾਡੇ ਸਮਾਜ ਨਾਲ ਚਿੰਬੜੀ ਹੋਈ ਹੈ। ਮੈਨੂੰ ਮਾਫ਼ ਕਰਨਾ ਮੈ ਇਤਿਹਾਸ ਵਿੱਚ ਵੀ ਪੜ੍ਹਿਆ ਹੈ ਕੇ ਦੇਵ ਯੁੱਗ ਵਿੱਚ ਵੀ ਮਦਿਰਾ ਵਰਗੇ ਨਸ਼ੇ ਸਨ । ਭਾਵੇਂ ਇਹ ਹਵਾਲਾ ਵੀ ਦਿੱਤਾ ਗਿਆ ਕਿ ਮਦਿਰਾ ਪਾਨ ਰਾਖਸ਼ ਕਰਦੇ ਸਨ ਪਰ ਮੈ ਸਿਰਫ ਗੱਲ ਨਸ਼ੇ ਦੀ ਕਰ ਰਹੀ ਹਾ ਕਿ ਯੁੱਗਾਂ ਤੋਂ ਚਲੀ ਆ ਰਹੀ ਹੈ ਇਹ ਬੁਰਾਈ ।ਜੋ ਅੱਜ ਭਿਆਨਕ ਰੂਪ ਧਾਰ ਗਈ ਹੈ ।ਜੇ ਵਕਤ ਸਿਰ ਕੰਟਰੋਲ ਕੀਤਾ ਹੁੰਦਾ ਤਾਂ ਅੱਜ ਇਹ ਲਾਹਨਤ ਨਾ ਚਿੰਬੜੀ ਹੁੰਦੀ ਸਾਡੇ ਦੇਸ਼ ਸਮਾਜ ਨੂੰ ।

ਦੂਜੀ ਵੱਡੀ ਗੱਲ ਤੇ ਬਹੁੱਤ ਹੀ ਧਿਆਨ ਨਾਲ ਸੋਚਣ ਵਾਲੀ ਗੱਲ ਕਿ ਨਸ਼ਾ ਸਿਰਫ ਪੰਜਾਬ ਵਿੱਚ ਹੀ ਹੈ ???ਕੀ ਪੰਜਾਬ ਨੂੰ ਛੱਡ ਕੇ ਨਸ਼ਾ ਭਾਰਤ ਦੇ ਕਿਸੇ ਵੀ ਰਾਜ ਵਿੱਚ ਨਹੀਂ ਜਾ ਕਿਸੇ ਵੀ ਦੇਸ਼ ਵਿੱਚ ਵੀ ਨਹੀਂ ?? ਸਿਰਫ ਤੇ ਸਿਰਫ ਪੰਜਾਬ ਦੇ ਨੋਜਵਾਨਾ ਨੂੰ ਕਿਉਂ ਹਾਈਲਾਇਟ ਕੀਤਾ ਜਾ ਰਿਹਾ ?ਕੀ ਬਾਕੀ ਸਾਰੇ ਰਾਜਾਂ ਵਿੱਚ ਇਹ ਕੋਹੜ ਨਹੀਂ ਹੈ ?ਜਿੱਥੋ ਤੱਕ ਮੇਰਾ ਅਧਿਐਨ ਹੈ ਭਾਰਤ ਦਾ ਕੋਈ ਵੀ ਰਾਜ ਇਸ ਕੋਹੜ ਤੋਂ ਅਛੂਤਾ ਨਹੀਂ ਹੈ । ਯੂ.ਪੀ.,ਬਿਹਾਰ, ਅਸਾਮ,ਹਰਿਆਣਾ,ਰਾਜਸਥਾਨ,ਦਿੱਲੀ ਅਤੇ ਮੁੱਬਈ ਆਦਿ ਸਭ ਰਾਜ ਨਸ਼ੇ ਨਾਲ ਗ੍ਰਸਤ ਹਨ ।ਹਰ ਰਾਜ ਵਿੱਚ ਇਸ ਕੋਹੜ ਨੇ ਤਬਾਹੀ ਮਚਾਈ ਹੋਈ ਹੈ । ਫੇਰ ਸਿਰਫ ਪੰਜਾਬ ਨੂੰ ਹੀ ਨਸ਼ਾਗ੍ਰਸਤ ਕਿਉਂ ਦਰਸਾਇਆ ਜਾ ਰਿਹਾ ਹੈ ।ਮੈ ਅਮਰੀਕਾ ਦੀ ਨਿਊਯਾਰਕ ਸਟੇਟ ਨਿਵਾਸੀ ਹਾਂ ਤੇ ਅਮਰੀਕਾ ਵੀ ਡਰੱਗਸ ਦੀ ਮਾਰ ਦਾ ਸ਼ਿਕਾਰ ਹੈ ।ਮੈ ਅੱਖੀਂ ਵੇਖਿਆਂ ਇੱਥੇ ਗੋਰੇ ਗੋਰੀਆਂ ਨਸ਼ੇ ਵਿੱਚ ਝੂਮਦੇ । ਛੋਟੀ ਉਮਰੇ ਹੀ ਬੱਚੇ ਸਿਗਰਟ ਤੇ ਸ਼ਰਾਬ ਦੇ ਆਦਿ ਹੋ ਜਾਂਦੇ ਹਨ ।ਔਰਤਾ ਖੁਲੇਆਮ ਸ਼ਰਾਬ,ਸਿਗਰਟ ਤੇ ਹੋਰ ਨਸ਼ਿਆ ਦਾ ਸੇਵਨ ਕਰਦੀਆਂ ਨਜ਼ਰ ਆਉਂਦੀਆਂ ਹਨ ।ਪਿਛਲੇ ਦਿਨੀਂ ਨਿਊਯਾਰਕ ਸ਼ਹਿਰ ਵਿੱਚ ਦੋ ਨੋਜਵਾਨ ਪੰਜਾਬੀ ਮੁੰਡੇ ਨਸ਼ੇ ਦੀ ਔਵਰਡੋਜ ਲੈਣ ਕਰਕੇ ਮੌਤ ਦਾ ਸ਼ਿਕਾਰ ਹੋ ਗਏ । ਅਜਿਹੀਆਂ ਹੋਰ ਵੀ ਕਈ ਘਟਨਾਵਾਂ ਇੱਥੇ ਵਾਪਰਦੀਆਂ ਹਨ ।

ਹੁੱਣ ਸਵਾਲ ਇਹ ਹੈ ਕਿ ਇਹ ਨੋਜਵਾਨ ਕਿ ਇਸ ਚਿੱਟੇ ਨੂੰ ਪੰਜਾਬ ਵਿੱਚੋਂ ਆਪਣੇ ਨਾਲ ਲੈ ਕੇ ਆਏ ਸਨ ?ਨਹੀਂ ਨਾ ਮਤਲਬ ਨਸ਼ਾ ਇੰਨਾਂ ਵਿਦੇਸ਼ਾਂ ਵਿੱਚ ਵੀ ਫੈਲਿਆ ਹੋਇਆਂ ਹੈ ।ਪੰਜਾਬ ਵਿੱਚ ਤਾਂ ਨਸ਼ਾ ਪੁਰਸ਼ ਵਰਗ ਤੇ ਹਾਵੀ ਹੈ ਤੇ ਜਾ ਫੇਰ ਚੋਰੀ ਛੁੱਪੇ ਕੁੱਝ ਔਰਤਾ ਤੇ ਵੀ ਅਸਰ ਹੈ ਪਰ ਪੰਜਾਬ ਤੋਂ ਬਾਹਰ ਕਈ ਐਸੇ ਰਾਜ ਹਨ ਜਿਵੇਂ ਹਰਿਆਣਾ ਬਿਹਾਰ ਜਿੱਥੇ ਪੁਰਸ਼ ਤਾਂ ਕੀ ਔਰਤਾ ਵੀ ਸ਼ਰੇਆਮ ਨਸ਼ੇ ਗ੍ਰਹਿਣ ਕਰਦੀਆਂ ਹਨ। ਵਿਦੇਸ਼ਾਂ ਤੇ ਕਿ ਭਾਰਤ ਦੇ ਅਗਵਾਈ ਕਹਾਏ ਜਾਂਦੇ ਸ਼ਹਿਰਾਂ ਦੇ ਪੱਬਾਂ, ਕਲੱਬਾਂ ਵਿੱਚ ਨਸ਼ੇ ਨਾਲ ਝੂਮਦੇ ਮੁੰਡੇ ਕੁੜੀਆਂ ਦੇਖੇ ਜਾ ਸਕਦੇ ਹਨ ।



ਪਰ ਅਫ਼ਸੋਸ ਸਾਡੀ ਸਰਕਾਰ ਤੇ ਸਾਡੇ ਆਗੂ ਇਸ ਕੋਹੜ ਨੂੰ ਸਾਡੇ ਦੇਸ਼ ਵਿੱਚੋ ਬਾਹਰ ਕੱਢਣ ਦੀ ਜਗਾ ਸਿਆਸੀ ਖੇਡਾਂ ਵਿੱਚ ਮਗਨ ਹਨ ਤੇ ਸਿਰਫ ਪੰਜਾਬ ਨੂੰ ਮੋਹਰਾ ਬਣਾ ਕੇ ਬਦਨਾਮ ਕਰਨ ਦੀ ਸ਼ਾਜਿਸ ਵਿੱਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾ ਰਹੇ ਹਨ । ਰਾਜਨੇਤਾਂ ?ਸ ਕੋਹੜ ਦੀ ਜੜ ਵੱਢਣ ਦੀ ਥਾਂ ਡੋਪ ਟੈਸਟ ਵਰਗੇ ਹਾਸੋਹੀਣੇ ਤਮਾਸ਼ਿਆਂ ਦਾ ਐਲਾਨ ਕਰ ਕੇ ਆਪਣੀ ਕੁਰਸੀ ਮਜ਼ਬੂਤ ਕਰਨ ਦੇ ਵਿੱਚ ਵਿਅਸਤ ਹਨ । ਕਾਲਾ ਹਫ਼ਤਾ ਰੋਸ ਵਜੋਂ ਮਨਾ ਕੇ ਫਰਜ਼ ਪੂਰਾ ਕਰ ਦਿੱਤਾ ਗਿਆ ।ਪਰ ਸਿੱਟਾ ਕੀ ਨਿਕਲਿਆ ।

ਮੈ ਗੱਲ ਕਰ ਰਹੀ ਹਾ ਪੰਜਾਬ ਪ੍ਰਤੀ ਰਚੀ ਸ਼ਾਜਿਸ਼ ਦੀ ।ਨਾ ਤਾਂ ਨਸ਼ਾ ਅੱਜ ਹੀ ਇੱਕਦਮ ਵਧਿਆ ਤੇ ਨਾ ਹੀ ਨਸ਼ੇ ਨਾਲ ਜਾਨਾਂ ਗਵਾਉਣ ਵਾਲ਼ਿਆਂ ਦੀ ਗਿਣਤੀ ਅੱਜ ਵਧੀ ।ਬਲਕਿ ਇਹ ਲੰਮੇ ਸਮੇਂ ਤੋਂ ਦੇਸ਼ ਭਰ ਵਿੱਚ ਵੱਧ ਰਹੀ ਮੰਦਭਾਗੀ ਸਮੱਸਿਆ ਹੈ ।ਪੰਜਾਬ ਵਿੱਚ ਨਸ਼ਾ ਬਾਹਰਲੀਆਂ ਸਟੇਟਾਂ ਤੋਂ ਸਪਲਾਈ ਹੁੰਦਾ ਤੇ ਮੈਨੂੰ ਕੋਈ ਡਰ ਨਹੀਂ ਇਹ ਕਹਿੰਦੇ ਹੋਏ ਕਿ ਨਸ਼ਾ ਸਪਲਾਈ ਤੇ ਪੰਜਾਬ ਨੂੰ ਬਦਨਾਮ ਕਰਨ ਦੇ ਨਾਲ ਨਾਲ ਮੇਰੇ ਸ਼ੇਰ ਜਿਹੇ ਵੀਰਾ ਨੂੰ ਨਸ਼ੇ ਦੀ ਆਦਤ ਲਗਾ ਕੇ ਪੰਜਾਬ ਤੇ ਪੰਜਾਬ ਦੀ ਸੂਰਬੀਰਤਾ ਨੂੰ ਇੱਕ ਤਰਾ ਖਤਮ ਕਰਨ ਦੀ ਸਾਜਿਸ਼ ਵਿੱਚ ਰਾਜਨੀਤਿਕ ਦਲਾਂ ਤੇ ਏਜੰਸੀਆ ਦਾ ਅਹਿਮ ਯੋਗਦਾਨ ਹੈ । ਪੈਸਾ ,ਕੁਰਸੀ ਤੇ ਚੋਧਰ ਦੀ ਖ਼ਾਤਰ ਸਾਡੇ ਲੀਡਰਾਂ ਦੇ ਜ਼ਮੀਰ ਚੁੱਕ ਗਏ ਹਨ । ਅਜਿਹਾ ਨਾ ਹੁੰਦਾ ਤਾਂ ਨਸ਼ੇੜੀ ਰਾਜ ਕਹਿ ਕੇ ਬਦਨਾਮ ਕਰਨ ਵਾਲੇ ਇਹ ਦਲ ਨਸ਼ਾ ਖਤਮ ਕਰਨ ਲਈ ਨਸ਼ਾ ਫ਼ੈਕਟਰੀਆਂ ਤੇ ਸਪਲਾਈਆ ਬੰਦ ਕਰਵਾਉਂਦੇ ਨਾ ਕਿ ਖੋਖਲੇ ਦਾਅਵੇ ਕਰਦੇ ।

ਮੰਨਿਆਂ ਪੰਜਾਬ ਵਿੱਚ ਨਸ਼ੇ ਦੀ ਬੀਮਾਰੀ ਜ਼ਿਆਦਾ ਹੈ ਪਰ ਇਹ ਭਾਰਤ ਦੇ ਹਰ ਰਾਜ ਦੀ ਸਮੱਸਿਆ ਹੈ ਨਾ ਕਿ ਕੇਵਲ ਪੰਜਾਬ ਦੀ। ਮੇਰੇ ਕੁੱਝ ਵੀਰ ਕੁਰਾਹੇ ਪਏ ਤਾਂ ਸਾਰੇ ਮੀਡਿਆ ਨੂੰ ਨਜ਼ਰ ਆ ਜਾਂਦੇ ਪਰ ਜਦੋਂ ਮੇਰੇ ਵੀਰ ਦੇਸ਼ ਦੀ ਰਾਖੀ ਲਈ ਹਿੱਕਾਂ ਤਾਣਦੇ ਅਤੇ ਕੁਰਬਾਨੀਆਂ ਦਿੰਦੇ ਨੇ ਉਸ ਵਕਤ ਪੂਰੇ ਭਾਰਤ ਤੇ ਸਾਰੇ ਮੀਡਿਆ ਜਗਤ ਨੂੰ ਸੱਪ ਸੁੰਘ ਜਾਂਦਾ । ਆਖਿਰ ਕਿਉਂ ??? ਮੇਰੇ ਵੀਰਾ ਨੂੰ ਬਹਾਦਰ ਸੂਰਮੇ ਦੀ ਜਗਾ ਨਸ਼ੇੜੀ ਕਹਿ ਕੇ ਬਦਨਾਮ ਕੀਤਾ ਜਾ ਰਿਹਾ ? ਕੁੱਝ ਕੁ ਕੁਰਾਹੇ ਪਏ ਵੀਰਾ ਨੂੰ ਸਹੀ ਰਸਤੇ ਪਾਉਣ ਦੀ ਜਗਾ ਬਾਕੀ ਸਹੀ ਵੀਰਾ ਭੈਣਾਂ ਨੂੰ ਵੀ ਉਹੀ ਨਸ਼ੇੜੀ ਬੋਲ ਬੋਲ ਕੇ ਕਮਜ਼ੋਰ ਕੀਤਾ ਜਾ ਰਿਹਾ ? ਕਿਉਂ ਸਾਡੇ ਰਾਜਨੀਤਿਕ ਆਗੂ ਨਸ਼ੇ ਦੀ ਜੜ ਪੁੱਟਣ ਦੀ ਜਗਾ ਕੁੱਝ ਕਰੂੰਬਲ਼ਾਂ ਜਿਹੀਆ ਤੋੜ ਕੇ ਬੱਸ ਫਰਜਪੂਰਤੀ ਕਰ ਰਹੇ ਹਨ ਅਜ਼ਾਦ ਦੇਸ਼ ਦੀ ਵਾਸੀ ਹੋਣ ਦੇ ਨਾਤੇ ਮੈਨੂੰ ਆਪਣੀ ਗੱਲ ਕਹਿਣ ਦਾ ਪੂਰਾ ਹੱਕ ਤੇ ਮੈ ਕਹਿ ਵੀ ਦਿੱਤਾ ਜੋ ਮੇਰੀ ਸਮਝ ਆਇਆ । ਮੇਰੇ ਪੰਜਾਬ ਵਾਸਿਓ ਉੱਠੋ ਜਾਗੋ ਆਪਣੇ ਇਤਿਹਾਸ ਨੂੰ ਯਾਦ ਕਰੋ ਤੇ ਖਾਲਸੇ ਦੇ ਪੁੱਤਰ ਹੋਣ ਦਾ ਫਰਜ ਪੂਰਾ ਕਰੋ । ਨਸ਼ੇ ਦੀ ਜੜ ਪੁੱਟੋ ਤੇ ਆਪਣੇ ਸੋਹਣੇ ਵਤਨ ਨੂੰ ਬਦਨਾਮੀ ਤੋਂ ਬਚਾਉ ।ਵਰਨਾ ਵਿੱਕੀ ਜ਼ਮੀਰ

ਪ੍ਰੀਤ ਚੌਹਾਨ
+1 (201) 312-4180

# ਮੈਟਰੋ ਸ਼ਹਿਰਾਂ ਵਿੱਚ ਬੱਚਾ ਪਾਲਣਾ ਕਿਨਾ ਮਹਿੰਗਾ ?

*ਰਿਪੋਰਟ ਵਿੱਚ ਕੁਝ ਹੋਰ ਕਾਰਨ ਵੀ ਗਿਨਵਾਏ ਗਏ ਹਨ। ਕੰਮ ਕਾਜੀ ਮਹਿਲਾਵਾਂ 'ਤੇ ਘਰ ਅਤੇ ਆਫ਼ਿਸ ਦੋਵਾਂ 'ਚ ਚੰਗੇ ਪ੍ਰਦਰਸ਼ਨ ਦਾ ਦਬਾਅ ਹੁੰਦਾ ਹੈ, ਇਸ ਕਾਰਨ ਕਰਕੇ ਵੀ ਉਹ ਇੱਕ ਹੀ ਬੱਚਾ ਚਾਹੁੰਦੀਆਂ ਹਨ। ਕੁਝ ਮਹਿਲਾਵਾਂ ਨੇ ਇਹ ਵੀ ਕਿਹਾ ਕਿ ਇੱਕ ਬੱਚਾ ਕਰਨ ਨਾਲ ਕਈ ਫ਼ਾਇਦੇ ਵੀ ਹਨ। ਕੰਮ ਕਾਜ ਤੋਂ ਇਲਾਵਾ ਮਾਂ ਸਿਰਫ਼ ਬੱਚੇ 'ਤੇ ਹੀ ਆਪਣਾ ਧਿਆਨ ਦਿੰਦੀ ਹੈ। ਦੋ ਬੱਚਿਆਂ ਦੇ ਹੋਣ ਨਾਲ ਧਿਆਨ ਵੰਡਿਆ ਜਾਂਦਾ ਹੈ।*





"ਕੌਸਤੁਬ ਬਹੁਤ ਜ਼ਿੱਦੀ ਹੋ ਗਿਆ ਹੈ, ਆਪਣੀ ਚੀਜ਼ਾਂ ਕਿਸੇ ਨਾਲ ਸਾਂਝੀਆਂ ਨਹੀਂ ਕਰਦਾ। ਬਸ ਹਰ ਗੱਲ ਆਪਣੀ ਹੀ ਮਨਵਾਉਂਦਾ ਹੈ ਅਤੇ ਦਿਨ ਭਰ ਮੇਰੇ ਨਾਲ ਹੀ ਚਿਪਕਿਆ ਰਹਿੰਦਾ ਹੈ।" 35 ਸਾਲ ਦੀ ਅੰਮ੍ਰਿਤਾ ਦਿਨ ਵਿੱਚ ਕਈ ਵਾਰ ਇਹ ਸ਼ਿਕਾਇਤ ਆਪਣੀ ਮਾਂ ਨੂੰ ਫ਼ੋਨ ਉੱਤੇ ਜ਼ਰੂਰ ਕਰਦੀ ਹੈ।

ਹਰ ਵਾਰ ਮਾਂ ਦਾ ਜਵਾਬ ਵੀ ਇੱਕੋ ਜਿਹਾ ਹੀ ਹੁੰਦਾ ਹੈ, "ਦੂਜਾ ਬੱਚਾ ਕਰ ਲਓ, ਸਭ ਠੀਕ ਹੋ ਜਾਵੇਗਾ।"

ਅੰਮ੍ਰਿਤਾ ਦਿੱਲੀ ਦੇ ਨਾਲ ਲਗਦੇ ਨੋਇਡਾ ਵਿੱਚ ਰਹਿੰਦੀ ਹੈ ਅਤੇ ਸਕੂਲ ਵਿੱਚ ਅਧਿਆਪਕ ਹੈ। ਕੌਸਤੁਬ 10 ਸਾਲ ਦਾ ਹੈ, ਪਤੀ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰਦੇ ਹਨ।

ਪਹਿਲਾਂ ਪੁੱਤਰ ਨੂੰ ਉਠਾਉਣਾ, ਫ਼ਿਰ ਉਸਨੂੰ ਤਿਆਰ ਕਰਨਾ ਤੇ ਫ਼ਿਰ ਨਾਸ਼ਤਾ ਅਤੇ ਟਿਫ਼ਨ ਵੀ ਤਿਆਰ ਕਰਨਾ।

ਸਵੇਰੇ ਝਾੜੂ, ਪੋਚਾ ਅਤੇ ਸਾਫ਼-ਸਫ਼ਾਈ ਦੇ ਬਾਰੇ ਸੋਚਦੀ ਤਕ ਨਹੀਂ।

**ਐਸੋਚੈਮ ਦੀ ਰਿਪੋਰਟ**

ਸੋਚੀਏ ਵੀ ਕਿਵੇਂ ? ਇੰਨਾ ਕਰਨ ਵਿੱਚ ਹੀ ਸੱਤ ਕਦੋਂ ਵੱਜ ਜਾਂਦੇ ਹਨ ਇਸਦਾ ਪਤਾ ਹੀ ਨਹੀਂ ਚਲਦਾ।

ਪੁੱਤਰ ਦੇ ਨਾਲ-ਨਾਲ ਅੰਮ੍ਰਿਤਾ ਖ਼ੁਦ ਵੀ ਤਿਆਰ ਹੁੰਦੀ ਹੈ ਕਿਉਂਕਿ ਸਰਕਾਰੀ ਸਕੂਲ ਵਿੱਚ ਅਧਿਆਪਕ ਹੈ।

ਅੱਠ ਵਜੇ ਉਨ੍ਹਾਂ ਨੂੰ ਵੀ ਸਕੂਲ ਪਹੁੰਚਣਾ ਹੁੰਦਾ ਹੈ।

ਪਿਛਲੇ 7-8 ਸਾਲ ਤੋਂ ਅੰਮ੍ਰਿਤਾ ਦੀ ਜ਼ਿੰਦਗੀ ਇਸ ਤਰ੍ਹਾਂ ਹੀ ਚੱਲ ਰਹੀ ਹੈ। ਪੁੱਤਰ ਦੀ ਸਿਹਤ ਖ਼ਰਾਬ ਹੋਵੇ ਜਾਂ ਫ਼ਿਰ ਉਸ ਦੇ ਸਕੂਲ ਵਿੱਚ ਕੋਈ ਪ੍ਰੋਗਰਾਮ ਹੋਵੇ, ਬਹੁਤੀ ਵਾਰ ਛੁੱਟੀ ਅੰਮ੍ਰਿਤਾ ਨੂੰ ਹੀ ਲੈਣੀ ਪੈਂਦੀ ਹੈ।

ਇਸ ਲਈ ਅਮ੍ਰਿਤਾ ਹੁਣ ਦੂਜਾ ਬੱਚਾ ਕਰਨਾ ਨਹੀਂ ਚਾਹੁੰਦੀ ਅਤੇ ਆਪਣੀ ਤਕਲੀਫ਼ ਮਾਂ ਨੂੰ ਉਹ ਸਮਝਾ ਨਹੀਂ ਸਕਦੀ।

ਉਦਯੋਗ ਮੰਡਲ ਐਸੋਚੈਮ ਨੇ ਹਾਲ ਹੀ ਵਿੱਚ ਦੇਸ ਦੇ 10 ਮੈਟਰੋ ਸ਼ਹਿਰਾਂ ਵਿੱਚ ਕੰਮ ਕਰਨ ਵਾਲੀਆਂ ਮਹਿਲਾਵਾਂ ਦੇ ਨਾਲ ਇੱਕ ਸਰਵੇਖਣ ਕੀਤਾ।

ਇਸ ਸਰਵੇਖਣ ਵਿੱਚ ਨਤੀਜਾ ਇਹ ਨਿਕਲਿਆ ਕਿ 35 ਫ਼ੀਸਦੀ ਮਹਿਲਾਵਾਂ ਇੱਕ ਬੱਚੇ ਤੋਂ ਬਾਅਦ ਦੂਜਾ ਬੱਚਾ ਨਹੀਂ ਕਰਨਾ ਚਾਹੁੰਦੀਆਂ। ਉਨ੍ਹਾਂ ਦਾ ਨਾਅਰਾ ਹੈ - 'ਹਮ ਦੋ, ਹਮਾਰਾ ਏਕ।'

ਅੰਮ੍ਰਿਤਾ ਵੀ ਇਸ ਨਕਸ਼-ਏ-ਕਦਮ ਉੱਤੇ ਚੱਲ ਰਹੇ ਹਨ। ਸਵਾਲ ਉੱਠਦਾ ਹੈ ਕਿ ਆਖ਼ਿਰ ਅੰਮ੍ਰਿਤਾ ਦੂਜਾ ਬੱਚਾ ਕਿਉਂ ਨਹੀਂ ਚਾਹੁੰਦੀ ?

**ਬੱਚਾ ਪਾਲਣ ਦਾ ਖ਼ਰਚ**

ਅੰਮ੍ਰਿਤਾ ਹੱਸ ਕੇ ਜਵਾਬ ਦਿੰਦੀ ਹੈ, "ਇੱਕ ਸਮੱਸਿਆ ਦੇ ਹੱਲ ਲਈ ਦੂਜੀ ਸਮੱਸਿਆ ਪਾਲ ਲਵਾਂ ਅਜਿਹੀ ਨਸੀਹਤ ਤਾਂ ਨਾ ਦਿਓ।"

ਆਪਣੀ ਇਸ ਲਾਈਨ ਨੂੰ ਉਹ ਫ਼ਿਰ ਤਫ਼ਸੀਲ ਵਿੱਚ ਸਮਝਾਉਣਾ ਸ਼ੁਰੂ ਕਰਦੀ ਹੈ।

"ਜਦੋਂ ਕੌਸਤੁਬ ਛੋਟਾ ਸੀ ਤਾਂ ਉਸਨੂੰ ਪਾਲਣ ਦੇ ਲਈ ਦੋ-ਦੋ ਮੇਡ ਰੱਖੇ, ਫ਼ਿਰ ਪਲੇ-ਸਕੂਲ 'ਚ ਪੜ੍ਹਨ ਲਈ ਇੰਨੀ ਫ਼ੀਸ ਦਿੱਤੀ ਜਿੰਨੇ 'ਚ ਮੇਰੀ ਪੀਐਚਡੀ ਤੱਕ ਦੀ ਪੜ੍ਹਾਈ ਪੂਰੀ ਹੋ ਗਈ ਸੀ।"

"ਉਸ ਤੋਂ ਬਾਅਦ ਸਕੂਲ ਵਿੱਚ ਦਾਖਲੇ ਲਈ ਫ਼ੀਸ, ਹਰ ਸਾਲ ਅਪ੍ਰੈਲ ਮਹੀਨਾ ਆਉਣ ਤੋਂ ਪਹਿਲਾਂ ਮਾਰਚ ਵਿੱਚ ਜੋ ਹਾਲਤ ਹੁੰਦੀ ਹੈ ਉਹ ਤਾਂ ਬਸ ਪੁੱਛੋ ਹੀ ਨਾ।"

"ਸਕੂਲ ਦੀ ਫ਼ੀਸ, ਟਿਊਸ਼ਨ ਦੀ ਫ਼ੀਸ, ਫ਼ੁੱਟਬਾਲ ਕੋਚਿੰਗ, ਸਕੂਲ ਟ੍ਰਿਪ ਅਤੇ ਹੋਰ ਦੂਜੀਆਂ ਡਿਮਾਂਡ, ਦੋ ਸਾਲ ਬਾਅਦ ਦੇ ਲਈ ਕੋਚਿੰਗ ਦਾ ਫ਼ਿਕਰ ਹੁਣੇ ਤੋਂ ਹੀ ਹੋਣ ਲੱਗਿਆ ਹੈ...ਕੀ ਇੰਨੇ ਪੈਸਿਆਂ ਵਿੱਚ ਦੂਜੇ ਬੱਚੇ ਲਈ ਗੁੰਜਾਇਸ਼ ਬਚਦੀ ਹੈ।" ਅੰਮ੍ਰਿਤਾ ਦੀ ਇਸ ਗੱਲ ਨੂੰ ਮੁੰਬਈ ਰਹਿਣ ਵਾਲੀ ਪੂਰਣੀਮਾ ਝਾ ਦੂਜੇ ਤਰੀਕੇ ਨਾਲ ਕਹਿੰਦੀ ਹੈ।

"ਮੈਂ ਨੌਕਰੀ ਇਸ ਲਈ ਕਰ ਰਹੀ ਹਾਂ ਕਿਉਂਕਿ ਇੱਕ ਵਿਅਕਤੀ ਦੀ ਕਮਾਈ ਨਾਲ ਮੈਟਰੋ ਸ਼ਹਿਰ ਵਿੱਚ ਘਰ ਨਹੀਂ ਚਲ ਸਕਦਾ।"

"ਇੱਕ ਬੇਟਾ ਹੈ ਤਾਂ ਉਸਨੂੰ ਸੱਸ ਪਾਲ ਰਹੀ ਹੈ, ਦੂਜੇ ਨੂੰ ਕੌਣ ਪਾਲੇਗਾ। ਇੱਕ ਹੋਰ ਬੱਚੇ ਦਾ ਮਤਲਬ ਹੈ ਕਿ ਤੁਹਾਨੂੰ ਇੱਕ ਮੇਡ ਉਸਦੀ ਸਾਂਭ-ਸੰਭਾਲ ਲਈ ਰੱਖਣੀ ਪਵੇਗੀ। ਕਈ ਵਾਰ ਤਾਂ ਦੋ ਮੇਡ ਰੱਖਣ 'ਤੇ ਵੀ ਕੰਮ ਨਹੀਂ ਚਲਦਾ ਅਤੇ ਮੇਡ ਨਾ ਰੱਖੋ ਤਾਂ ਕ੍ਰੈਚ ਵਿੱਚ ਬੱਚੇ ਨੂੰ ਛੱਡੋ। ਇਹ ਸਭ ਮਿਲਾ ਕੇ ਦੇਖ ਲਓ ਤਾਂ ਮੈਂ ਇੱਕ ਨਹੀਂ ਦੋ ਬੱਚੇ ਤਾਂ ਪਾਲ ਹੀ ਰਹੀ ਹਾਂ। ਤੀਜੇ ਦੀ ਗੁੰਜਾਇਸ਼ ਕਿੱਥੇ ਹੈ?"

**ਇੱਕ ਬੱਚੇ 'ਤੇ ਮੁੰਬਈ ਵਿੱਚ ਕਿੰਨਾ ਖ਼ਰਚ ਹੁੰਦਾ ਹੈ ?**

ਇੱਸ ਗੱਲ 'ਤੇ ਉਹ ਤੁਰੰਤ ਫ਼ੋਨ ਦੇ ਕੈਲਕੁਲੇਟਰ ਉੱਤੇ ਖ਼ਰਚਾ ਜੋੜਨਾ ਸ਼ੁਰੂ ਕਰਦੇ ਹਨ।

ਮਹੀਨੇ 'ਚ ਡੇਅ ਕੇਅਰ ਦਾ 10 ਤੋਂ 15 ਹਜ਼ਾਰ, ਸਕੂਲ ਦਾ ਵੀ ਉਨਾਂ ਹੀ ਲਗਦਾ ਹੈ, ਸਕੂਲ ਵੈਨ, ਹੌਬੀ ਕਲਾਸ, ਸਕੂਲ ਟ੍ਰਿਪ, ਜਨਮਦਿਨ ਦਾ ਜਸ਼ਨ (ਦੋਸਤਾਂ ਦਾ) ਇੰਨਾ ਸਭ ਦਾ ਖ਼ਰਚਾ ਮਿਲਾ ਕੇ 30 ਹਜ਼ਾਰ ਰੁਪਏ ਮਹੀਨਾ ਕਿਤੇ ਨਹੀਂ ਗਿਆ।

"ਮੁੰਬਈ ਵਿੱਚ ਮਕਾਨ ਵੀ ਬਹੁਤ ਮਹਿੰਗੇ ਹੁੰਦੇ ਹਨ ਅਸੀਂ ਦਫ਼ਤਰ ਆਉਣ-ਜਾਣ ਵਿੱਚ ਰੋਜ਼ਾਨਾ 4 ਘੰਟੇ ਖ਼ਰਚ ਕਰਦੇ ਹਾਂ, ਫ਼ਿਰ ਦੋ ਬੱਚੇ ਕਿਵੇਂ ਕਰ ਲਈਏ। ਨਾ ਤਾਂ ਪੈਸਾ ਹੈ ਅਤੇ ਨਾ ਹੀ ਸਮਾਂ। ਮੇਰੇ ਲਈ ਦੋਵੇਂ ਉਨੇਂ ਹੀ ਵੱਡੇ ਕਾਰਨ ਹਨ।"

ਐਸੋਚੈਮ ਸੋਸ਼ਲ ਡਿਵਲਪਮੈਂਟ ਫਾਊਂਡੇਸ਼ਨ ਦੀ ਰਿਪੋਰਟ ਅਹਿਮਦਾਬਾਦ, ਬੈਂਗਲੂਰੂ, ਚੇਨਈ, ਦਿੱਲੀ-ਐਨਸੀਆਰ, ਹੈਦਰਾਬਾਦ, ਇੰਦੌਰ, ਜੈਪੁਰ, ਕੋਲਕਾਤਾ, ਲਖਨਊ ਅਤੇ ਮੁੰਬਈ ਵਰਗੇ 10 ਮੈਟਰੋ ਸ਼ਹਿਰਾਂ ਉੱਤੇ ਆਧਾਰਤ ਹੈ। ਇਨ੍ਹਾਂ ਸ਼ਹਿਰਾਂ ਦੀ 1500 ਕੰਮ ਕਾਜੀ ਮਹਿਲਾਵਾਂ ਨਾਲ ਗੱਲਬਾਤ ਦੇ ਆਧਾਰ ਉੱਤੇ ਇਹ ਰਿਪੋਰਟ ਤਿਆਰ ਕੀਤੀ ਗਈ ਸੀ।

ਰਿਪੋਰਟ ਵਿੱਚ ਕੁਝ ਹੋਰ ਕਾਰਨ ਵੀ ਗਿਨਵਾਏ ਗਏ ਹਨ। ਕੰਮ ਕਾਜੀ ਮਹਿਲਾਵਾਂ 'ਤੇ ਘਰ ਅਤੇ ਆਫ਼ਿਸ ਦੋਵਾਂ 'ਚ ਚੰਗੇ ਪ੍ਰਦਰਸ਼ਨ ਦਾ ਦਬਾਅ ਹੁੰਦਾ ਹੈ, ਇਸ ਕਾਰਨ ਕਰਕੇ ਵੀ ਉਹ ਇੱਕ ਹੀ ਬੱਚਾ ਚਾਹੁੰਦੀਆਂ ਹਨ।

ਕੁਝ ਮਹਿਲਾਵਾਂ ਨੇ ਇਹ ਵੀ ਕਿਹਾ ਕਿ ਇੱਕ ਬੱਚਾ ਕਰਨ ਨਾਲ ਕਈ ਫ਼ਾਇਦੇ ਵੀ ਹਨ। ਕੰਮ ਕਾਜ ਤੋਂ ਇਲਾਵਾ ਮਾਂ ਸਿਰਫ਼ ਬੱਚੇ 'ਤੇ ਹੀ ਆਪਣਾ ਧਿਆਨ ਦਿੰਦੀ ਹੈ। ਦੋ ਬੱਚਿਆਂ ਦੇ ਹੋਣ ਨਾਲ ਧਿਆਨ ਵੰਡਿਆ ਜਾਂਦਾ ਹੈ।

**ਫ਼ਿਰ ਇੱਕ ਹੀ ਬੱਚਾ ਕਿਉਂ ਨਾ ਕਰੀਏ !**

ਬੱਚਿਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀ ਸੰਥਥਾ ਐਨਸੀਪੀਸੀਆਰ ਦੀ ਪ੍ਰਧਾਨ ਸਤੁਤੀ ਕੱਕੜ ਇਸ ਰੁਝਾਨ ਨੂੰ ਦੇਸ ਦੇ ਲਈ ਖ਼ਤਰਨਾਕ ਮੰਨਦੀ ਹੈ।

ਉਨ੍ਹਾਂ ਮੁਤਾਬਕ, "ਹਮ ਦੋ ਹਮਾਰੇ ਦੋ ਦਾ ਨਾਅਰਾ ਇਸ ਲਈ ਦਿੱਤਾ ਗਿਆ ਸੀ ਕਿਉਂਕਿ ਓਨਲੀ ਚਾਈਲਡ ਇਜ਼ ਲੋਨਲੀ ਚਾਈਲਡ ਹੁੰਦਾ ਹੈ। ਦੇਸ ਦੀ ਆਬਾਦੀ 'ਚ ਨੌਜਵਾਨਾਂ ਦੀ ਗਿਣਤੀ 'ਤੇ ਇਸਦਾ ਸਿੱਧਾ ਅਸਰ ਪੈਂਦਾ ਹੈ, ਚੀਨ ਨੂੰ ਲੈ ਲਵੋ, ਉਹ ਵੀ ਆਪਣੇ ਦੇਸ ਵਿੱਚ ਇਸ ਕਾਰਨ ਕਾਫ਼ੀ ਬਦਲਾਅ ਲਿਆ ਰਹੇ ਹਨ।"

ਪਰ ਇੱਕ ਬੱਚਾ ਪੈਦਾ ਕਰਨ ਦੇ ਕੰਮ ਕਾਜੀ ਮਹਿਲਾਵਾਂ ਦੇ ਫ਼ੈਸਲੇ ਨੂੰ ਸਤੁਤੀ ਮੁਤਾਬਕ ਬੱਚਿਆਂ ਉੱਤੇ ਹੋਣ ਵਾਲੇ ਖ਼ਰਚੇ ਨਾਲ ਜੋੜ ਕੇ ਦੇਖਣਾ ਸਹੀ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮਹਿੰਗੇ ਸਕੂਲ ਵਿੱਚ ਪੜ੍ਹਾਉਣ ਦੀ ਲੋੜ ਕੀ ਹੈ ? ਕੰਮ ਕਾਜੀ ਮਹਿਲਾਵਾਂ ਬੱਚਿਆਂ ਨੂੰ ਸਰਕਾਰੀ ਸਕੂਲ 'ਚ ਪੜ੍ਹਾਉਣ।

ਤਸਮੀਨ ਖਜਾਂਚੀ ਖ਼ੁਦ ਇੱਕ ਮਾਂ ਹਨ ਅਤੇ ਇੱਕ ਪੇਰੇਂਟਿੰਗ ਐਕਸਪਰਟ ਵੀ। ਉਨ੍ਹਾਂ ਦੀ ਛੇ ਸਾਲ ਦੀ ਧੀ ਹੈ।

ਉਹ ਕਹਿੰਦੇ ਹਨ, "ਦੋ ਬੱਚੇ ਹੋਣਾ ਬਹੁਤ ਜ਼ਰੂਰੀ ਹੈ। ਮਾਪਿਆਂ ਲਈ ਨਹੀਂ ਸਗੋਂ ਬੱਚਿਆਂ ਦੇ ਲਈ ਬੱਚਿਆਂ ਨੂੰ 8-10 ਸਾਲ ਤੱਕ ਦੂਜੇ ਭਰਾ-ਭੈਣ ਦੀ ਲੋੜ ਨਹੀਂ ਹੁੰਦੀ। ਪਰ ਵੱਡੇ ਹੋਣ ਤੋਂ ਬਾਅਦ ਉਨ੍ਹਾਂ ਨੂੰ ਕਮੀ ਮਹਿਸੂਸ ਹੁੰਦੀ ਹੈ। ਉਦੋਂ ਉਨ੍ਹਾਂ ਨੂੰ ਸਾਂਝ ਅਤੇ ਖ਼ਿਆਲ ਦੋਵਾਂ ਦੇ ਲਈ ਇੱਕ ਸਾਥੀ ਭਰਾ-ਭੈਣ ਦੀ ਲੋੜ ਪੈਂਦੀ ਹੈ। ਬੱਚੇ ਵੱਡੇ ਭਰਾ-ਭੈਣ ਤੋਂ ਬਹੁਤ ਕੁਝ ਸਿੱਖਦੇ ਹਨ।"

"ਅਕਸਰ ਮਹਿਲਾਵਾਂ ਨਿਊਕਲਿਅਰ ਫ਼ੈਮਿਲੀ ਦੇ ਚੱਕਰ ਵਿੱਚ ਆਪਣੇ ਫ਼ੈਸਲੇ ਨੂੰ ਸਹੀ ਦੱਸਦੀਆਂ ਹਨ। ਪਰ ਇਹ ਗ਼ਲਤ ਹੈ, ਬੱਚਾ ਪਲ ਹੀ ਜਾਂਦਾ ਹੈ। ਆਪਣੀ ਪਰੇਸ਼ਾਨੀ ਦੇ ਲਈ ਵੱਡੇ ਬੱਚੇ ਦਾ ਬਚਪਨ ਨਹੀਂ ਖੋਹਣਾ ਚਾਹੀਦਾ। ਇਹ ਰਿਸਰਚ ਦੇ ਆਧਾਰ ਉੱਤੇ ਨਹੀਂ ਸਗੋਂ ਲੋਕਾਂ ਨੂੰ ਮਿਲਣ ਤੋਂ ਬਾਅਦ ਉਨ੍ਹਾਂ ਦੇ ਤਜਰਬੇ ਦੇ ਆਧਾਰ ਉੱਤੇ ਕਹਿ ਰਹੀ ਹਾਂ।"


## ਇੱਕ ਬੱਚੇ ਉੱਤੇ ਕਿੰਨਾ ਖ਼ਰਚ ਕਰਦੇ ਹਨ ਅਮ੍ਰਿਤਾ?

**₹ 1.5 ਲੱਖ ਮਹੀਨੇ ਦੀ ਕਮਾਈ**

| | |
|---|---|
| ₹7000 | ਮਹੀਨੇ ਦੀ ਸਕੂਲ ਫ਼ੀਸ |
| ₹2000 | ਸਕੂਲ ਵੈਨ |
| ₹2500 | ਫ਼ੁੱਟਬਾਲ ਕੋਚਿੰਗ |
| ₹6000 | ਫ਼ੁੱਲ ਟਾਈਮ ਮੇਡ |
| ₹500 | ਸਕੂਲ ਦੇ ਹੋਰ ਖ਼ਰਚੇ |
| ₹1000 | ਦਵਾਈ |
| ₹2000 | ਬੱਚੇ ਲਈ ਸੇਵਿੰਗ |
| ₹1000 | ਘੁੰਮਣਾ/ਮੂਵੀ/ਬਰਥ-ਡੇਅ |
| ₹70-90 ਹਜ਼ਾਰ | ਘਰ ਦੇ ਦੂਜੇ ਖ਼ਰਚ (ਲੋਨ ਦੀ ਕਿਸ਼ਤ, ਰਸੋਈ ਦਾ ਖ਼ਰਚ, ਸਾਂਭ-ਸੰਭਾਲ, ਪਟਰੋਲ ਆਦਿ) |



# ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ



**ਭਾਰਤੀ ਸਮਾਜ ਤੇ ਵਿਸ਼ੇਸ਼ ਕਰਕੇ ਪੰਜਾਬੀ ਸਮਾਜ ਵਿਚ ਘੁੰਡ ਸਾਡੀ ਪੁਸ਼ਾਕ ਦਾ ਇਸ ਕਦਰ ਹਿੱਸਾ ਬਣਿਆ ਰਿਹਾ ਕਿ ਮੁਟਿਆਰ ਨੂੰ ਘੁੰਡ ਕੱਢਣ ਲਈ ਵਾਰ ਵਾਰ ਚੇਤਾਵਨੀ ਦਿੱਤੀ ਜਾਂਦੀ ਹੈ...**

• ਪ੍ਰੋ ਜਤਿੰਦਰਬੀਰ ਸਿੰਘ ਨੰਦਾ

ਪੁਸ਼ਾਕ ਸਾਡੇ ਸਭਿਆਚਾਰ ਦਾ ਇਕ ਵਿਸ਼ੇਸ਼ ਪਛਾਨ ਚਿੰਨ੍ਹ ਹੈ ਤੇ ਘੁੰਡ ਸਾਡੀ ਪੁਸ਼ਾਕ ਦਾ ਬਹੁਤ ਲੰਮਾ ਸਮਾਂ ਅੰਗ ਰਿਹਾ ਹੈ। ਅੱਜ ਤੋਂ ਕੋਈ ਇਕ ਸਦੀ ਪਹਿਲਾਂ ਸਾਡੀਆਂ ਔਰਤਾਂ ਪੂਰੀ ਤਰ੍ਹਾਂ ਸਿਰ ਢੱਕ ਕੇ ਘੁੰਡ ਕੱਢਣ ਦੀਆਂ ਆਦੀ ਸਨ ਤੇ ਇਹ ਪ੍ਰਵਿਰਤੀ ਘੱਟ ਰੂਪ ਵਿਚ ਅਜੇ ਤਕ ਜਾਰੀ ਹੈ। ਉਸ ਸਮੇਂ ਲੋਕ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਹੋਏ ਆਮ ਕਹਿੰਦੇ ਸਨ ਕਿੰਨੀ ਸ਼ਰਮ ਹਯਾ ਨਾਲ ਭਰੀ ਹੋਈ ਸੰਸਕਾਰੀ ਇਸਤਰੀ ਹੈ। ਇਸ ਨਾਲ ਵੱਡੇ ਛੋਟੇ ਦੀ ਤਾਮੀਜ਼ ਦਾ ਗੁਣ ਸਹਿਜ ਰੂਪ ਵਿਚ ਮਨ ਵਿਚ ਉਤਪੰਨ ਹੋ ਜਾਂਦਾ ਸੀ। ਇਹ ਸਾਰੇ ਭਾਰਤ ਵਿਚ ਤੇ ਵਿਸ਼ੇਸ਼ ਕਰਕੇ ਇਸ ਦਾ ਚਲਨ ਭਾਰਤੀ ਹਿੰਦੂ, ਸਿੱਖ ਤੇ ਜੈਨ ਧਰਮ ਵਿਚ ਤੇ ਸਾਡੇ ਪੰਜਾਬੀ ਸੱਭਿਆਚਾਰ ਦਾ ਇਕ ਮਨਮੋਹਕ ਪਛਾਣ ਚਿੰਨ੍ਹ ਬਣ ਗਿਆ ਸੀ। ਪੰਜਾਬੀ ਦਾ ਇਸ ਸਦੀ ਦਾ ਸਭ ਤੋਂ ਵੱਡਾ ਰੋਮਾਂਟਿਕ ਕਵੀ ਮੋਹਨ ਸਿੰਘ ਇਕ ਥਾਂ ਸੁੰਦਰ ਪੰਜਾਬੀ ਮੁਟਿਆਰ ਦਾ ਰੂਪ ਬਿਆਨ ਕਰਦਾ ਹੋਇਆ ਲਿਖਦਾ ਹੈ : ਤੇਰੇ ਘੁੰਡ 'ਤੇ ਚਿੱਤਰੇ ਫੁੱਲ ਸੋਹਣੇ, ਅਸੀਂ ਉੱਥੇ ਹੀ ਗਏ ਡੁੱਲ੍ਹ ਸੋਹਣੇ...

ਘੁੰਡ ਕਢੀ ਇਸਤਰੀ ਹੀ ਮੋਹਨ ਸਿੰਘ ਨੂੰ ਇਹ ਕਾਵਿ ਸਤਰਾਂ ਸਿਖਣ ਲਈ ਪ੍ਰੇਰਿਤ ਕਰ ਸਕਦੀ ਸੀ। ਅੱਜ ਕੱਲ੍ਹ ਦੀ ਆਧੁਨਿਕ ਸ਼ੈਲੀ ਵਿਚ ਜਿਊਣ ਵਾਲੀ ਪੀੜੀ ਨੂੰ ਓਪਰੀ ਨਜ਼ਰ ਨਾਲ ਦੇਖਦਿਆਂ ਇਹ ਲੱਗਦਾ ਹੈ ਕਿ ਘੁੰਡ ਕੱਢਣਾ ਇਕ ਪ੍ਰੰਪਰਾਵਾਦੀ ਤੇ ਰੂੜੀਵਾਦੀ ਸਮਾਜਿਕ ਚਲਨ ਹੈ। ਆਧੁਨਿਕ ਨਾਰੀ ਲਈ ਇਸ ਦਾ ਕੋਈ ਮੱਹਤਵ ਨਹੀਂ ਰਹਿ ਗਿਆ ਪਰ ਦੂਸਰੇ ਪਾਸੇ ਸ਼ਾਇਰ, ਰਹਸਵਾਦੀਆਂ ਲਈ ਇਹ ਜੀਵਨ ਦੀ ਉਤਸਕਤਾ ਨੂੰ ਪ੍ਰਗਟਾਉਂਦਾ ਹੈ। ਪੂਰੀ ਵਸਤੂ ਨੂੰ ਤਾਂ ਘਾਟੇ ਦਾ ਤੌਖਲਾ ਤਾਂ ਸਦਾ ਲੱਗਿਆ ਰਹਿੰਦਾ ਹੈ ਪਰ ਅੱਧੀ ਵਸਤੂ ਨੂੰ ਅਜਿਹਾ ਫਿਕਰ ਨਹੀਂ ਹੁੰਦਾ ਤੇ ਪੂਰੀ ਸ਼ਕਲ ਵੇਖਣ ਦੀ ਉਤਸਕਤਾ ਸਦਾ ਬਣੀ ਰਹਿੰਦੀ ਹੈ। ਅੱਧ ਕੱਢਿਆ ਘੁੰਡ ਤੇ ਪੂਰੇ ਘੁੰਡ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੁੰਦਾ ਹੈ। ਪੂਰਾ ਘੁੰਡ ਮਨੁੱਖ ਲਈ ਕਾਲੀ ਬੋਲੀ ਰਾਤ ਦੀ ਤਰ੍ਹਾਂ ਹੁੰਦਾ ਹੈ, ਇਹ ਇਸਤਰੀ ਰੂਪ ਨੂੰ ਲੁਕਾਉਣ ਦਾ ਕੋਹਜਾ ਢੰਗ ਹੈ ਤੇ ਇਸਤਰੀ ਦੀ ਪਿਛਾਂਹ ਖਿਚੂ ਸੋਚ ਹੋ ਸਕਦੀ ਹੈ, ਪਰ ਅੱਧ ਕਢਿਆ ਘੁੰਡ ਮਨ ਨੂੰ ਰੋਮਾਂਚਿਕ ਕਰਨ ਵਿਚ ਵਧੇਰੇ ਭਾਵਨਾਵਾਂ ਤੇ ਵਲਵਲੇ ਪੈਦਾ ਕਰਨ ਵਿਚ ਸਹਾਇਤਾ ਕਰਦਾ ਹੈ। ਜੋ ਲੋਕ ਇਸ ਨੂੰ ਇਸਤਰੀ ਦੀ ਪਿਛਾਂਹ ਖਿੱਚੂ ਸੋਚ ਨਾਲ ਜੋੜਦੇ ਹਨ ਉਹ ਕੇਵਲ ਪੂਰੇ ਕੱਢੇ ਹੋਏ ਘੁੰਡ ਦੀ ਗੱਲ ਕਰਦੇ ਹਨ, ਵਾਰਿਸ ਵਰਗੇ ਮਹਾਨ ਕਵੀ ਨੇ ਵੀ ਇਹ ਸਤਰਾਂ ਲਿਖੀਆਂ :

ਘੁੰਡ ਅੰਨ੍ਹਿਆਂ ਕਰੇ ਸੁਜਾਖਿਆਂ ਨੂੰ
ਘੁੰਡ ਲਾਹ ਮੂੰਹ ਉੱਪਰੋਂ ਲਾੜੀਏ ਨੀ
ਵਾਰਿਸ ਸ਼ਾਹ ਨਾ ਦੱਬੀਏ ਮੋਤੀਆਂ ਨੂੰ
ਫੁੱਲ ਅੱਗ ਵਿਚ ਨਾ ਸਾੜੀਏ ਨੀ...

ਸੋ ਸਾਹਿਤਕਾਰ ਘੁੰਡ ਦੇ ਖਿਲਾਫ਼ ਆਵਾਜ਼ ਉਠਾਉਂਦੇ ਹਨ, ਉਹ ਪੂਰੇ ਘੁੰਡ ਦੀ ਗੱਲ ਕਰਦੇ ਰਹੇ ਹਨ, ਪਰ ਅੱਧ ਕੱਢੇ ਘੂੰਡ ਦੀ ਪ੍ਰਸ਼ੰਸਾ ਹੀ ਮਿਲਦੀ ਹੈ। ਇਹ ਇਸ ਤਰ੍ਹਾਂ ਹੀ ਹੈ ਜਿਵੇਂ ਚਾਂਦਨੀ ਰਾਤ ਦੀ ਪਿਆਰ ੨੨੫.੩੦ਲੀਲਾ ਵਿਚ ਜੋ ਇਹਿਸਾਸ ਪੈਦਾ ਹੁੰਦੇ ਹਨ, ਕੋਮਲਤਾ ਜੱਗ ਮਗਾਉਂਦੀ ਹੈ, ਲਿਸ਼ਕ ਦੀਆਂ ਰੋਸ਼ਨੀਆਂ ਵਿਚ ਸੰਭਵ ਨਹੀ। ਪਰਮਾਤਮਾ ਨੇ ਵੀ ਤਾਂ ਇਕ ਘੁੰਡ ਕਢਿਆ ਹੋਇਆ ਹੈ, ਜਿਸ ਦਾ ਪੂਰਾ ਰੂਪ ਦੇਖਣ ਲਈ ਮਨੁੱਖ ਸਦਾ ਵਿਆਕੁਲ ਰਿਹਾ ਹੈ। ਸਾਰਾ ਭਗਤੀ ਤੇ ਰਹੱਸਵਾਦੀ ਸਾਹਿਤ ਇਸ ਦਾ ਭੇਦ ਲੱਭਣ ਲਈ ਸਦਾ ਤੋਂ ਇੱਛਕ ਰਿਹਾ ਹੈ। ਇਸਤਰੀ ਨੂੰ ਸਦਾ ਸੁੰਦਰ ਦਿਸਣ ਦੀ ਅਭਿਲਾਸ਼ਾ ਮੁੱਢ ਕਦੀਮ ਤੋਂ ਰਹੀ ਹੈ, ਇਸ ਦੇ ਚਲਨ ਨਾਲ ਇਸਤਰੀ ਦੇ ਰੂਪ ਵਿਚ ਕੋਈ ਵਿਘਨ ਨਹੀਂ ਪੈਂਦਾ ਸਗੋਂ ਉਸ ਪ੍ਰਤੀ ਦੇਖਣ ਦੀ ਲਾਲਸਾ ਮਨੁੱਖ ਵਿਚ ਵਧਦੀ ਹੈ। ਇਹ ਨਿਰਭਰ ਕਰਦਾ ਹੈ ਕਿ ਕਿਸ ਸ਼ੋਖੀ ਤੇ ਚੰਚਲਤਾ ਨਾਲ ਇਸਤਰੀ ਅੱਧ ਕਢਿਆ ਘੁੰਡ ਕੱਢਦੀ ਹੈ। ਸ਼ਾਇਰ ਮਨ ਆਪਣੀ ਕਲਪਨਾ ਨਾਲ ਉਸ ਦਾ ਰੂਪ ਚਿਤਵਦਾ ਹੈ। ਚਿੱਤਰਕਾਰ ਇਸ ਦਾ ਸੁੰਦਰ ਸਰੂਪ ਦਿਸਣ ਵਾਲਾਂ ਰੂਪ ਬਣਾ ਕੇ ਚਿੱਤਰ ਬਣਾਉਂਦੇ ਹਨ।

ਬਰਨਾਰਡ ਸ਼ਾਹ ਦੇ ਪ੍ਰਸਿੱਧ ਨਾਟਕ ਪਿਗਮੇਲੀਅਨ ਵਿਚ ਇਕ ਬੁੱਤ ਘਾੜਾ ਜੋ ਇਸਤਰੀ ਨੂੰ ਪਹਿਲਾਂ ਸ਼ਿਦਤ ਨਾਲ ਨਫ਼ਰਤ ਕਰਦਾ ਹੈ ਤੇ ਸ਼ਕਲ ਵੀ ਨਹੀਂ ਦੇਖਣਾ ਚਾਹੁੰਦਾ ਪਰ ਜਿਉਂ ਜਿਉਂ ਉਸ ਦਾ ਬੁੱਤ ਬਣਾਈ ਜਾਂਦਾ ਹੈ ਤੇ ਮਨ ਵਿਚ ਵਸੀ ਇਸਤਰੀ ਦੀ ਪੱਥਰਾਂ ਦੀਆਂ ਚਿੱਪਰਾਂ ਲਾਹ ਲਾਹ ਕੇ ਉਸ ਦਾ ਮੂੰਹ ਮੱਥਾਂ ਸੰਵਾਰਦਾ ਹੈ ਤੇ ਆਪ ਹੀ ਉਸ ਦੇ ਰੂਪ ਤੇ ਫਿਦਾ ਹੋ ਜਾਂਦਾ ਹੈ। ਭਾਰਤੀ ਸੰਸਕ੍ਰਿਤੀ ਵਿਚ ਘੁੰਡ ਕਢਣ ਨੂੰ ਇਸਤਰੀ ਦੀ ਸ਼ਰਮ ਲਾਜ ਨਾਲ ਜੋੜਿਆ ਜਾਂਦਾ ਹੈ।

**ਘੁੰਡ ਸ਼ਬਦ ਦੀ ਉਤਪਤੀ**

*ਜੇ ਅਸੀ ਭਾਸ਼ਾ ਦੇ ਪੱਖ ਤੋਂ ਵਿਚਾਰ ਕਰੀਏ ਤਾਂ ਪਤਾ ਲੱਗਦਾ ਹੈ ਕਿ ਘੁੰਡ ਸੰਸਕ੍ਰਿਤ ਦੇ ਸ਼ਬਦ ਅਵਗੁਠਿੰਤ ਸ਼ਬਦ ਤੋਂ ਉਪਜਿਆ ਹੈ ਤੇ ਭਾਸ਼ਾ ਦੇ ਨਿਯਮਾਂ ਅਨੁਸਾਰ ਬਦਲਦਾ ਹੋਇਆ ਘੁੰਗਟ ਬਣ ਗਿਆ, ਸੰਸਕ੍ਰਿਤ ਸਾਹਿਤ ਵਿਚ ਇਸ ਦਾ ਭਰਪੂਰ ਜ਼ਿਕਰ ਹੋਇਆ ਹੈ...*



ਸਾਡੇ ਪੰਜਾਬੀ ਸੱਭਿਆਚਾਰ ਆਮ ਪ੍ਰਚਲਤ ਰਿਵਾਜ ਹੈ ਕਿ ਜਦੋਂ ਇਕ ਨਵ-ਵਿਆਹਿਆ ਜੋੜਾ ਪਹਿਲੀਵਾਰ ਨਵ-ਵਿਆਹੀ ਆਪਣੇ ਪਿੰਡ ਲੈ ਕੇ ਆਉਂਦਾ ਹੈ ਤਾਂ ਪਿੰਡ ਦੇ ਕੱਚੀ ਪੀਹ ਤੇ ਤੋਰਦਾ ਹੋਇਆ ਜਦੋਂ ਪਿੰਡ ਦੇ ਨੇੜੇ ਆਉਂਦਾ ਹੈ ਤਾਂ ਆਪ ਮੁਹਾਰੇ ਬੋਲ ਉੱਠਦਾ :

ਘੁੰਡ ਕੱਢ ਲੈ ਪਤਲੀਏ ਨਾਰੇ
ਸਹੁਰਿਆਂ ਦਾ ਪਿੰਡ ਆ ਗਿਆ...

ਜੇ ਅਸੀ ਭਾਸ਼ਾ ਦੇ ਪੱਖ ਤੋਂ ਵਿਚਾਰ ਕਰੀਏ ਤਾਂ ਪਤਾ ਚਲਦਾ ਹੈ ਕਿ ਘੁੰਡ ਸੰਸਕ੍ਰਿਤ ਦੇ ਸ਼ਬਦ ਅਵਗੁਠਿੰਤ ਸ਼ਬਦ ਤੋਂ ਉਪਜਿਆ ਹੈ ਤੇ ਭਾਸ਼ਾ ਦੇ ਨਿਯਮਾਂ ਅਨੁਸਾਰ ਬਦਲਦਾ ਹੋਇਆ ਘੁੰਗਟ ਬਣ ਗਿਆ, ਸੰਸਕ੍ਰਿਤ ਸਾਹਿਤ ਵਿਚ ਇਸ ਦਾ ਭਰਪੂਰ ਜ਼ਿਕਰ ਹੋਇਆ ਹੈ। ਰਮਾਇਣ ਵਿਚ ਇਸ ਗੱਲ ਦਾ ਜ਼ਿਕਰ ਆਉਂਦਾ ਹੈ ਕਿ ਜਦੋਂ ਸੀਤਾ ਤੇ ਰਾਮ ਬਨਬਾਸ ਜਾਣ ਲੱਗ ਦੇ ਹਨ ਤਾਂ ਰਾਮ ਸੀਤਾ ਨੂੰ ਇਹ ਕਹਿੰਦੇ ਹਨ ਕਿ ਉਹ ਆਪਣੇ ਮੂੰਹ ਤੋਂ ਘੁੰਡ ਉਤਾਰ ਦੇਵੇ ਤਾਂ ਜੋ ਅਯੋਧਿਆ ਦੇ ਸ਼ਹਿਰੀ ਉਸ ਦੇ ਦਰਸ਼ਨ ਕਰ ਸਕਣ। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੀਤਾ ਆਪਣੇ ਵਿਹਾਉਤਾ ਜੀਵਨ ਵਿਚ ਘੁੰਡ ਕੱਢਣ ਦੀ ਆਦੀ ਸੀ। ਫਿਰ ਜਦੋਂ ਰਾਵਣ ਮਰਨ ਕਿਨਾਰੇ 'ਤੇ ਹੁੰਦਾ ਹੈ ਤਾਂ ਉਸ ਦੀਆਂ ਰਾਣੀਆਂ ਰੌਂਦੀਆ ਕੁਰਲਾਉਂਦੀਆਂ ਹੋਈਆਂ ਰਾਵਣ ਨੂੰ ਕਹਿੰਦੀਆਂ ਹਨ ਕਿ ਅਸੀਂ ਤਾਂ ਅਪਣੇ ਘੁੰਗਟ ਉਤਾਰ ਦਿੱਤੇ ਹਨ ਤੇ ਆਖਰੀ ਦਰਸ਼ਨ ਕਰਨ ਆਈਆਂ ਹਾਂ। ਭਾਰਤੀ ਸਮਾਜ ਤੇ ਵਿਸ਼ੇਸ਼ ਕਰਕੇ ਪੰਜਾਬੀ ਸਮਾਜ ਵਿਚ ਘੁੰਗਟ ਸਾਡੀ ਪੁਸ਼ਾਕ ਦਾ ਇਸ ਕਦਰ ਹਿੱਸਾ ਬਣਿਆ ਰਿਹਾ ਕਿ ਮੁਟਿਆਰ ਨੂੰ ਇਸ ਨੂੰ ਘੁੰਡ ਕੱਢਣ ਲਈ ਵਾਰ ਵਾਰ ਚੇਤਾਵਨੀ ਦਿੱਤੀ ਜਾਂਦੀ ਹੈ। ਇਸਤਰੀ ਦਾ ਅਜਿਹਾ ਰੂਪ ਕੇਵਲ ਭਾਰਤ ਵਿਚ ਪ੍ਰਚਲਨ ਨਹੀਂ ਇਸ ਦੀ ਲੁਕਵੇ ਰੂਪ ਦੀ ਚਰਚਾ ਬਦੇਸ਼ੀ ਸਾਹਿਤਕਾਰਾਂ ਨੇ ਬਦਲਵੇਂ ਰੂਪ ਵਿਚ ਬਿਆਨ ਕੀਤੀ ਹੈ ਕਿਉਂਕਿ ਘੁੰਗਟ ਦਾ ਪ੍ਰਚਲਨ ਕੇਵਲ ਭਾਰਤੀ ਹੀ ਹੈ। ਘੁੰਗਟ ਲਈ ਅੰਗਰੇਜ਼ੀ ਵਿਚ ਸ਼ਬਦ ਵੀ ਈਆਈਐੱਲ ਜੋ ਵੇਲ ਬਣਦਾ 'ਚ ਹੈ। ਦੁਨੀਆ ਦੇ ਪ੍ਰਸਿੱਧ ਨਾਵਲਕਾਰ ਸਾਮਰਸੈੱਟ ਮਾਮ ਜਿਸ ਦੇ ਨਾਂ ਤੇ ਮਾਮ ਟੱਚ ਪ੍ਰਸਿੱਧ ਹੈ ਆਪਣੀ ਇਕ ਬਹੁਤ ਹੀ ਪ੍ਰਸਿੱਧ ਰਚਨਾ ਦਾ ਨਾਂ ਦੀ ਪੇਂਟਿਡ ਵੇਲਚਰਖਿਆ ਹੈ। ਇਹ ਨਾਵਲ ਇੰਨਾ ਹਰਮਨ ਪਿਆਰਾ ਹੋਇਆ ਕਿ ਬਾਅਦ ਵਿਚ ਇਸ ਦੇ ਆਧਾਰ ਤੇ ਅੰਗਰੇਜ਼ੀ ਫਿਲਮ ਵੀ ਬਣੀ। ਦਿਲਚਸਪ ਗੱਲ ਇਹ ਹੈ ਕਿ ਇਸ ਨਾਵਲ ਦਾ ਆਧਾਰ ਅੰਗਰੇਜ਼ੀ ਰੋਮਾਂਚਕ ਕਵੀ ਪੀ ਬੀ ਸ਼ੈਲੇ ਦੀ ਇਕ ਸਦੀਵੀ ਸੋਨੈਟ ਰਚਨਾ ਲਿਫਟ ਨਾਟ ਦੀ ਪੇਂਟਿਡ ਵੇਲਚ ਨਾਂ ਤੇ ਆਧਾਰਿਤ ਹੈ। ਪੱਛਮੀ ਜੀਵਨ ਸ਼ੈਲੀ ਵਿਚ ਘੁੰਗਟ ਪੌਸ਼ਾਕ ਦਾ ਹਿੱਸਾ ਨਹੀਂ ਪਰ ਲੁਕੇ ਹੋਏ ਹੁਸਨ ਨੂੰ ਦੇਖਣ ਦੀ ਲਾਲਸਾ ਇੱਕੋ ਜਿੰਨੀ ਹੈ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਮਾਨਵੀ ਅਹਿਸਾਸ ਇਕੋ ਤਰ੍ਹਾਂ ਦੇ ਹੀ ਹੁੰਦੇ ਹਨ। ਘੁੰਡ ਕੱਢਣਾ ਇਸਤਰੀ ਦੀ ਪੌਸ਼ਾਕ ਦਾ ਇਕ ਅਹਿਮ ਅੰਗ ਬਣਿਆ ਰਿਹਾ ਹੈ ਜੋ ਹੁਣ ਤਕ ਕਿਸੇ ਹੱਦ ਤਕ ਸਾਡੇ ਸੱਭਿਆਚਾਰ ਵਿਚ ਸਾਂਭਿਆ ਰਿਹਾ ਹੈ ਤੇ ਇਹ ਇਕ ਵਿਸ਼ੇਸ਼ ਕਰਕੇ ਵਿਆਹੁਤਾ ਨਾਰੀ ਦਾ ਪਛਾਣ ਚਿੰਨ੍ਹ ਬਣ ਗਿਆ ਹੈ। ਘੁੰਡ ਨੂੰ ਬਿਲਕੁਲ ਨਕਾਰਾ ਕਰਨ ਵਾਲੇ ਲੋਕਾਂ ਨੂੰ ਇਹ ਪਤਾ ਨਹੀਂ ਕਿ ਸਰਕਾਰੀ ਅੰਕੜੇ ਇਹ ਕਹਿੰਦੇ ਹਨ ਕਿ ਇਕ 2004 ਦੀ ਆਈਐੱਚਡੀਐੱਸ ਦੀ ਇਕ ਰਿਪੋਟਰਟ ਅਨੁਸਾਰ ਪੇਂਡੂ ਖੇਤਰਾਂ ਵਿਚ 55% ਔਰਤਾਂ ਘੁੰਡ ਕੱਢਦੀਆ ਹਨ ਤੇ ਅਜੇ ਤਕ ਹਰਿਆਣਾ, ਰਾਜਸਥਾਨ ਵਿਚ ਇਹ ਪ੍ਰਵਿਰਤੀ ਜਾਰੀ ਹੈ। ਪੁਰਾਣੇ ਬਜ਼ੁਰਗ ਆਮ ਇਹ ਕਹਿੰਦੇ ਸੁਣੇ ਜਾਂਦੇ ਸਨ ਕਿ ਜੇ ਸਿਰ ਢੱਕਣਾ ਇਸਤਰੀ ਦਾ ਸੈਵ-ਰੱਖਿਆ ਦਾ ਪਹਿਲਾ ਸਾਧਨ ਹੁੰਦਾ ਹੈ ਤਾਂ ਮੰਦ ਮੰਦ ਮੁਸਕਰਾਂਦੀਆਂ ਅੱਖਾਂ ਨਾਲ ਅੱਧ ਕੱਢਿਆ ਘੁੰਡ ਇਸਤਰੀ ਦੀ ਕੋਮਲਤਾ ਦਾ ਅਹਿਸਾਸ ਕਰਾਉਂਦਾ ਹੈ ਤੇ ਇਸਤਰੀਤਵ ਦੀ ਪਛਾਣ ਹੈ। ਸਾਡੇ ਸੱਭਿਆਚਾਰ ਵਿਚ ਕਈ ਰਸਮਾਂ ਨਵ-ਵਿਆਹੀ ਦੇ ਘੁੰਡ ਨਾਲ ਜੁੜੀਆ ਹੋਈਆਂ ਹਨ ਜੇ ਨਵ ਵਿਆਹੀ ਘੁੰਡ ਨਹੀਂ ਕਢੇਗੀ ਤਾਂ ਉਸ ਦੀ ਘੁੰਡ ਚੁਕਾਈ ਕਿਵੇਂ ਹੋ ਸਕਦੀ ਹੈ। ਸਾਡੀ ਲੋਕ ਗਾਇਕੀ ਵਿਚ ਨਿਰਸੰਦੇਹ ਇਸ ਦੇ ਲੋਪ ਹੋਣ ਦਾ ਸੰਤਾਪ ਛੁਪਿਆ ਹੋਇਆ ਹੈ।

ਮੋਬਾਈਲ : 98152-55295

# ਪੰਜਾਬ 'ਚ ਨਸ਼ਿਆਂ ਦਾ ਕਹਿਰ : 'ਰੋਮ ਸੜ ਰਿਹਾ ਹੈ, ਨੀਰੋ ਬੰਸਰੀ ਵਜਾ ਰਿਹਾ ਹੈ'

**ਮਨਜੀਤ ਸਿੰਘ ਟਿਵਾਣਾ**

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੇ ਭਾਰਤੀ ਪਾਸੇ ਵਾਲੇ 'ਢਾਈ-ਆਬ' ਲੰਮੇ ਸਮੇਂ ਤੋਂ ਨਸ਼ਿਆਂ ਦੇ ਖੌਫਨਾਕ ਤੇ ਸ਼ੂਕਦੇ ਛੇਵੇਂ ਦਰਿਆ ਦੀ ਜ਼ੱਦ ਵਿਚ ਆ ਕੇ ਖੁਰਦੇ ਜਾ ਰਹੇ ਹਨ। ਜਿਸ ਧਰਤੀ ਉਤੇ ਕਦੇ ਦੁੱਧ ਦੀਆਂ ਨਦੀਆਂ ਵਗਦੀਆਂ ਸਨ, ਹੁਣ ਉਥੇ ਸ਼ਰਾਬ, ਸਿੰਥੈਟਿਕ ਡਰੱਗ 'ਚਿੱਟਾ' ਅਤੇ ਦੂਜੇ ਮੈਡੀਕਲ ਨਸ਼ਿਆਂ ਦੀ ਭਰਮਾਰ ਨੇ ਨੌਜਵਾਨੀ ਨੂੰ ਬੁਰੀ ਤਰਾਂ ਵਲੇਟਿਆ ਹੋਇਆ ਹੈ। "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਵਾਲੀ ਕਹਾਵਤ ਬਣਨ ਵੇਲੇ ਸ਼ਾਇਦ ਹੀ ਕਿਸੇ ਨੇ ਪੰਜਾਬ ਦੇ ਜੰਮੇ ਜਾਇਆਂ ਨੂੰ ਨਸ਼ੇ ਰੂਪੀ ਅਜਿਹੀ ਭਿਆਨਕ ਮੌਤ ਦੀ ਮੁਹਿੰਮ ਉਤੇ ਜਾਣਾ ਤਸੱਵਰ ਕੀਤਾ ਹੋਵੇਗਾ। ਸਮੇਂ ਦੇ ਸਿਕੰਦਰਾਂ ਮੂਹਰੇ ਹਿੱਕਾਂ ਡਾਹ ਕੇ ਜੂਝ ਜਾਣ ਵਾਲਾ ਪੰਜਾਬੀ 'ਪੋਰਸ' ਅੱਜ ਦੀ ਘੜੀ ਨਸ਼ੇ ਦਾ ਆਦੀ ਹੋ ਕੇ ਜ਼ਿੰਦਗੀ ਦੀ ਲੜਾਈ 'ਚ ਹਥਿਆਰ ਸੁੱਟੀ ਬੈਠਾ ਹੈ। ਬੇਸ਼ੱਕ ਪੰਜਾਬ ਵਿਚ ਨਸ਼ਿਆਂ ਦਾ ਮਾਮਲਾ ਇਕ ਸਿਆਸੀ ਮੁੱਦਾ ਬਣਿਆ ਹੋਇਆ ਹੈ ਪਰ ਕੋਈ ਵੀ ਸਿਆਸੀ ਧਿਰ ਇਸ ਦੀ ਰੋਕਥਾਮ ਨੂੰ ਲੈ ਕੇ ਸੰਜੀਦਾ ਨਹੀਂ ਜਾਪ ਰਹੀ ਹੈ। ਰੋਜ਼ ਮਰ ਰਹੇ ਨੌਜਵਾਨਾਂ ਦੇ ਸਿਵਿਆਂ ਦੀ ਅੱਗ ਉਤੇ ਸੱਤਾ ਦੀਆਂ ਰੋਟੀਆਂ ਸੇਕਣ ਲਈ ਤਾਂ ਹਰ ਨੇਤਾ ਕਾਹਲਾ ਪਿਆ ਹੋਇਆ ਹੈ ਪਰ ਕਿਸੇ ਕੋਲ ਵੀ ਪੰਜਾਬ ਨੂੰ ਇਸ ਦਲਦਲ ਵਿਚੋਂ ਕੱਢਣ ਦੀ ਰਾਹ ਨਹੀਂ ਹੈ। ਜਦੋਂ ਡੇਢ-ਕੁ ਸਾਲ ਪਹਿਲਾਂ ਰਾਜ ਵਿਚ ਅਕਾਲੀ-ਭਾਜਪਾ ਸਰਕਾਰ ਸੀ ਤਾਂ ਜਿਹੜੀ ਕਾਂਗਰਸ ਪਾਰਟੀ ਸਰਕਾਰੀ ਧਿਰ ਦੇ ਜਿਨਾਂ ਦਾਅਵਿਆਂ ਬਾਰੇ ਨੁਕਤਾਚੀਨੀ ਕਰਦਿਆਂ ਕਦੇ ਵੀ ਸਹਿਮਤ ਨਹੀਂ ਸੀ ਹੁੰਦੀ, ਉਹ ਹੀ ਪਾਰਟੀ ਹੁਣ ਆਪ ਖੁਦ "ਕਾਰਵਾਈ ਕਰ ਰਹੇ ਹਾਂ, "ਤਸਕਰੀ ਦੀ ਸਪਲਾਈ ਲਾਇਨ ਬੰਦ ਕਰ ਰਹੇ ਹਾਂ ਆਦਿ ਥੋਥੇ ਤੇ ਵੇਲਾ ਵਿਹਾ ਚੁੱਕੇ ਦਮਗਜ਼ਿਆਂ ਸਹਾਰੇ ਵਕਤ ਗੁਜ਼ਾਰ ਰਹੀ ਹੈ। ਕਈ ਆਗੂ ਰਵਾਇਤੀ ਨਸ਼ਿਆਂ 'ਤੇ ਲਾਈ ਪਾਬੰਦੀ ਚੁੱਕਣ ਨੂੰ ਹੀ ਇਸ ਵਿਕਰਾਲ ਸਮੱਸਿਆ ਦਾ ਇਕ ਮਾਤਰ ਹੱਲ ਸਮਝੀ ਬੈਠੇ ਹਨ। ਅਜਿਹੇ ਹਾਲਾਤ ਵਿਚ ਪੰਜਾਬ ਸਿਰ ਚੜ ਕੇ ਬੋਲ ਰਹੀ ਨਸ਼ਾ ਰੂਪੀ ਆਫਤ ਦੀਆਂ ਗਹਿਰੀਆਂ ਜੜਾਂ ਪਿੱਛੇ ਕਿਸੇ ਵੱਡੀ ਸਾਜ਼ਿਸ਼ ਹੋਣ ਦੀਆਂ ਸੰਭਾਵਨਾਵਾਂ ਵੀ ਪ੍ਰਬਲ ਹੋ ਰਹੀਆਂ ਹਨ। ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਦੀ ਨਸਲਕੁਸ਼ੀ ਕਰਨ ਦਾ ਇਤਿਹਾਸ ਲਗਭਗ ਹਰ ਕਾਲ ਵਿਚ ਆਪਣੇ-ਆਪ ਨੂੰ ਮੁੜ-ਮੁੜ ਦੁਹਰਾਉਂਦਾ ਆ ਰਿਹਾ ਹੈ। ਸਿੱਖਾਂ ਦੇ ਮਿੱਥ ਕੇ ਕੀਤੇ ਗਏ ਕਤਲੇਆਮ ਦਾ ਸੰਨ 1948 ਤੇ ਉਸ ਤੋਂ ਬਾਅਦ ਦਾ ਦਹਾਕਾ ਭਰ



ਦਾ ਸਮਾਂ ਕਿਸੇ ਤੋਂ ਭੁੱਲਿਆ ਨਹੀਂ ਹੈ। ਜਿਸ ਤਰਾਂ ਨਿੱਠ ਕੇ ਪੰਜਾਬੀ ਬੋਲੀ, ਸੱਭਿਆਚਾਰ ਤੇ ਸਿੱਖ ਪਹਿਚਾਣ ਉਤੇ ਲਗਾਤਾਰ ਹਮਲੇ ਹੋ ਰਹੇ ਹਨ, ਤਾਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਸ਼ੇ ਨੂੰ ਹਥਿਆਰ ਦੇ ਰੂਪ ਵਿਚ ਪੰਜਾਬੀਆਂ ਦੀ ਨਸਲਕੁਸ਼ੀ ਕਰਨ ਵਾਸਤੇ ਵਰਤਿਆ ਜਾ ਰਿਹਾ ਹੋਵੇ। ਪੰਜਾਬ ਨਾਲ ਲਗਦੇ ਗਵਾਂਢੀ ਰਾਜਾਂ ਹਿਮਾਚਲ, ਹਰਿਆਣਾ ਤੇ ਰਾਜਸਥਾਨ ਵਿਚ ਕਿਹੜੇ ਬਹੁਤੇ ਵੱਖਰੇ ਹਾਲਾਤ ਤੇ ਪ੍ਰਬੰਧ ਸਿਰਜੇ ਗਏ ਹਨ ਕਿ ਉਥੋਂ ਦੇ ਨੌਜਵਾਨ ਪੰਜਾਬੀਆਂ ਵਾਂਗ ਨਸ਼ੇ ਪਿੱਛੇ ਸ਼ੁਦਾਈ ਹੋਏ ਨਹੀਂ ਫਿਰ ਰਹੇ ਹਨ। ਇਕੱਲੇ ਪੰਜਾਬ ਵਿਚ ਹੀ ਤਾਂ ਬੇਰੁਜ਼ਗਾਰੀ, ਗਰੀਬੀ ਤੇ ਅਨਪੜਤਾ ਨਹੀਂ ਹੈ। ਇਕੱਲੇ ਪੰਜਾਬ ਦੇ ਕੈਮਿਸਟ ਹੀ ਤਾਂ ਬੇਈਮਾਨ ਨਹੀਂ ਹਨ। ਇਕੱਲਾ ਪੰਜਾਬ ਹੀ ਤਾਂ ਸਰਹੱਦੀ ਸੂਬਾ ਨਹੀਂ ਹੈ। ਨਿਰਸੰਦੇਹ ਪੰਜਾਬ 'ਚ ਵਿਕਰਾਲ ਰੂਪ ਧਾਰ ਚੁੱਕੀ ਨਸ਼ੇ ਦੀ ਬਿਮਾਰੀ ਨੂੰ ਠੱਲਣ ਲਈ ਇਕ ਸਰਬ-ਵਿਆਪੀ ਨੀਤੀ ਬਣਾਉਣ ਤੇ ਉਸ ਨੂੰ ਲਾਗੂ ਕਰਨ ਵਾਸਤੇ ਦ੍ਰਿੜ ਰਾਜਸੀ ਇੱਛਾ ਸ਼ਕਤੀ ਦੀ ਜ਼ਰੂਰਤ ਹੈ। ਹੁਣ ਤਕ ਦੀਆਂ ਸਰਕਾਰਾਂ ਤੇ ਸਾਡੇ ਆਗੂ ਇਸ ਮਾਮਲੇ ਵਿਚ ਫੇਲ ਹੋਏ ਹਨ। ਉਲਟਾ ਸਮੇਂ-ਸਮੇਂ ਦੀਆਂ ਸਰਕਾਰਾਂ ਉਤੇ ਨਸ਼ਾ ਤਸਕਰਾਂ ਦੀ ਪੁਸ਼ਤ-ਪਨਾਹੀ ਕਰਨ ਦੇ ਇਲਜ਼ਾਮ ਲਗਦੇ ਆ ਰਹੇ ਹਨ। ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿਚ ਕੋਈ ਆਪਸੀ ਤਾਲਮੇਲ ਹੀ ਨਹੀਂ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਡਰੱਗ ਮਾਮਲੇ ਵਿੱਚ ਇੱਕ ਰਿਪੋਰਟ ਦਿੱਤੀ ਗਈ ਸੀ। ਇਸ ਰਿਪੋਰਟ ਬਾਰੇ ਈਡੀ ਦੇ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਨੇ ਮਾਨਯੋਗ ਅਦਾਲਤ ਨੂੰ ਦੱਸਿਆ ਕਿ ਉਨਾਂ ਨੂੰ ਇਸ ਰਿਪੋਰਟ ਬਾਰੇ ਕੁਝ ਵੀ ਪਤਾ ਨਹੀਂ ਹੈ। ਨਿਰੰਜਨ ਸਿੰਘ ਦੇ ਬਿਆਨ ਤੋਂ ਬਾਅਦ ਈਡੀ ਦੇ ਵਕੀਲ ਚੇਤਨ ਮਿੱਤਲ ਨੇ ਅਦਾਲਤ ਨੂੰ ਦੱਸਿਆ ਕਿ ਰਾਬਤੇ ਦੀ ਘਾਟ ਕਰਕੇ ਸ਼ਾਇਦ ਨਿਰੰਜਨ ਸਿੰਘ ਨੂੰ ਇਸ ਰਿਪੋਰਟ ਬਾਰੇ ਪਤਾ ਹੀ ਨਹੀਂ ਲੱਗਿਆ। ਉਧਰ, ਪੰਜਾਬ ਦੀ ਮੌਜੂਦਾ ਸਰਕਾਰ ਨੇ ਐਸਟੀਐਫ ਚੀਫ ਹਰਪ੍ਰੀਤ ਸਿੱਧੂ ਦੀ ਸਾਬਕਾ ਅਕਾਲੀ ਮੰਤਰੀ ਬਿਕਰਮ ਮਜੀਠੀਆ ਖਿਲਾਫ ਪੇਸ਼ ਰਿਪੋਰਟ ਕਾਰਵਾਈ ਬਾਰੇ ਸੀਲਬੰਦ ਕਰਕੇ ਹਾਈਕੋਰਟ ਨੂੰ ਸੌਂਪੀ ਹੋਈ ਹੈ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਨਿਯੁਕਤ ਕੀਤੀ ਦੋ ਮੈਂਬਰਾਂ ਦੀ ਟੀਮ ਗ੍ਰਹਿ ਸਕੱਤਰ ਨਿਰਮਲਜੀਤ ਸਿੰਘ ਕਲਸੀ ਤੇ ਡੀਜੀਪੀ ਸੁਰੇਸ਼ ਅਰੋੜਾ ਵੱਲੋਂ ਇਹ ਰਿਪੋਰਟ ਦਿੱਤੀ ਗਈ ਹੈ। ਇਸ ਬਾਰੇ ਹਾਈਕੋਰਟ ਨੇ ਕਿਹਾ ਹੈ ਕਿ ਰਿਪੋਰਟ ਪੜਨ ਤੋਂ ਬਾਅਦ ਹੀ ਕੋਈ ਟਿੱਪਣੀ ਕੀਤੀ ਜਾਵੇਗੀ। ਇਸ ਦੇ ਨਾਲ ਹੀ ਪੰਜਾਬ ਵਿਜੀਲੈਂਸ ਵੱਲੋਂ ਵੀ ਇੰਸਪੈਕਟਰ ਇੰਦਰਜੀਤ ਤੇ ਰਾਜਜੀਤ ਖਿਲਾਫ ਚੱਲ ਰਹੀ ਕਾਰਵਾਈ ਦੀ ਸੀਲਬੰਦ ਰਿਪੋਰਟ ਪੇਸ਼ ਕੀਤੀ ਹੋਈ ਹੈ। ਚੱਟੋਪਾਧਿਆ ਅਧਾਰਤ ਐਸਆਈਟੀ ਤੇ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਇਨਕਮ ਟੈਕਸ ਵਿਭਾਗ ਤੋਂ ਜਾਣਕਾਰੀ ਮੰਗੀ ਸੀ। ਇਸ ਦਾ ਜ਼ਿਕਰ ਅਦਾਲਤ ਵਿੱਚ ਹੋ ਚੁੱਕਾ ਹੈ। ਇਸ ਬਾਰੇ ਇਨਕਮ ਟੈਕਸ ਮਹਿਕਮੇ ਵੱਲੋਂ ਪੇਸ਼ ਹੋਏ ਅਸਿਸਟੈਂਟ ਡਾਇਰੈਕਟਰ ਨੇ ਕੋਰਟ ਨੂੰ ਦੱਸਿਆ ਕਿ ਕਿਸੇ ਇੱਕ ਬੰਦੇ ਨਾਲ ਲਗਦੀ ਰਿਪੋਰਟ ਦੇਣੀ ਔਖੀ ਹੈ। ਉਨਾਂ ਇਹ ਵੀ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਤੇ ਐਸਆਈਟੀ ਦੇ ਮੈਂਬਰ ਉਨਾਂ ਨਾਲ ਬੈਠ ਕੇ ਇਸ ਦਾ ਹੱਲ ਕਰ ਸਕਦੇ ਹਨ। ਹਾਈਪ੍ਰੋਫਾਈਲ ਡਰੱਗ ਕੇਸਾਂ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਖਾਮੋਸ਼ੀ 'ਤੇ ਹੁਣ ਪੰਜਾਬ ਤੋਂ ਲੈ ਕੇ ਦਿੱਲੀ ਤਕ ਸਵਾਲ ਉੱਠ ਰਹੇ ਹਨ ਕਿ ਆਖ਼ਰ ਵੱਡੇ ਅਫ਼ਸਰਾਂ ਤੇ ਨੇਤਾਵਾਂ ਵਿਰੁੱਧ ਨਸ਼ਿਆਂ ਦੇ ਮਾਮਲਿਆਂ ਬਾਰੇ ਰਿਪੋਰਟ ਆਉਣ ਤੋਂ ਬਾਅਦ ਵੀ ਕੈਪਟਨ ਕੋਈ ਕਾਰਵਾਈ ਕਿਉਂ ਨਹੀਂ ਕਰ ਰਹੇ? ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਮੁੱਖ ਮੰਤਰੀ ਨੂੰ ਇਸ ਬਾਰੇ ਖੁੱਲੀ ਚਿੱਠੀ ਤਕ ਲਿਖੀ ਗਈ ਹੈ ਪਰ ਹਾਲਾਂ ਤਕ ਕੋਈ ਐਕਸ਼ਨ ਹੁੰਦਾ ਨਜ਼ਰ ਨਹੀਂ ਆ ਰਿਹਾ। ਸਾਫ ਜ਼ਾਹਰ ਹੈ ਕਿ ਸਰਕਾਰ ਨਸ਼ਾ ਤਸਕਰੀ ਵਿਚ ਸ਼ਾਮਲ 'ਵੱਡੇ ਬੰਦਿਆਂ' 'ਤੇ ਕਾਰਵਾਈ ਕਰਨ ਦੀ ਥਾਂ ਉਨਾਂ ਪੁਲਿਸ ਅਫ਼ਸਰਾਂ ਦੇ ਖੰਭ ਕੁਤਰਨ ਵਿਚ ਲੱਗੀ ਹੋਈ ਹੈ ਜੋ ਨਸ਼ਿਆਂ ਦੇ ਧੰਦੇ ਵਿਚ ਲੱਗੇ ਰਸੂਖਵਾਨਾਂ 'ਤੇ ਸ਼ਿਕੰਜਾ ਕਸ ਰਹੇ ਹਨ। ਐਸਟੀਐਫ ਚੀਫ਼ ਨੂੰ ਮਜੀਠੀਆ ਵਿਰੁੱਧ ਰਿਪੋਰਟ ਦੇਣ ਤੋਂ ਬਾਅਦ ਕਮਜ਼ੋਰ ਕੀਤਾ ਗਿਆ ਹੈ ਤੇ ਉਨਾਂ ਦੀ ਤਾਕਤ ਘਟਾ ਦਿੱਤੀ ਗਈ ਹੈ। ਜੇਕਰ ਇਸ ਅਤਿ ਸੰਵੇਦਨਸ਼ੀਲ ਮਸਲੇ ਦੇ ਹੱਲ ਲਈ ਬਜਟ ਵਿਚ ਤਜਵੀਜ਼ ਫ਼ੰਡ 'ਤੇ ਨਜ਼ਰ ਮਾਰੀ ਜਾਵੇ ਤਾਂ ਪੰਜਾਬ ਸਰਕਾਰਾਂ ਦੇ ਪਿਛਲੇ ਲੰਮੇ ਸਮੇਂ ਤੋਂ ਨਸ਼ਾ ਮੁਕਤੀ ਤੇ ਮੁੜ ਵਸੇਬੇ ਦੇ ਸਾਰੇ ਦਾਅਵੇ ਹਵਾ ਹੁੰਦੇ ਨਜ਼ਰ ਆਉਂਦੇ ਹਨ। ਸਾਲ 2013-2014 ਤੋਂ 2017-2018 ਤੱਕ ਜਿੱਥੇ ਬਜਟ ਵਿਚ 326.11 ਕਰੋੜ ਦੀ ਵੰਡ ਕੀਤੀ ਗਈ ਸੀ, ਉੱਥੇ ਹੀ ਇਸ ਵਿਚ ਮਹਿਜ਼ 161.17 ਕਰੋੜ ਇਸ ਮੰਤਵ ਵਾਸਤੇ ਖ਼ਰਚ ਕੀਤੇ ਗਏ ਜੋ ਬਜਟ ਵੰਡ ਦਾ ਸਿਰਫ਼ 49 ਪ੍ਰਤੀਸ਼ਤ ਬਣਦਾ ਹੈ। ਇਸ ਤੋਂ ਵੱਧ ਹੈਰਾਨੀ ਇਸ ਗੱਲ਼ ਦੀ ਹੈ ਕਿ ਸਰਕਾਰ ਵੱਲੋਂ ਸਾਲ 2017-2018 ਵਾਸਤੇ ਇਸ ਮਕਸਦ ਲਈ ਸਿਰਫ਼ 6 ਕਰੋੜ ਰੁਪਏ ਰੱਖੇ ਸਨ। ਅੰਕੜੇ ਦਰਸਾ ਰਹੇ ਹਨ ਕਿ ਮੌਜੂਦਾ ਕਾਂਗਰਸ ਸਰਕਾਰ ਵੱਲੋਂ ਨਸ਼ੇ ਦੀ ਰੋਕਰਾਮ ਸਬੰਧੀ ਕੀਤੇ ਜਾ ਰਹੇ ਕਾਰਜ ਪਿਛਲੀ ਅਕਾਲੀ ਸਰਕਾਰ ਨਾਲੋਂ ਕਿਸੇ ਪ੍ਰਕਾਰ ਵੀ ਅਲੱਗ ਨਹੀਂ ਹਨ। ਭਾਵੇਂ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਹੱਥਾਂ ਵਿਚ ਗੁਟਕਾ ਸਾਹਿਬ ਫੜ ਕੇ ਸਹੁੰ ਖਾਧੀ ਸੀ ਕਿ ਉਹ 4 ਹਫ਼ਤਿਆਂ ਵਿਚ ਸਾਰਾ ਨਸ਼ਾ ਖ਼ਤਮ ਕਰ ਦੇਣਗੇ ਪਰ ਸਰਕਾਰ ਬਣਨ ਤੋਂ ਬਾਅਦ ਉਹ ਆਪਣੇ ਵਾਅਦੇ ਤੋਂ ਮੁੱਕਰਦੇ ਨਜ਼ਰ ਆ ਰਹੇ ਹਨ। ਪੰਜਾਬ ਦੇ ਮੌਜੂਦਾ ਹਾਲਾਤ ਉਤੇ ਇਹ ਵਿਸ਼ਵ ਪ੍ਰਸਿੱਧ ਕਹਾਵਤ ਪੂਰੀ ਤਰਾਂ ਢੁਕਦੀ ਹੈ ਕਿ, "ਰੋਮ ਸੜ ਰਿਹਾ ਹੈ, ਨੀਰੋ ਬੰਸਰੀ ਵਜਾ ਰਿਹਾ ਹੈ।

## ਪੰਜਾਬ ਦੀ ਕਥਿਤ ਸਿਆਸੀ ਬਦਲਾਖੋਰੀ ਬਣ ਰਹੀ ਹੈ ਅਮਰੀਕਾ 'ਚ ਸ਼ਰਣ ਲੈਣ ਦਾ ਆਧਾਰ

(ਸਫਾ ਇੱਕ ਦੀ ਬਾਕੀ)

ਪਹਿਲੇ ਇਕ ਸਾਲ 'ਚ ਅਮਰੀਕਾ 'ਚ ਸ਼ਰਣ ਲੈਣ ਵਾਲਿਆਂ ਦੀ ਗਿਣਤੀ 52 ਸੀ ਜੋ ਵਧ ਕੇ 101 ਤੇ ਹੁਣ 340 ਹੋ ਗਈ ਹੈ।

ਉਨ੍ਹਾਂ ਦੱਸਿਆ ਕਿ ਏਜੰਟ ਲੋਕਾਂ ਨੂੰ ਵੱਡੇ-ਵੱਡੇ ਸਬਜ਼ਬਾਗ ਦਿਖਾ ਸ਼ਰਨਾਰਥੀ ਦੇ ਤੌਰ 'ਤੇ ਅਮਰੀਕਾ ਭੇਜਣ ਦੇ ਸੁਫਨੇ ਦਿਖਾਉਂਦੇ ਹਨ। ਉਨ੍ਹਾਂ ਦੱਸਿਆ ਕਿ ਏਜੰਟ ਲੋਕਾਂ ਨੂੰ ਪਹਿਲਾਂ ਹੀ ਸਿਖਾ ਕੇ ਤੋਰਦੇ ਹਨ ਕਿ ਭਾਰਤੀ ਦੂਤਾਵਾਸ ਨਾਲ ਕੋਈ ਜਾਣਕਾਰੀ ਸਾਂਝੀ ਨਹੀਂ ਕਰਨੀ ਨਹੀਂ ਤਾਂ ਇਹ ਸਾਬਿਤ ਹੋਵੇਗਾ ਕ ਭਾਰਤ ਸਰਕਾਰ ਉਨ੍ਹਾਂ ਦੀ ਮਦਦ ਕਰ ਰਹੀ ਹੈ ਤੇ ਉਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਨਹੀਂ ਮਿਲੇਗੀ।

ਸੁਸ਼ਮਾ ਸਵਰਾਜ ਨੇ ਕਿਹਾ ਕਿ ਅਜਿਹੇ ਹਾਲਾਤਾਂ 'ਚ ਭਾਰਤ ਸਰਕਾਰ ਕੋਸ਼ਿਸ਼ ਕਰਕੇ ਵੀ ਉਨ੍ਹਾਂ ਦੀ ਮਦਦ ਨਹੀਂ ਕਰ ਪਾ ਰਹੀ। ਵਿਦੇਸ਼ ਮੰਤਰੀ ਨੇ ਕਿਹਾ ਕਿ ਮਨੁੱਖੀ ਤਸਕਰੀ ਰੋਕਣ ਲਈ ਵਿਦੇਸ਼ ਭੇਜਣ ਵਾਲੇ ਫਰਜ਼ੀ ਏਜੰਟਾਂ 'ਤੇ ਨਕੇਲ ਕੱਸਣੀ ਬਹੁਤ ਜ਼ਰੂਰੀ ਹੋ ਗਈ ਹੈ।

ਉਨ੍ਹਾਂ ਦੱਸਿਆ ਕਿ 26 ਮਈ, 2014 ਤੋਂ 31 ਦਸੰਬਰ, 2017 ਤੱਕ ਵਿਦੇਸ਼ਾਂ 'ਚ ਫਸੇ ਇੱਕ 1 ਲੱਖ, 66 ਹਜ਼ਾਰ, 366 ਲੋਕ ਵਾਪਸ ਲਿਆਂਦੇ ਗਏ। ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ ਨੂੰ ਬੰਦ ਕਰਨ ਲਈ ਜ਼ਰੂਰੀ ਹੈ ਫਰਜ਼ੀ ਏਜੰਟਾਂ ਦਾ ਗੋਰਖਧੰਦਾ ਬੰਦ ਕੀਤਾ ਜਾਵੇ।

## ਪਾਕਿ 'ਚ ਇਮਰਾਨ ਦੀ ਪਾਰਟੀ ਦਾ ਗੁਰਸਿੱਖ ਆਗੂ ਬਣਿਆ ਵਿਧਾਇਕ

(ਸਫਾ ਇੱਕ ਦੀ ਬਾਕੀ)

ਪੰਜਾ ਸਾਹਿਬ, ਡੇਹਰਾ ਸਾਹਿਬ, ਪੇਸ਼ਾਵਰ ਤੇ ਸੁਵਾਤ ਵਿੱਚ ਖੁਸ਼ੀ ਦੀ ਲਹਿਰ ਹੈ। ਮਹਿੰਦਰ ਪਾਲ ਸਿੰਘ ਮੁਲਤਾਨ ਸ਼ਹਿਰ ਵਿੱਚ ਰਹਿੰਦਾ ਹੈ ਤੇ ਕੱਪੜੇ ਦਾ ਕਾਰੋਬਾਰ ਕਰਦਾ ਹੈ। ਉਸ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਐਮ.ਬੀ.ਏ. ਦੀ ਪੜ੍ਹਾਈ ਵੀ ਕੀਤੀ ਹੋਈ ਹੈ। ਮਹਿੰਦਰ ਦੇ ਪਿਤਾ ਗਿਆਨੀ ਰਵੇਲ ਸਿੰਘ ਨਨਕਾਣਾ ਸਾਹਿਬ ਵਿਖੇ ਹੈੱਡ ਗ੍ਰੰਥੀ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਮਹਿੰਦਰ ਆਪਣੇ ਸੱਤ ਭੈਣ ਭਰਾਵਾਂ ਵਿੱਚੋਂ ਸਭ ਤੋਂ ਛੋਟਾ ਹੈ। ਨਵੇਂ ਚੁਣੇ ਗੁਰਸਿੱਖ ਵਿਧਾਇਕ ਨੇ ਕਿਹਾ ਪਾਕਿਸਤਾਨ ਵਿੱਚ ਚੜ੍ਹਦੀ ਕਲਾ ਬਰਕਰਾਰ ਰੱਖਣ ਲਈ ਗੁਰਸਿੱਖ ਹੋਣਾ ਪਵੇਗਾ। ਮਹਿੰਦਰ ਸਿੰਘ ਦਾ ਪਰਿਵਾਰ ਵੀ ਅੰਮ੍ਰਿਤਧਾਰੀ ਹੋਣ ਕਰਕੇ ਪੂਰੇ ਗੁਆਂਢੀ ਮੁਲਕ ਵਿੱਚ ਜਾਣਿਆ ਜਾਂਦਾ ਹੈ। ਮਹਿੰਦਰ ਸਿੰਘ ਨੇ ਕਿਹਾ ਕਿ ਉਹ ਛੇਤੀ ਹੀ ਸ੍ਰੀ ਦਰਬਾਰ ਸਾਹਿਬ ਆ ਕੇ ਵਾਹਿਗੁਰੂ ਦਾ ਸ਼ੁਕਰਾਨਾ ਕਰਨਗੇ। ਜ਼ਿਕਰਯੋਗ ਹੈ ਕਿ ਪਾਕਿਸਤਾਨ ਦੀਆਂ ਚੋਣਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਸ਼ਾਹਿਦ ਖ਼ਕਾਨ ਅੱਬਾਸੀ ਤੇ ਨਵਾਜ਼ ਸ਼ਰੀਫ ਦੇ ਭਰਾ ਸ਼ਾਹਬਾਜ਼ ਸ਼ਰੀਫ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਪਾਕਿਸਤਾਨ ਵਿੱਚ ਇਸ ਵਾਰ ਕਾਫੀ ਨਵੇਂ ਤੇ ਨੌਜਵਾਨ ਲੀਡਰ ਚੁਣੇ ਗਏ ਹਨ।

## ਪੰਜਾਬ 'ਚ ਹਰ ਸਾਲ 2000 ਕਰੋੜ ਦਾ ਹੁੰਦੈ ਨਸ਼ਿਆਂ ਦਾ ਕਾਰੋਬਾਰ

(ਸਫਾ ਇੱਕ ਦੀ ਬਾਕੀ) ਨਸ਼ੇ ਦਾ ਕਾਰੋਬਾਰ ਬਾ-ਦਸਤੂਰ ਜਾਰੀ ਰਿਹਾ। ਇਸ ਦੌਰਾਨ ਪਿਛਲੇ ਤਿੰਨ ਮਹੀਨਿਆਂ 'ਚ ਜਦ 70 ਤੋਂ ਜ਼ਿਆਦਾ ਮੌਤਾਂ ਪੰਜਾਬ 'ਚ ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਸਨ ਤਾਂ ਕਾਂਗਰਸ ਸਰਕਾਰ ਪੂਰੀ ਤਰ੍ਹਾਂ ਜਨਤਾ ਦੇ ਕਟਹਿਰੇ 'ਚ ਖੜ੍ਹੀ ਨਜ਼ਰ ਆਈ। ਮੁੱਖ ਮੰਤਰੀ ਤੋਂ ਲੈ ਕੇ ਪੁਲਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਪੰਜਾਬ 'ਚ ਨਸ਼ਾ ਸਪਲਾਈ ਨਹੀਂ ਹੋ ਰਿਹਾ ਹੈ ਤੇ ਨਸ਼ਾ ਮਾਫੀਆ ਦੀ ਸਪਲਾਈ ਲਾਈਨ ਨੂੰ ਤੋੜ ਦਿੱਤਾ ਗਿਆ ਹੈ ਪਰ ਦੂਜੇ ਪਾਸੇ ਅੰਕੜੇ ਕੁਝ ਹੋਰ ਕਹਿੰਦੇ ਹਨ। ਪਿਛਲੇ 15 ਮਹੀਨੇ 'ਚ ਸੂਬੇ ਭਰ ਤੋਂ ਪੁਲਸ ਨੇ 337 ਕਿਲੋਗ੍ਰਾਮ ਹੈਰੋਇਨ ਫੜੀ ਹੈ ਜਿਸ ਦੀ ਕੌਮਾਂਤਰੀ ਕੀਮਤ 1885 ਕਰੋੜ ਰੁਪਏ ਹੈ ਪਰ ਸਰਕਾਰ ਦੇ ਸਪਲਾਈ ਲਾਈਨ ਤੋੜਨ ਦੇ ਦਾਅਵੇ 'ਤੇ ਯਕੀਨ ਕਰ ਲਿਆ ਜਾਵੇ ਤਾਂ ਫਿਰ ਇੰਨੀ ਵੱਡੀ ਮਾਤਰਾ 'ਚ ਹੈਰੋਇਨ ਕਿੱਥੋਂ ਤੇ ਕਿਵੇਂ ਆਈ। ਇਸ ਦੇ ਇਲਾਵਾ ਪਿਛਲੇ 15 ਮਹੀਨੇ 'ਚ ਪੁਲਸ ਨੇ ਮਾਤਰਾ 'ਚ 14.336 ਕਿਲੋਗ੍ਰਾਮ ਸਮੈਕ, 116.603 ਕਿਲੋਗ੍ਰਾਮ ਚਰਸ, 1040.531 ਕਿਲੋਗ੍ਰਾਮ ਅਫੀਮ, 50588 ਕਿਲੋਗ੍ਰਾਮ ਭੁੱਕੀ, ਨਸ਼ੇ ਵਾਲੇ ਟੀਕੇ ਤੇ 4810540 ਨਸ਼ੇ ਵਾਲੀਆਂ ਗੋਲੀਆਂ ਜ਼ਬਤ ਕੀਤੀਆਂ ਹਨ ਕਿਉਂਕਿ ਸੂਬੇ ਭਰ 'ਚ ਨਸ਼ਾ ਮਾਫੀਆ ਨਾਲ ਖਾਕੀ ਵਰਦੀ ਦਾ ਗੱਠਜੋੜ ਪਾਇਆ ਗਿਆ ਹੈ। ਇਸ ਲਈ ਨਸ਼ਾ ਸਮੱਗਲਰਾਂ ਤੇ ਨਸ਼ਿਆਂ 'ਤੇ ਲਗਾਮ ਲਗਾਉਣਾ ਸਰਕਾਰ ਲਈ ਸੌਖਾ ਸਾਬਿਤ ਨਹੀਂ ਹੋਣ ਵਾਲਾ। ਇਕ ਪਾਸੇ ਜੇਕਰ ਸਰਕਾਰ ਗੰਭੀਰਤਾ ਨਾਲ ਖਾਕੀ ਵਰਦੀ 'ਤੇ ਕਾਰਵਾਈ ਕਰਦੀ ਹੈ। ਅਜਿਹੇ ਵਿਚ ਸਰਕਾਰ ਨੂੰ ਪੁਲਸ ਫੋਰਸ ਵਿਚ ਬਗਾਵਤ ਹੋਣ ਦਾ ਡਰ ਸਤਾਏਗਾ ਤਾਂ ਹੀ ਹੇਠਲੇ ਪੱਧਰ 'ਤੇ ਖਾਕੀ ਵਰਦੀ 'ਤੇ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਨਸ਼ੇ ਦਾ ਮੁੱਦਾ ਸੂਬੇ ਵਿਚ ਇੰਨਾ ਹਾਵੀ ਹੋ ਚੁੱਕਾ ਹੈ ਕਿ ਮੁੱਖ ਮੰਤਰੀ ਅਤੇ ਡੀ. ਜੀ. ਪੀ. ਨੂੰ ਖੁਦ ਆ ਕੇ ਇਸ ਮਾਮਲੇ ਦੀ ਸਫਾਈ ਦੇਣੀ ਪੈ ਰਹੀ ਹੈ ਕਿਉਂਕਿ ਲੋਕ ਸਭਾ ਚੋਣਾਂ ਸਿਰ 'ਤੇ ਹਨ, ਇਸ ਲਈ ਪੀ. ਐੱਮ. ਨੇ ਖੁਦ ਇਸ ਮਾਮਲੇ ਦੀ ਕਮਾਨ ਸੰਭਾਲ ਲਈ ਹੈ ਅਤੇ ਹਰ ਹਫਤੇ ਪੁਲਸ ਕੋਲੋਂ ਨਸ਼ੇ ਦੇ ਮਾਮਲੇ ਵਿਚ ਫੀਡਬੈਕ ਲਿਆ ਜਾ ਰਿਹਾ ਹੈ।

## ਜਾਗਦੀ ਜ਼ਮੀਰ

ਜਾਗਦੀ ਜ਼ਮੀਰ ਇੱਕ ਵਿਸ਼ੇਸ਼ ਪ੍ਰਾਪਤੀ ਹੁੰਦੀ ਏ।ਿ ਜਸਦੀ ਜ਼ਮੀਰ ਜਾਗਦੀ ਹੋਵੇ ਉਸਨੂੰ ਕੋਈ ਡਰ ਨਹੀਂ ਹੁੰਦਾ, ਕੋਈ ਲਾਲਚ ਨਹੀਂ ਹੁੰਦਾ। ਉਹਿ ਕਸੇ ਅੱਗੇ ਝੁਕਦਾ ਨਹੀਂ , ਉਹਿ ਵਕਦਾ ਨਹੀ।

ਹਮੇਸ਼ਾ ਸੱਚ ਦਾ ਪੱਲਾ ਫੜੀ ਰੱਖਦਾ ਹੈ ਤੇ ਸਭ ਤੋਂ ਅਹਿਮ ਗੱਲਿ ਕ ਜਾਗਦੀ ਜ਼ਮੀਰ ਵਾਲਾ ਸਾਡੇ ਸਿਸਟਮਿ ਵੱਚ ਬਹੁਤੀ ਦੇਰ ਜਿਉਂਦਾ ਨਹੀਂ ਰਹਿੰਦਾ।

ਅੱਜ ਹਰਿ ਕਸੇ ਨੂੰ ਆਪਣੀ ਜ਼ਮੀਰ ਜਾਗਦੀ ਹੋਣ ਦਾ ਭਰਮ ਹੈਿ ਜਵੇ ਸ਼ੀਸ਼ੇ ਅੱਗੇ ਖੜੇ ਹਰਿ ?ਨਸਾਨ ਨੂੰ ਆਪਣੇ ਤੋਂ ਸੋਹਣਾ ਕੋਈ ਨਹੀਂ ਲੱਗਦਾ,ਿ ?ਸੇ ਤਰਾਂ ਹੁਣ ਹਰਿ ਕਸੇ ਨੂੰ ਦੂਜਾ ਬੰਦਾ ਮਰੀ ਜ਼ਮੀਰ ਵਾਲਾ ਲਗਦਾ ਹੈ ਤੇ ਆਪ ਜਾਗਦੀ ਜ਼ਮੀਰ ਦਾ ਵਹਿਮ ਪਾਲ਼ ਬੈਠਾ ਹੋਵੇ। ਹਰ ਪਾਰਟੀ ਦੇ ਮੈਂਬਰ ਨੂੰ ਲਗਦਾਿ ਕ ਸਾਡੀ ਜ਼ਮੀਰ ਹੀ ਜਾਗਦੀ ਹੈ ਬਾਕੀ ਤਾ ਸਭ ਮੁਰਦੇ ਹੀ ਤੁਰੇਿ ਫਰਦੇ ਨੇ।



ਯਾਦ ਰਹੇ ਜਾਗਦੀ ਜ਼ਮੀਰ ਵਾਲ਼ਾਿ ਕਸੇ ਦੀ ਚਮਚਾਗਿਰੀ ,ਚਾਪਲੂਸੀ ਨਹੀਂ ਕਰਦਾ ਪਰ ਹਰ ਪਾਰਟੀ ਦੇ ਮੈਂਬਰਿ ਕਸੇ ਨਾਿ ਕਸੇ ਦੀ ਚਮਚੀ ਮਾਰਦੇ ਜ਼ਰੂਰ ਨੇ।

ਹਰ ਪਾਰਟੀ ਦਾ ਵੱਡੇ ਤੋਂ ਵੱਡਾ ਨੇਤਾ ਵੀ ਜਾਗਦੀ ਜ਼ਮੀਰ ਵਾਲਾ ਨਹੀਂ ਹੋ ਸਕਦਾਿ ਕਉਿਕ ਉਸਨੂੰ ਵੀ ਰਾਜ-ਭਾਗ ਦਾ ਲਾਲਚ ਹੁੰਦਾ ਹੈ, ਉਹ ਵੀਿ ਕਸੇ ਨਾਿ ਕਸੇ ਦਾ ਕੌਲੀ ਚੱਟ ਹੁੰਦਾ ਹੈ ਜਾਿ ਰਹਾ ਹੁੰਦਾ ਹੈ। ਜਾਗਦੀ ਜ਼ਮੀਰ ਵਾਲਾਿ ਕਸੇ ਦਾ ਨੁਕਸਾਨ ਨਹੀਂ ਕਰਦਾ ਜਦੋਂਿ ਕ ਪਾਰਟੀਆਿ ਵੱਚ ਉੱਪਰ ਜਾਣ ਲਈਿ ਕਸੇ ਨਾਿ ਕਸੇ ਦਾ ਨੁਕਸਾਨ ਕਰਕੇ ਹੀ ਅੱਗੇ ਜਾਇਆ ਜਾਂਦਾ ਹੈ।

ਜਾਗਦੀ ਜ਼ਮੀਰ ਪਰਮਾਤਮਾ ਦਾਿ ?ੱਕ ਪਿਆਰਾ ਤੋਹਫ਼ਾ ਹੈ ਜੋਿ ਵਰਲੇ-ਟਾਂਵੇ ਨੂੰ ਹੀ ਨਸੀਬ ਹੁੰਦਾ ਹੈ ਤੇ ਲੋਕਿ ?ਨੇ ਕੋਰੇ ਬੰਦੇ ਨੂੰ ਬਰਦਾਸ਼ਤ ਨਹੀਂ ਕਰਦੇ, ਮਾਰ ਦਿੰਦੇ ਨੇ, ਮਰਵਾ ਦਿੰਦੇ ਨੇ ,ਖਪਾ ਦਿੰਦੇ ਨੇ।

ਸੋਿ ਜੱਥੇ ਹੋ ਉੱਥੇ ਹੀ ਖੁਸ਼ ਰਹੋ।

**ਪ੍ਰੀਤ ਚੌਹਾਨ**
**+1 (201) 312-4180**

**ਸੂਚਨਾ ਮਿਲਣ ਤੇ ਕੁਝ ਹੀ ਦੇਰ ਵਿੱਚ ਥਾਣਾ ਸੁਖੇਰ ਪੁਲੀਸ ਘਟਨਾ ਸਥਾਨ ‘ਤੇ ਆ ਗਈ ਸੀ। ਫ਼ਲੈਟ ਅਤੇ ਲਾਸ਼ ਦੇ ਨਿਰੀਖਣ ਤੋਂ ਸਾਫ਼ ਲੱਗ ਰਿਹਾ ਸੀ ਕਿ ਮ੍ਰਿਤਕਾ ਨੇ ਆਖਰੀ ਦਮ ਤੱਕ ਸੰਘਰਸ਼ ਕੀਤਾ ਸੀ। ਹੱਤਿਆ ਕਿਸੇ ਨੋਕੀਲੀ ਚੀਜ਼ ਤੋਂ ਇਲਾਵਾ ਸਿਰ ਨੂੰ ਦੀਵਾਰ ਨਾਲ ਪਟਕ ਕੇ ਕੀਤੀ ਗਈ ਸੀ। ਫ਼ਲੈਟ ਦੀ ਸਥਿਤੀ ਤੋਂ ਸਾਫ਼ ਲੱਗ ਰਿਹਾ ਸੀ ਕਿ ਲੁੱਟਮਾਰ ਵਰਗਾ ਕੁਝ ਨਹੀਂ ਸੀ। ਰਸੋਈ ਵਿੱਚ ਗੈਸ ਚੁੱਲ੍ਹੇ ‘ਤੇ ਦੁੱਧ ਰੱਖਿਆ ਸੀ। ਘਰ ਵਿੱਚ ਰੁਚਿਤਾ ਦੇ ਮੋਬਾਇਲ ਦੀ ਫ਼ੋਨ ਕੀਤੀ ਗਈ ਪਰ ਉਹ ਨਾਂ ਮਿਲਿਆ। ਹੁਣ ਤੱਕ ਇਹ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਰੁਚਿਤਾ ਦੀ ਹੱਤਿਆ ਕਿਉਂ ਕੀਤੀ ਗਈ ਸੀ ? ਫ਼ਲੈਟ ਵਿੱਚ ਨਾ ਤਾਂ ਚੋਰੀ ਹੋਈ ਅਤੇ ਨਾ ਹੀ ਕੋਈ ਦੂਜੀ ਅਜਿਹੀ ਗੱਲ ਸਾਹਮਣੇ ਆਈ, ਜਿਸ ਤੋਂ ਹੱਤਿਆ ਦਾ ਪਤਾ ਲੱਗਦਾ।**

# ਜਿਸਮ ਦੀ ਚਾਹਤ



1 ਦਸੰਬਰ ਦੀ ਸਵੇਰੇ 11 ਵਜੇ ਦੇ ਕਰੀਬ ਕ੍ਰਿਸ਼ਨਾ ਵੱਲਭ ਗੁਪਤਾ ਲਿਫ਼ਟ ਤੋਂ7ਵੀਂ ਮੰਜ਼ਿਲ ਤੇ ਸਥਿਤ ਆਪਣੇ ਫ਼ਲੈਟ ਨੰਬਰ 702 ‘ਤੇ ਪਹੁੰਚੇ ਤਾਂ ਉਹਨਾਂ ਨੂੰ ਫ਼ਲੈਟ ਦੇ ਦਰਵਾਜ਼ੇ ਦੀ ਸਿਟਕਣੀ ਬਾਹਰ ਤੋਂ ਬੰਦ ਮਿਲੀ। ਉਸਨੂੰ ਲੱਗਿਆ ਕਿ ਰੁਚਿਕਾ ਕਿਸੇ ਕੰਮ ਉਪਰ ਵਾਲੇ ਫ਼ਲੈਟ ਵਿੱਚ ਗਈ ਹੋਵੇਗੀ। ਇਯ ਕਰਕੇ ਬਾਹਰ ਤੋਂ ਸਿਟਕਣੀ ਬੰਦ ਹੈ। ਸਿਟਕਣੀ ਖੋਲ੍ਹ ਕੇ ਉਹ ਅੰਦਰ ਪਹੁੰਚੇ ਤਾਂ ਬੱਚਿਆਂ ਦੇ ਬੈਡਰੂਮ ਦੇ ਸਾਹਮਣੇ ਉਹਨਾਂ ਨੂੰ ਕਈ ਥਾਵਾਂ ਤੇ ਖ਼ੂਨ ਦੇ ਨਿਸ਼ਾਨ ਦਿਖਾਈ ਦਿੱਤੇ। ਉਹਨਾਂ ਨੂੰ ਲੱਗਿਆ ਕਿ ਰੁਚਿਤਾ ਦੇ ਹੱਥ ਜਾਂ ਪੈਰ ਤੇ ਕੁਝ ਲੱਗ ਗਿਆ ਹੋਵੇਗਾ, ਉਸੇ ਦੇ ਖ਼ੂਨ ਦੇ ਨਿਸ਼ਾਨ ਹਨ। ਉਹਨਾਂ ਨੇ ਰੁਚਿਤਾ ਨੂੰ ਆਵਾਜ਼ ਦਿੱਤੀ, ਰੁਚੀ ਕਿੱਥੇ ਹੋ ? ਰੁਚਿਤਾ ਨਾ ਬੋਲੀ ਤਾਂ ਕ੍ਰਿਸ਼ਨ ਵੱਲਭ ਉਪਰ ਵਾਲੇ ਫ਼ਲੈਟ ਵਿੱਚ ਉਸਨੂੰ ਦੇਖਣ ਗਏ। ਉਥੇ ਉਹ ਵੀ ਨਹੀਂ ਮਿਲੀ ਤਾਂ ਉਹਨਾਂ ਨੂੰ ਸ਼ੰਕਾ ਹੋਇਆ। ਆਪਣੇ ਫ਼ਲੈਟ ਵਿੱਚ ਆ ਕੇ ਉਹਨਾਂ ਨੇ ਕਮਰਿਆਂ ਵਿੱਚ ਹੀ ਨਹੀਂ, ਬਾਥਰੂਮ, ਟਾਇਲਟ ਵਿੱਚ ਦੇਖਿਆ ਪਰ ਰੁਚਿਤਾ ਕਿਤੇ ਨਾ ਮਿਲੀ। ਇਸ ਤਲਾਸ਼ ਵਿੱਚ ਉਹਨਾਂ ਨੂੰ ਫ਼ਲੈਟ ਦੇ ਕੁਝ ਹੋਰ ਕਮਰਿਆਂ ਤੇ ਵੀ ਖ਼ੂਨ ਦੇ ਨਿਸ਼ਾਨ ਨਜ਼ਰ ਆਏ। ਇਸ ਤੋਂ ਬਾਅਦ ਉਹਨਾਂ ਨੇ ਰੁਚਿਤਾ ਦੇ ਮੋਬਾਇਲ ਤੇ ਫ਼ੋਨ ਕੀਤਾ। ਫ਼ੋਨ ਦੀ ਘੰਟੀ ਤਾਂ ਪੂਰੀ ਵੱਜੀ, ਪਰ ਫ਼ੋਨ ਰਿਸੀਵ ਨਾ ਹੋਇਆ। ਕ੍ਰਿਸ਼ਨਾ ਵੱਲਭ ਥੋੜ੍ਹਾ ਪ੍ਰੇਸ਼ਾਨ ਹੋਇਆ, ਉਸਨੇ ਹੇਠਾਂ ਦੇ ਅਪਾਰਟਮੈਂਟ ਦੇ ਸੁਰੱਖਿਆ ਗਾਰਡ ਪ੍ਰੇਮ ਬਹਾਦਰ ਨੂੰ ਫ਼ੋਨ ਕਰਕੇ ਰੁਚਿਤਾ ਦੇ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਮੈਡਮ ਤਾਂ ਹੇਠਾਂ ਆਈ ਨਹੀਂ ਅਤੇ ਨਾ ਹੀ ਅਪਾਰਟਮੈਂਟ ਤੋਂ ਬਾਹਰ ਗਈ ਹੈ। ਇਸ ਤੋਂ ਬਾਅਦ ਉਹਨਾਂ ਨੇ ਉਸ ਫ਼ਲੈਟ ਵਿੱਚ ਖ਼ੂਨ ਦੇ ਨਿਸ਼ਾਨ ਮਿਲਣ ਦੀ ਗੱਲ ਕਹਿ ਕੇ ਉਪਰ ਬੁਲਾ ਲਿਆ।

ਉਹ ਉਪਰ ਪਹੁੰਚਿਆ ਤਾਂ ਖ਼ੂਨ ਦੇ ਨਿਸ਼ਾਨ ਦੇਖ ਕੇ ਉਹ ਵੀ ਹੈਰਾਨ ਹੋਇਆ, ਇਕ ਵਾਰ ਫ਼ਿਰ ਕ੍ਰਿਸ਼ਨਾ ਵੱਲਭ ਨੇ ਗਾਰਡ ਦੇ ਨਾਲ ਰੁਚਿਤਾ ਦੀ ਤਲਾਸ਼ ਆਰੰਭ ਕੀਤੀ। ਗਾਰਡ ਪ੍ਰੇਮ ਬਹਾਦਰ ਨੇ ਫ਼ਲੈਟ ਦੇ ਸਟੋਰ ਰੂਮ ਦਾ ਦਰਵਾਜ਼ਾ ਖੋਲ੍ਹਿਆ ਤਾਂ ਹੇਠਾਂ ਫ਼ਰਸ਼ ‘ਤੇ ਸਾਹਮਣੇ ਹੀ ਰੁਚਿਤਾ ਦੀ ਲਾਸ਼ ਦਿਖਾਈ ਦਿੱਤੀ। ਉਸ ਦੇ ਆਸ ਪਾਸ ਖ਼ੂਨ ਫ਼ੈਲਿਆ ਸੀ। ਲਾਸ਼ ਦੇਖ ਕੇ ਪ੍ਰੇਮ ਬਹਾਦਰ ਚੀਖ ਪਿਆ। ਕ੍ਰਿਸ਼ਨਾ ਵੱਲਭ ਭੱਜ ਕੇ ਉਸ ਦੇ ਕੋਲ ਆਇਆ ਅਤੇ ਰੁਚਿਤਾ ਦੀ ਨਬਜ਼ ਲੱਭ ਕੇ ਦੇਖਿਆ ਉਹ ਸ਼ਾਂਤ ਸੀ। ਪਤਨੀ ਦੀ ਮੌਤ ਦੇ ਬਾਰੇ ਜਾਣ ਕੇ ਉਹ ਜ਼ੋਰ ਦੀ ਚੀਖਿਆ। ਉਸ ਦੇ ਚੀਖਣ ਦੀ ਆਵਾਜ਼ ਸੁਣ ਕੇ ਪੜੋਸੀ ਆ ਗਏ। ਇਹ ਘਟਨਾ ਉਦੈਪੁਰ ਸ਼ਹਿਰ ਦੇ ਨਿਊ ਭੋਪਾਲਪੁਰਾ ਦੇ ਲਕਸ਼ਮਣ ਵਾਟਿਕਾ ਦੇ ਕੋਲ ਬਣੇ ਆਰਬਿਟ 1 ਅਪਾਰਟਮੈਂਟ ਦੀ ਹੈ। ਕ੍ਰਿਸ਼ਨਾ ਵੱਲਭ ਗੁਪਤਾ ਇਸ ਬਹੁ–ਮੰਜ਼ਿਲਾ ਅਪਾਰਟਮੈਂਟ ਵਿੱਚ 7ਵੀਂ ਮੰਜ਼ਿਲ ‘ਤੇ ਬਣੇ ਫ਼ਲੈਟ ਵਿੱਚ ਪਤਨੀ ਰੁਚਿਤਾ, 0 ਸਾਲ ਦੀ ਬੇਟੀ ਅਵਿਸ਼ੀ ਅਤੇ 8 ਸਾਲ ਦੇ ਬੇਟੇ ਅਰਨਵ ਦੇ ਨਾਲ ਰਹਿੰਦੇ ਸਨ। ਦਿਨ ਦਿਹਾੜੇ ਫ਼ਲੈਟ ਵਿੱਚ ਔਰਤ ਦੀ ਹੱਤਿਆ ਹੋਣ ਕਾਰਨ ਪੂਰੇ ਅਪਾਰਟਮੈਂਟ ਵਿੱਚ ਸਨਸਨੀ ਫ਼ੈਲ ਗਈ ਸੀ।

ਸੂਚਨਾ ਮਿਲਣ ਤੇ ਕੁਝ ਹੀ ਦੇਰ ਵਿੱਚ ਥਾਣਾ ਸੁਖੇਰ ਪੁਲੀਸ ਘਟਨਾ ਸਥਾਨ ‘ਤੇ ਆ ਗਈ ਸੀ। ਫ਼ਲੈਟ ਅਤੇ ਲਾਸ਼ ਦੇ ਨਿਰੀਖਣ ਤੋਂ ਸਾਫ਼ ਲੱਗ ਰਿਹਾ ਸੀ ਕਿ ਮ੍ਰਿਤਕਾ ਨੇ ਆਖਰੀ ਦਮ ਤੱਕ ਸੰਘਰਸ਼ ਕੀਤਾ ਸੀ। ਹੱਤਿਆ ਕਿਸੇ ਨੋਕੀਲੀ ਚੀਜ਼ ਤੋਂ ਇਲਾਵਾ ਸਿਰ ਨੂੰ ਦੀਵਾਰ ਨਾਲ ਪਟਕ ਕੇ ਕੀਤੀ ਗਈ ਸੀ। ਫ਼ਲੈਟ ਦੀ ਸਥਿਤੀ ਤੋਂ ਸਾਫ਼ ਲੱਗ ਰਿਹਾ ਸੀ ਕਿ ਲੁੱਟਮਾਰ ਵਰਗਾ ਕੁਝ ਨਹੀਂ ਸੀ। ਰਸੋਈ ਵਿੱਚ ਗੈਸ ਚੁੱਲ੍ਹੇ ‘ਤੇ ਦੁੱਧ ਰੱਖਿਆ ਸੀ। ਘਰ ਵਿੱਚ ਰੁਚਿਤਾ ਦੇ ਮੋਬਾਇਲ ਦੀ ਫ਼ੋਨ ਕੀਤੀ ਗਈ ਪਰ ਉਹ ਨਾਂ ਮਿਲਿਆ। ਹੁਣ ਤੱਕ ਇਹ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਰੁਚਿਤਾ ਦੀ ਹੱਤਿਆ ਕਿਉਂ ਕੀਤੀ ਗਈ ਸੀ ? ਫ਼ਲੈਟ ਵਿੱਚ ਨਾ ਤਾਂ ਚੋਰੀ ਹੋਈ ਅਤੇ ਨਾ ਹੀ ਕੋਈ ਦੂਜੀ ਅਜਿਹੀ ਗੱਲ ਸਾਹਮਣੇ ਆਈ, ਜਿਸ ਤੋਂ ਹੱਤਿਆ ਦਾ ਪਤਾ ਲੱਗਦਾ। ਸੂਚਨਾ ਮਿਲਣ ਤੇ ਉਦੈਪੁਰ ਦੇ ਹੀ ਸੈਕਟਰ 4 ਵਿੱਚ ਰਹਿਣ ਵਾਲੀ ਰੁਚਿਤਾ ਦੀ ਮਾਸੀ ਮੋਨਿਕਾ ਜੈਨ ਅਤੇ ਕੁਝ ਹੋਰ ਰਿਸ਼ਤੇਦਾਰ ਅਤੇ ਵਾਕਫ਼ਕਾਰ ਆ ਗਏ ਸਨ। ਪੁੱਛਗਿੱਛ ਵਿੱਚ ਕ੍ਰਿਸ਼ਨਾ ਵੱਲਭ ਨੇ ਦੱਸਿਆ ਕਿ ਉਹ ਐਲ. ਐਲ. ਬੀ. ਫ਼ਾਈਨਲ ਈਅਰ ਦੀ ਪੜ੍ਹਾਈ ਕਰ ਰਿਹਾ ਸੀ। ਇਯ ਤੋਂ ਇਲਾਵਾ ਉਹ ਸੀ. ਏ. ਵੀ ਕਰ ਰਿਹਾ ਸੀ। ਰੁਚਿਤਾ ਵਕੀਲ ਸੀ ਅਤੇ ਉਦੈਪੁਰ ਬਾਰ ਐਸੋਸੀਏਸ਼ਨ ਦੀ ਮੈਂਬਰ ਵੀ ਸੀ। ਕਦੀ–ਕਦੀ ਉਹ ਕੋਰਟ ਵੀ ਜਾਂਦੀ ਸੀ। ਉਹ ਜੱਜ ਬਣਨਾ ਚਾਹੁੰਦੀ ਸੀ, ਇਯ ਕਰਕੇ ਰਾਜਸਥਾਨ ਨਿਆਂਇਕ ਸੇਵਾ ਪ੍ਰੀਖਿਆ ਦੀ ਤਿਆਰੀ ਕਰ ਰਹੀ ਸੀ। ਇਸ ਦੇ ਲਈ ਉਹ ਸਵੇਰੇ ਕਰੀਬ ਸਾਢੇ 7 ਵਜੇ ਕੋਚਿੰਗ ਜਾਂਦੀ ਸੀ। ਉਸ ਦਿਨ ਵੀ ਉਹ ਸਵੇਰੇ ਆਪਣੇ ਵਕਤ ਤੇ ਕੋਚਿੰਗ ਚਲੀ ਗਈ ਸੀ। ਉਸ ਤੋਂ ਬਾਅਦ ਦੋਵੇਂ ਬੱਚੇ ਸਕੂਲ ਚਲੇ ਗਏ ਸਨ। ਸਾਢੇ 8 ਵਜੇ ਉਹ ਵੀ ਕਾਲਜ ਚਲਾ ਗਿਆ ਸੀ। ਉਦੋਂ ਤੱਕ ਰੁਚਿਤਾ ਕੋਚਿੰਗ ਤੋਂ ਆਈ ਨਹੀਂ ਸੀ। ਅਪਾਰਟਮੈਂਟ ਤੋਂ ਨਿਕਲਦੇ ਵਕਤ ਉਸ ਨੇ ਸੁਰੱਖਿਆ ਗਾਰਡ ਪ੍ਰੇਮ ਬਹਾਦਰ ਨੂੰ ਕਿਹਾ ਸੀ ਕਿ ਦੁੱਧ ਵਾਲਾ ਆਵੇ ਤਾਂ ਮੈਡਮ ਨੂੰ ਕਹਿ ਦੇਣਾ ਕਿ ਦੁੱਧ ਲੈ ਲਵੇਗੀ। 11 ਵਜੇ ਦੇ ਕਰੀਬ ਉਹ ਘਰ ਮੁੜਿਆ ਤਾਂ ਫ਼ਲੈਟ ਦੇ ਦਰਵਾਜ਼ੇ ਦੀ ਬਾਹਰ ਤੋਂ ਸਿਟਕਣੀ ਲੱਗੀ ਸੀ ਅਤੇ ਅੰਦਰ ਸਟੋਰ ਰੂਮ ਵਿੱਚ ਰੁਚਿਤਾ ਦੀ ਲਾਸ਼ ਪਈ ਸੀ। ਕ੍ਰਿਸ਼ਨਾ ਵੱਲਭ ਦੀਆਂ ਗੱਲਾਂ ਤੋਂ ਸਾਫ਼ ਹੋ ਗਿਆ ਸੀ ਕਿ ਰੁਚਿਤਾ ਦੀ ਹੱਤਿਆ ਸਵੇਰੇ ਸਾਢੇ 8 ਤੋਂ 11 ਵਜੇ ਵਿਚਕਾਰ ਹੋਈ ਸੀ। ਪੁਲੀਸ ਨੇ ਪੜੋਸੀਆਂ ਅਤੇ ਸੁਰੱਖਿਆ ਗਾਰਡ ਪ੍ਰੇਮ ਬਹਾਦਰ ਤੋਂ ਵੀ ਪੁੱਛਗਿੱਛ ਕੀਤੀ ਪਰ ਅਜਿਹੀ ਕੋਈ ਗੱਲ ਸਾਹਮਣੇ ਨਾ ਆਈ, ਜਿਸ ਤੋਂ ਹੱਤਿਆ ਜਾਂ ਹਤਿਆਰੇ ਬਾਰੇ ਕੁਝ ਪਤਾ ਲੱਗਦਾ।

ਪੁਲੀਸ ਨੇ ਘਟਨਾ ਸਥਾਨ ਦੀ ਕਾਰਵਾਈ ਕਰਕੇ ਲਾਸ਼ ਨੂੰ ਪੋਸਟ ਮਾਰਟਮ ਦੇ ਲਈ ਭਿਜਵਾਉਣਾ ਚਾਹਿਆ ਤਾ ਰੁਚਿਤਾ ਦੀ ਮਾਸੀ ਮੋਨਿਕਾ ਨੇ ਬੇਨਤੀ ਕੀਤੀ ਕਿ ਰੁਚਿਤਾ ਦੇ ਘਰ ਵਾਲੇ ਅਜਮੇਰ ਤੋਂ ਚੱਲੇ ਹਨ, ਉਹਨਾਂ ਨੂੰ ਆ ਜਾਣ ਦਿਓ, ਉਸ ਤੋਂ ਬਾਅਦ ਲਾਸ਼ ਦਾ ਪੋਸਟ ਮਾਰਟਮ ਕਰਵਾਇਆ ਜਾਵੇ। ਪੁਲੀਸ ਮੰਨ ਗਈ। ਇਸੇ ਵਿਚਕਾਰ ਪੁਲੀਸ ਜਾਂਚ ਕਰਦੀ ਰਹੀ। ਐਸ. ਐਫ਼. ਐਲ. ਟੀਮ ਨੇ ਵੀ ਆ ਕੇ ਸਾਰੇ ਸਬੂਤ ਜੁਟਾ ਲਏ ਸਨ। ਦੁਪਹਿਰੇ ਰੁਚਿਤਾ ਦੇ ਦੋਵੇਂ ਬੱਚੇ ਸਕੂਲ ਤੋਂ ਆਏ ਤਾਂ ਉਹਨਾਂ ਨੂੰ ਕੁਝ ਦੱਸੇ ਬਿਨਾਂ ਮੋਨਿਕਾ ਜੈਨ ਨੇ ਆਪਣੇ ਘਰ ਭਿਜਵਾ ਦਿੱਤਾ। ਸ਼ਾਮ ਨੂੰ ਰੁਚਿਤਾਦੇ ਪਿਤਾ ਦੁਲੀ ਚੰਦ ਜੈਨ ਅਤੇ ਭਰਾ ਵਿਵੇਕ ਉਰਫ਼ ਸੋਨੂੰ ਪਹੁੰਚੇ ਤਾਂ ਲਾਸ਼ ਦੇਖਕੇ ਰੋਣ ਲੱਗੇ।

ਪਿਤਾ ਅਤੇ ਭਰਾ ਨੇ ਰੁਚਿਤਾ ਦੀ ਹੱਤਿਆ ਲਈ ਕ੍ਰਿਸ਼ਨ ਵੱਲਭ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਸ਼ਰਾਬ ਪੀ ਕੇ ਉਹ ਰੁਚਿਤਾ ਦੇ ਨਾਲ ਮਾਰਕੁੱਟ ਕਰਦਾ ਸੀ। ਰੋਜ਼ਾਨਾ ਫ਼ੋਨ ਕਰਕੇ ਉਹ ਪਤੀ ਦੀਆਂ ਹਰਕਤਾਂ ਦੱਸਦੀ ਸੀ। ਰੁਚਿਤਾ ਦੇ ਨਾਂ ਤੇ ਲਏ ਗਏ ਫ਼ਲੈਟ ਅਤੇ ਉਸ ਦੇ ਗਹਿਣੇ ਵੀ ਉਸ ਨੇ ਵੇਚ ਦਿੱਤੇ ਸਨ। ਪਿਤਾ ਅਤੇ ਭਰਾ ਨੇ ਰੁਚਿਤਾ ਦੀ ਹੱਤਿਆ ਦਾ ਕ੍ਰਿਸ਼ਨ ਵੱਲਭ ਗੁਪਤਾ ‘ਤੇ ਦੋਸ਼ ਲਗਾਉਂਦੇ ਹੋਏ ਉਸ ਦੇ ਖਿਲਾਫ਼ ਹੱਤਿਆ ਦਾ ਮੁਕੱਦਮਾ ਦਰਜ ਕਰਨ ਲਈ ਤਹਿਰੀਰ ਵੀ ਦੇ ਦਿੱਤੀ ਸੀ। ਰੁਚਿਤਾ ਦੇ ਪਿਤਾ ਅਤੇ ਭਰਾ ਦੁਆਰਾ ਦਿੱਤੀ ਗਈ ਤਹਿਰੀਰ ਨੂੰ ਮੁਕੱਦਮਾ ਦਰਜ ਕਰਨ ਥਾਣੇ ਭੇਜ ਦਿੱਤਾ। ਇਸ ਤੋਂ ਬਾਅਦ ਬਾਕੀ ਦੀ ਕਾਰਵਾਈ ਕਰਕੇ ਲਾਸ਼ ਪੋਸਟ ਮਾਰਟਮ ਲਈ ਭੇਜ ਦਿੱਤੀ। ਪੁਲੀਸ ਕ੍ਰਿਸ਼ਨ ਵੱਲਭ ਨੂੰ ਥਾਣੇ ਲੈ ਆਈ। ਥਾਣੇ ਵਿੱਚ ਪੁੱਛਗਿੱਛ ਵਿੱਚ ਵੀ ਉਸਨੇ ਉਹੀ ਗੱਲ ਦੁਹਰਾਈ। ਪੁਲੀਸ ਨੇ ਉਸ ਦੀਆਂ ਗੱਲਾਂ ਦੀ ਸਚਾਈ ਦਾ ਪਤਾ ਲਗਾਇਆ ਤਾਂ ਉਸ ਨੇ ਦੱਸਿਆ ਕਿ ਉਹ ਲਾ ਕਾਲਜ ਦਾ ਰੈਗੂਲਰ ਸਟੂਡੈਂਟ ਹੈ, ਪਰ ਉਹ ਰੋਜ਼ਾਨਾ ਨਹੀਂ, ਕਦੀ–ਕਦੀ ਕਾਲਜ ਜਾਂਦਾ ਸੀ। ਹੁਣ ਸਵਾਲ ਇਹ ਸੀ ਕਿ ਜਦੋਂ ਉਹ ਰੋਜ਼ਾਨਾ ਕਾਲਜ ਨਹੀਂ ਜਾਂਦਾ ਸੀ ਤਾਂ ਉਸ ਦਿਨ ਕਾਲਜ ਕਿਉਂ ਗਿਆ ਸੀ ?

ਉਸ ਨੇ ਦੱਸਿਆ ਕਿ ਬੱਚਿਆਂ ਦੇ ਉਠਣ ਤੋਂ ਪਹਿਲਾਂ ਰੁਚਿਤਾ ਕੋਚਿੰਗ ਚਲੀ ਗਈ ਸੀ, ਜਦਕਿ ਬੱਚਿਆਂ ਨੇ ਦੱਸਿਆ ਕਿ ਸਵੇਰੇ ਉਹਨਾਂ ਦਾ ਟਿਫ਼ਟ ਬਣਾ ਕੇ ਮੰਮੀ ਨੇ ਹੀ ਦਿੱਤਾ ਸੀ। ਸਵੇਰੇ 10 ਵਜੇ ਦੇ ਕਰੀਬ ਚੌਕਾ ਬਰਤਨ ਕਰਨ ਵਾਲੀ ਬਾਈ ਹੇਮਾ ਆਈ ਸੀ ਤਾਂ ਦਰਵਾਜ਼ੇ ਤੇ ਜਿੰਦਰਾ ਲੱਗਿਆ ਸੀ। ਦੂਜੇ ਪਾਸੇ ਕ੍ਰਿਸ਼ਨ ਵੱਲਭ ਨੇ ਦੱਸਿਆ ਸੀ ਕਿ 11 ਵਜੇ ਜਦੋਂ ਉਹ ਫ਼ਲੈਟ ਤੇ ਪਹੁੰਚਿਆ ਤਾਂ ਦਰਵਾਜ਼ੇ ਤੇ ਬਾਹਰ ਸਿਟਕਣੀ ਲੱਗੀ ਸੀ ਅਤੇ ਰੁਚਿਤਾ ਦੀ ਲਾਸ਼ ਸਟੋਰ ਰੂਮ ਵਿੱਚ ਪਈ ਸੀ। ਉਸ ਨੇ ਫ਼ਲੈਟ ਦੇ ਅੰਦਰ ਆ ਕੇ ਵੀ ਲਾਸ਼ ਕਿਉਂ ਨਹੀਂ ਦੇਖੀ ? ਲਾਸ਼ ਸੁਰੱਖਿਆ ਗਾਰਡ ਨੇ ਦੇਖੀ। ਉਸ ਦੇ ਹੱਥ ਦੇ ਨਹੁੰਆਂ ਤੇ ਖ਼ੂਨ ਲੱਗਿਅ ਸੀ, ਜਿਸ ਬਾਰੇ ਉਸ ਦਾ ਕਹਿਣਾ ਸੀ ਕਿ ਰੁਚਿਤਾ ਦੀ ਲਾਸ਼ ਨੂੰ ਦੇਖਦੇ ਵਕਤ ਉਸ ਦੇ ਸਰੀਰ ‘ਤੇ ਲੱਗਿਆ ਖ਼ੂਨ ਉਸ ਦੇ ਹੱਥਾਂ ਤੇ ਲੱਗ ਗਿਆ ਹੋਵੇਗਾ।

ਰੁਚਿਤਾ ਦੇ ਪਿਤਾ ਅਤੇ ਭਰਾ ਦਾ ਕਹਿਣਾ ਸੀ ਕਿ ਕ੍ਰਿਸ਼ਨ ਵੱਲਭ ਬਹੁਤ ਹੀ ਗੁਸੈਲ ਅਤੇ ਹਿੰਸਕ ਪ੍ਰਵਿਰਤੀ ਦਾ ਸੀ। ਅਕਸਰ ਪਤੀ–ਪਤਨੀ ਵਿੱਚ ਝਗੜਾ ਹੁੰਦਾ ਰਹਿੰਦਾ ਸੀ। ਉਸਨੇ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਉਸ ਨੇ ਰੁਚਿਤਾ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਸੀ। ਹਾਲਾਂਕਿ ਪੜੋਸੀਆਂ ਨੇ ਝਗੜਿਆਂ ਦੀ ਗੱਲ ਨਹੀਂ ਦੱਸੀ ਸੀ। ਪੁੱਛਗਿੱਛ ਵਿੱਚ ਇਹ ਵੀ ਪਤਾ ਲੱਗਿਆ ਕਿ ਕੁਝ ਸਮਾਂ ਪਹਿਲਾਂ ਰੁਚਿਤਾ ਪਤੀ, ਬੱਚਿਆਂ ਅਤੇ ਭਰਾ ਦੇ ਨਾਲ ਦੁਬਈ ਘੁੰਮਣ ਗਈ ਸੀ। ਉਥੇ ਕਿਸੇ ਗੱਲ ਤੇ ਵਿਵਾਦ ਹੋ ਗਿਆ ਤਾਂ ਕ੍ਰਿਸ਼ਨ ਵੱਲਭ ਦੋਵੇਂ ਬੱਚਿਆਂ ਨੂੰ ਛੱਡ ਕੇ ਚਲਿਆ ਆਇਆ ਸੀ। ਬਾਅਦ ਵਿੱਚ ਰੁਚਿਤਾ ਦਾ ਭਰਾ ਉਹਨਾਂ ਨੂੰ ਲੈ ਕੇ ਆਇਆ ਸੀ। ਕ੍ਰਿਸ਼ਨਾ ਵੱਲਭ ਨੇ ਦੱਸਿਆ ਕਿ ਉਹ ਸਾਢੇ 8 ਵਜੇ ਕਾਲਜ ਦੇ ਲਈ ਨਿਕਲਿਆ ਸੀ, ਉਦੋਂ ਤੱਕ ਰੁਚਿਤਾ ਘਰ ਨਹੀਂ ਵਾਪਸ ਆਈ ਸੀ।

ਜਦਕਿ ਅਪਾਰਟਮੈਂਟ ਦੇ ਕੁਝ ਲੋਕਾਂ ਦਾ ਕਹਿਣਾ ਸੀ ਕਿ ਸਾਢੇ 8 ਵਜੇ ਰੁਚਿਤਾ ਅਪਾਰਟਮੈਂਟ ਦੀ ਲਿਫ਼ਟ ਵਿੱਚ ਮਿਲੀ ਸੀ। ਇਸ ਤੋਂ ਇਲਾਵਾ ਕ੍ਰਿਸ਼ਨ ਵੱਲਭ ਨੇ ਉਸ ਦਿਨ ਤੋਂ ਪਹਿਲਾਂ ਅਪਾਰਟਮੈਂਟ ਦੇ ਸੁਰੱਖਿਆ ਗਾਰਡ ਨੂੰ ਕਦੀ ਇਹ ਨਹੀਂ ਕਿਹ ਸੀ ਕਿ ਦੁੱਧ ਵਾਲਾ ਆਵੇ ਤਾਂ ਮੈਡਮ ਨੂੰ ਕਹਿ ਦੇਣਾ ਕਿ ਦੁੱਧ ਲੈ ਲਵੇਗੀ। ਇਹ ਗੱਲਾਂ ਕ੍ਰਿਸ਼ਨ ਵੱਲਬਭ ਗੁਪਤਾ ਨੂੰ ਸ਼ੱਕ ਦੇ ਦਾਇਰੇ ਵਿੱਚ ਲਿਆ ਰਹੀਆਂ ਸਨ, ਜਦਕਿ ਹੱਤਿਆ ਵਿੱਚ ਕਿਸੇ ਵੀ ਤਰ੍ਹਾਂ ਆਪਣਾ ਹੱਥ ਨਾ ਹੋਣ ਤੇ ਉਹ ਬਜਿੱਦ ਸੀ। ਪੁਲੀਸ ਨੇ ਰੁਚਿਤਾ ਦੇ ਮੋਬਾਇਲ ਨੂੰ ਸਰਵਿਲਾਂਸ ਤੇ ਲਗਵਾ ਦਿੱਤਾ। ਪੁਲੀਸ ਕ੍ਰਿਸ਼ਨ ਵੱਲਭ ਤੋਂ ਪੁੱਛਗਿੱਛ ਕਰ ਹੀ ਰਹੀ ਸੀ ਕਿ ਰਾਤ ਹੁੰਦੇ–ਹੁੰਦੇ ਇਸ ਮਾਮਲੇ ਵਿੱਚ ਇਕ ਨਵਾਂ ਮੋੜ ਆ ਗਿਆ।

ਅਪਾਰਟਮੈਂਟ ਦੀ 8ਵੀਂ ਮੰਜ਼ਿਲ ਦੇ ਫ਼ਲੈਟ ਨੰਬਰ 892 ਵਿੱਚ ਰਹਿਣ ਵਾਲੇ ਅਰਵਿੰਦ ਕੋਠਾਰੀ ਦਾ 22 ਸਾਲ ਦਾ ਮੁੰਡਾ ਦਿਵਿਆ ਅਚਾਨਕ ਲਾਪਤਾ ਹੋ ਗਿਆ। ਲਾਪਤਾ ਹੋਣ ਤੋਂ ਪਹਿਲਾਂ ਉਹ ਆਪਣੇ ਕਮਰੇ ਵਿੱਚ ਇਕ ਪੱਤਰ ਛੱਡ ਗਿਆ, ਜਿਸ ਵਿੱਚ ਉਸ ਨੇ ਲਿਖਿਆ ਸੀ, ਰੁਚਿਤਾ ਦੀ ਹੱਤਿਆ ਨਾਲ ਮੇਰਾ ਕੋਈ ਲੈਣਾ–ਦੇਣਾ ਨਹੀਂ ਹੈ, ਮੈਂ ਕਾਫ਼ੀ ਪ੍ਰੇਸ਼ਾਨ ਹਾਂ। ਦਿਨ ਭਰ ਪੁਲੀਸ ਨੇ ਮੇਰੇ ਤੋਂ ਪੁੱਛਗਿੱਛ ਕੀਤੀ ਪਰ ਮੰਮੀ–ਪਾਪਾ, ਮੈਂ ਕੁਝ ਨਹੀਂ ਕੀਤਾ। ਅਚਾਨਕ ਇਸ ਤਰ੍ਹਾਂ ਦਿਵਿਆ ਕੋਠਾਰੀ ਦੇ ਗਾਇਬ ਹੋਣ ਅਤੇ ਛੱਡੇ ਗ ? ਪੱਤਰ ਵਿੱਚ ‘ਰੁਚਿਤਾ ਦੀ ਹੱਤਿਆ ਨਾਲ ਮੇਰਾ ਕੋਈ ਸਬੰਧ ਨਹੀਂ’ ਵਾਲੀ ਗੱਲ ਨੇ ਪੁਲੀਸ ਨੂੰ ਉਲਝਾ ਲਿਆ। ਉਸ ਦੇ ਘਰ ਵਾਲਿਆਂ ਦਾ ਕਹਿਣਾ ਸੀ ਕਿ ਦੁਪਹਿਰ ਦੇ ਕਰੀਬ 2 ਵਜੇ ਉਹ ਬਿਨਾਂ ਦੱਸੇ ਮੋਟਰ ਸਾਈਕਲ ਤੇ ਕਿਤੇ ਚਲਾ ਗਿਆ ਸੀ। ਜਦੋਂ ਰਾਤ ਤੱਕ ਉਹ ਘਰ ਨਾ ਆਇਆ ਤਾਂ ਉਹਨਾਂ ਨੂੰ ਚਿੰਤਾ ਹੋਈ। ਉਹਨਾਂ ਨੇ ਉਸ ਦੇ ਮੋਬਾਇਲ ਤੇ ਫ਼ੋਨ ਕੀਤਾ ਪਰ ਗੱਲ ਨਾ ਹੋਈ। ਉਸ ਦਾ ਸਮਾਨ ਦੇਖਿਆ ਗਿਆ ਤਾਂ ਉਸੇ ਵਿੱਚ ਉਹ ਪੱਤਰ ਮਿਲਿਆ ਸੀ।

ਪੁਲੀਸ ਦਿਵਿਆ ਕੋਠਰੀ ਦੀ ਭਾਲ ਵਿੱਚ ਜੁਟ ਗਈ। ਉਸ ਬਾਰੇ ਜਾਣਕਾਰੀਆਂ ਪ੍ਰਾਪਤ ਕੀਤੀਆਂ ਤਾਂ ਪਤਾ ਲੱਗਿਆ ਕਿ ਉਹ ਚਾਰਟਡ ਅਕਾਊਟੈਂਸੀ ਕਰ ਰਿਹਾਸ ਪਰ ਸੀ. ਪੀ. ਟੀ. ਵਿੱਚ ਉਹ ਕਈ ਵਾਰ ਫ਼ੇਲ੍ਹ ਹੋ ਚੁੱਕਾ ਸੀ। ਉਸ ਨੂੰ ਇਸ ਤੋਂ ਚਿੰਤਾ ਸੀ। ਪੁਲੀਸ ਨੇ ਦਿਵਿਆ ਦੇ ਮੋਬਾਇਲ ਨੂੰ ਸਰਵਿਲਾਂਯ ਤੇ ਲਗਾਇਆ ਤਾਂ ਉਸ ਦੀ ਲੁਕੇਸ਼ਨ ਦੇਰ ਰਾਤ ਤੱਕ ਇਕ ਵੱਡੇ ਤਲਾਬ ਦੇ ਆਸ ਪਾਸ ਮਿਲਦੀ ਰਹੀ। ਪੁਲੀਸ ਰਾਤ ਭਰ ਉਸ ਦੀ ਭਾਲ ਕਰਦੀ ਰਹੀ ਪਰ ਉਸ ਦਾ ਕੁਝ ਪਤਾ ਨਾ ਲੱਗਿਆ। ਅਗਲੇ ਦਿਨ ਯਾਨਿ 2 ਦਸੰਬਰ ਦੀ ਸਵੇਰ ਉਹ ਉਦੈਪੁਰ ਸ਼ਹਿਰ ਦੀ ਫ਼ਤਿਹਪੁਰਾ ਪੁਲੀਸ ਚੌਂਕੀ ਪਹੁੰਚਿਆ ਅਤੇ ਦੱਸਿਆ ਕਿ ਉਹ ਦਾ ਨਾਂ ਦਿਵਿਆ ਕੋਠਰੀ ਹੈ। ਚੌਂਕੀ ਪੁਲੀਸ ਨੇ ਉਸਨੂੰ ਗ੍ਰਿਫ਼ਤਾਰ ਕਰਕੇ ਥਾਣਾ ਸੁਖੇਰ ਪਹੁੰਚਾ ਦਿੱਤਾ।

ਥਾਣੇ ਵਿੱਚ ਉਹ ਅਜੀਬ ਗੱਲਾਂ ਕਰਦਾ ਰਿਹਾ। ਉਹ ਕਹਿੰਦਾ ਸੀ ਕਿ ਉਹ ਰੁਚਿਤਾ ਨੂੰ ਮਾਂ ਵਾਂਗ ਮੰਨਦਾ ਸੀ। ਪੱਤਰ ਦੇ ਬਾਰੇ ਉਸ ਦਾ ਕਹਿਣਾ ਸੀ ਕਿ ਪੁੱਛਗਿੱਛ ਦੇ ਡਰ ਕਾਰਨ ਉਸ ਨੇ ਪੁਲੀਸ ਨੂੰ ਉਹ ਪੱਤਰ ਲਿਖਿਆ ਸੀ। ਦਿਨ ਭਰ ਦੀ ਪੁੱਛਗਿੱਛ ਵਿੱਚ ਪੁਲੀਸ ਨੂੰ ਵਿਦਿਆ ਤੋਂ ਅਜਿਹੀ ਕੋਈ ਗੱਲ ਪਤਾ ਨਾ ਲੱਗੀ, ਜਿਸ ਤੋਂ ਹੱਤਿਆ ਬਾਰੇ ਕੁਝ ਪਤਾ ਲੱਗਦਾ। ਅਗਲੇ ਦਿਨ ਰੁਚਿਤਾ ਦਾ ਮੋਬਾਇਲ ਉਦੈਪੁਰਦੇ ਸਾਇਰਾ ਦੇ ਇਕ ਮਜ਼ਦੂਰ ਕੋਲ ਮਿਲ ਗਿਆ। ਉਸ ਨੂੰ ਉਹ ਮੋਬਾਇਲ ਸੜਕ ਤੇ ਮਿਲਿਆ ਸੀ। ਪੁਲੀਸ ਨੇ ਰੁਚਿਤਾ ਦੇ ਮੋਬਾਇਲ ਨੰਬਰ ਦੀ ਕਾਲ ਡਿਟੇਲ ਕਢਵਾਈ ਪਰ ਉਸ ਤੋਂ ਕੋਈ ਸਬੂਤ ਨਾ ਮਿਲਿਆ। ਪੋਸਟ ਮਾਰਟਮ ਤੋਂ ਬਾਅਦ ਰੁਚਿਤਾ ਦੀ ਲਾਸ਼ ਉਸ ਦੇ ਪੇਕੇ ਵਾਲੇ ਅਜਮੇਰ ਲੈ ਕੇ ਚਲੇ ਗਏ ਅਤੇ ਉਥੇ ਹੀ ਉਸ ਦਾ ਅੰਤਿਮ ਸਸਕਾਰ ਕਰ ਦਿੱਤਾ। ਪੁਲੀਸ ਹਿਰਾਸਤ ਵਿੱਚ ਹੋਣ ਕਾਰਨ ਕ੍ਰਿਸ਼ਨ ਵੱਲਭ ਪਤਨੀ ਦੇ ਅੰਤਿਮ ਸਸਕਾਰ ਵਿੱਚ ਸ਼ਾਮਲ ਨਾ ਹੋ ਸਕਿਆ।

3 ਦਸੰਬਰ ਨੂੰ ਆਖਿਰ ਪੁਲੀਸ ਨੇ ਰੁਚਿਤਾ ਹੱਤਿਆ ਕਾਂਡ ਦਾ ਖੁਲਾਸਾ ਕਰ ਦਿੱਤਾ। ਪੁਲੀਸ ਨੇ ਦੱਸਿਆ ਕਿ ਰੁਚਿਤਾ ਦੀ ਹੱਤਿਆ ਦਿਵਿਆ ਨੇ ਕੀਤੀ ਹੈ। ਉਹ ਸਾਈਕੋਸਿਸ ਦਾ ਮਰੀਜ ਹੈ। ਉਸ ਨੇ ਇਹ ਹੱਤਿਆ ਇਸੇ ਬਿਮਾਰੀ ਦੇ ਦੌਰੇ ਦੌਰਾਨ ਕੀਤੀ। ਇਹ ਅਜਿਹੀ ਬਿਮਾਰੀ ਹੈ, ਜਿਸ ਦਾ ਦੌਰਾ ਪੈਣ ਤੇ ਉਹ ਆਪਣੀ ਮਾਂ ਦੀ ਹੱਤਿਆ ਵੀ ਕਰ ਸਕਦਾ ਸੀ। ਥਾਣੇ ਵਿੱਚ ਜਦੋਂ ਦਿਵਿਆ ਦੇ ਘਰ ਵਾਲਿਆਂ ਨੂੰ ਬੁਲਾਇਆ ਤਾਂਉਹ ਮਾਂ ਨੂੰ ਮਿਲਣ ਤੋਂ ਬਾਅਦ ਉਸ ਦੀ ਗੋਦ ਵਿੱਚ ਸੌਂ ਗਿਆਸੀ।

(ਬਾਕੀ ਸਫਾ 28 ’ਤੇ)



# ਤਰੱਕੀ ਦੀ ਮਿਸਾਲ ਮਲੇਸ਼ੀਆ



ਮਲੇਸ਼ੀਆ ਵਿੱਚੋਂ ਬ੍ਰਿਟਿਸ਼, ਹਿੰਦੁਸਤਾਨ ਵਿੱਚੋਂ ਨਿਕਲਣ ਤੋਂ 13 ਸਾਲ ਬਾਅਦ ਰੁਖ਼ਸਤ ਹੋਏ ਸਨ। ਸਾਧਨ ਸੰਪੰਨ ਮੁਲਕ ਹਿੰਦੋਸਤਾਨ ਵਿੱਚ ਲੁੱਟਣ ਖੋਹਣ ਨੂੰ ਬਹੁਤ ਕੁਝ ਸੀ। ਸੋ ਬ੍ਰਿਟਿਸ਼ ਬੇਕਿਰਕੀ ਨਾਲ ਇਸ ਨੂੰ ਲੁੱਟਦੇ ਰਹੇ, ਪਰ ਮਲੇਸ਼ੀਆ ਅਤਿ ਗ਼ਰੀਬ ਮੁਲਕ ਸੀ ਜਿੱਥੇ ਲੁੱਟਣ ਲਈ ਕੁਝ ਨਹੀਂ ਸੀ। ਜਦੋਂ 1960 ਵਿੱਚ ਉਹ ਮਲੇਸ਼ੀਆ ਨੂੰ ਛੱਡ ਕੇ ਗਏ ਤਾਂ ਇੱਥੇ ਭੁੱਖ ਅਤੇ ਗ਼ਰੀਬੀ ਤੋਂ ਬਿਨਾਂ ਕੁਝ ਵੀ ਨਹੀਂ ਸੀ।

ਬ੍ਰਿਟਿਸ਼ਾਂ ਨੂੰ ਮਲੇਸ਼ੀਆ ਛੱਡਣ ਲਈ ਮਜਬੂਰ ਕਰਨ ਵਿੱਚ ਪ੍ਰਮੁੱਖ ਭੂਮਿਕਾ ਉੱਥੋਂ ਦੇ ਕਮਿਊਨਿਸਟਾਂ ਦੀ ਸੀ, ਪਰ ਹੋਰ ਗ਼ੁਲਾਮ ਮੁਲਕਾਂ ਵਾਂਗ ਉੱਥੇ ਵੀ ਬ੍ਰਿਟਿਸ਼ਾਂ ਨੇ ਅਸਲ ਵਾਰਸਾਂ ਦੀ ਬਜਾਏ ਆਪਣੇ ਚਹੇਤਿਆਂ ਨੂੰ ਸੱਤਾ ਸੌਂਪ ਦਿੱਤੀ। ਨਤੀਜੇ ਵਜੋਂ ਮਾਰਸ਼ਲ ਟੀਟੋ ਉੱਥੋਂ ਦਾ ਪਹਿਲਾ ਹੁਕਮਰਾਨ ਬਣਿਆ। ਮਾਰਸ਼ਲ ਟੀਟੋ ਸਪਸ਼ਟ ਧਾਰਨਾਵਾਂ ਦਾ ਮਾਲਿਕ ਸਾਬਿਤ ਹੋਇਆ। ਸੱਤਾ ਸੰਭਾਲਦਿਆਂ ਹੀ ਉਸ ਨੇ ਦੋ ਸਵਾਲਾਂ ਉੱਤੇ ਧਿਆਨ ਕੇਂਦਰਿਤ ਕੀਤਾ। ਪਹਿਲਾ ਸੀ ਕਿ ਮਲੇਅ ਲੋਕ ਗ਼ਰੀਬ ਕਿਉਂ ਸਨ ਅਤੇ ਇਹ ਗ਼ਰੀਬੀ ਘੱਟ ਤੋਂ ਘੱਟ ਸਮੇਂ ਵਿੱਚ ਕਿਵੇਂ ਦੂਰ ਕੀਤੀ ਜਾ ਸਕਦੀ ਸੀ ? ਦੂਜਾ ਸਵਾਲ ਸੀ ਕਿ ਮਲੇਅ ਲੋਕ ਕਮਿਊਨਿਸਟਾਂ ਨੂੰ ਇੰਨਾ ਕਿਉਂ ਚਾਹੁੰਦੇ ਸਨ ਤੇ ਲੋਕਾਂ ਨੂੰ ਇਨ੍ਹਾਂ ਦੇ ਮੱਕੜਜਾਲ ਵਿੱਚੋਂ ਕਿਵੇਂ ਕੱਢਿਆ ਜਾ ਸਕਦਾ ਸੀ ? ਦੋਵਾਂ ਹੀ ਸਮੱਸਿਆਵਾਂ ਦਾ ਹੱਲ ਇੱਕੋ ਸੀ ਤੇ ਉਹ ਸੀ ਮੁਲਕ ਵਿੱਚੋਂ ਗ਼ਰੀਬੀ ਤੇ ਬੇਰੁਜ਼ਗਾਰੀ ਖ਼ਤਮ ਕਰਨੀ। ਮਾਰਸ਼ਲ ਟੀਟੋ ਬਹੁਤ ਤੇਜ਼-ਤਰਾਰ, ਸੋਚ ਵਿਚਾਰ ਵਿੱਚ ਠਰੰਮੇ ਵਾਲੇ ਅਤੇ ਯੋਜਨਾਵਾਂ ਨੂੰ ਫੌਰੀ ਤੌਰ 'ਤੇ ਅਮਲੀ ਜਾਮਾ ਪਹਿਨਾਉਣ ਦੇ ਆਦੀ ਸ਼ਾਸਕ ਵਜੋਂ ਮਸ਼ਹੂਰ ਸੀ। ਉਸ ਨੇ ਮਾਹਿਰਾਂ ਦੀ ਕਮੇਟੀ ਬਣਾ ਕੇ ਛੇ ਮਹੀਨਿਆਂ ਦੇ ਅੰਦਰ ਅੰਦਰ ਸਮੱਸਿਆ ਦਾ ਠੋਸ ਹੱਲ ਸੁਝਾਉਣ ਦੇ ਹੁਕਮ ਦਿੱਤੇ। ਕਮੇਟੀ ਨੇ ਬਹੁਤ ਸੂਝ-ਬੂਝ ਅਤੇ ਤਨਦੇਹੀ ਨਾਲ ਕੰਮ ਕਰਦਿਆਂ ਤਿੰਨ ਸੁਝਾਅ ਦਿੱਤੇ। ਪਹਿਲੀ ਗੱਲ ਇਹ ਸੀ ਕਿ ਮੁਲਕ ਦੇ ਲੋਕਾਂ ਕੋਲ ਸਿਰ ਢਕਣ ਲਈ ਕੋਈ ਪੁਖ਼ਤਾ ਮਕਾਨ ਨਹੀਂ ਸਨ। ਲੋਕ ਝੁੱਗੀਆਂ ਝੌਂਪੜੀਆਂ ਵਿੱਚ ਰਹਿੰਦੇ ਸਨ ਜੋ ਮਲੇਸ਼ੀਆ ਵਿੱਚ ਨਿੱਤ ਵਰ੍ਹਨ ਵਾਲੇ ਮੀਂਹਾਂ ਅੱਗੇ ਜ਼ਿਆਦਾ ਦੇਰ ਖਲੋਂਦੇ ਨਹੀਂ ਸਨ, ਅਕਸਰ ਢਹਿ ਜਾਣ 'ਤੇ ਦੁਬਾਰਾ ਬਣਾਉਣੇ ਪੈਂਦੇ ਸਨ। ਮਕਾਨ ਬਣਾਉਣ ਵਾਸਤੇ ਲੋਕਾਂ ਕੋਲ ਪੈਸੇ ਜਾਂ ਸਾਧਨ ਨਹੀਂ ਸਨ। ਸੋ ਪਹਿਲ ਦੇ ਆਧਾਰ ਉੱਤੇ ਲੋਕਾਂ ਨੂੰ ਬਿਨਾਂ ਕੀਮਤ ਵਸੂਲਿਆਂ ਮਕਾਨ ਬਣਾ ਕੇ ਦਿੱਤੇ ਜਾਣ। ਦੂਜੀ ਗੱਲ ਇਹ ਸੀ ਕਿ ਦੇਸ਼ ਦੀ ਬਹੁਤੀ ਵੱਸੋਂ ਖੇਤੀ ਉੱਤੇ ਨਿਰਭਰ ਸੀ, ਪਰ ਬ੍ਰਿਟਿਸ਼ਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਖੇਤੀ ਗੁਜ਼ਾਰੇ ਜੋਗੀ ਆਮਦਨ ਦੇਣ ਦੇ ਸਮਰੱਥ ਨਹੀਂ ਰਹੀ ਸੀ। ਇਸੇ ਕਾਰਨ ਖੇਤੀ ਪ੍ਰਬੰਧ ਅਜਿਹਾ ਕੀਤਾ ਜਾਵੇ ਕਿ ਲੋਕ ਖੇਤੀ ਵਿੱਚੋਂ ਹੀ ਰੋਜ਼ੀ ਰੋਟੀ ਕਮਾਉਣ ਦੇ ਕਾਬਿਲ ਬਣ ਜਾਣ। ਤੀਜਾ ਅਤੇ ਅਤਿ ਅਹਿਮ ਸੁਝਾਅ ਇਹ ਸੀ ਕਿ ਮੁਲਕ ਆਉਣ ਵਾਲੇ ਸਮੇਂ ਵਿੱਚ ਮਹਿਜ਼ ਖੇਤੀ ਦੇ ਸਿਰ ਉੱਤੇ ਤਰੱਕੀ ਨਹੀਂ ਕਰ ਸਕੇਗਾ, ਇਸ ਲਈ ਸਨਅਤ ਅਤੇ ਵਪਾਰ ਲਈ ਦੂਰਰਸੀ ਅਤੇ ਵਿਆਪਕ ਯੋਜਨਾ ਬਣਾਈ ਜਾਵੇ।ਅਜਿਹਾ ਹੀ ਹੋਇਆ। ਸਰਕਾਰ ਨੇ ਇਹ ਸਿਫ਼ਾਰਿਸ਼ਾਂ ਜਿਉਂ ਦੀਆਂ ਤਿਉਂ ਮੰਨ ਲਈਆਂ। ਸਭ ਤੋਂ ਪਹਿਲਾਂ ਮਲੇਸ਼ੀਆ ਦੇ ਹਰ ਦਿਹਾਤੀ ਪਰਿਵਾਰ ਨੂੰ ਛੋਟੇ ਛੋਟੇ, ਪਰ ਸੰਪੂਰਨ ਮਕਾਨ ਬਣਾ ਕੇ ਦਿੱਤੇ। ਇਸ ਤੋਂ ਬਾਅਦ ਦੂਜੇ ਪੜਾਅ ਤਹਿਤ ਮੁਲਕ ਦੀ ਸਾਰੀ ਜ਼ਮੀਨ ਦਾ ਸਰਵੇਖਣ ਕਰਵਾਇਆ ਜਿਸ ਤੋਂ ਪਤਾ ਲੱਗਿਆ ਕਿ ਇੱਥੇ ਵਾਹੀਯੋਗ ਪੱਧਰੀ ਜ਼ਮੀਨ ਨਾਂ ਬਰਾਬਰ ਹੀ ਸੀ ਤੇ ਬਹੁਤੀ ਉੱਤੇ ਜੰਗਲ ਸਨ ਜਿਨ੍ਹਾਂ ਵਿੱਚ ਰਬੜ ਅਤੇ ਪਾਮ ਦੇ ਦਰੱਖ਼ਤ ਪ੍ਰਮੁੱਖ ਸਨ। ਕਿਸਾਨਾਂ ਦੀਆਂ ਜੋਤਾਂ ਬਹੁਤ ਛੋਟੀਆਂ ਸਨ ਤੇ ਉਹ ਨਾ ਤਾਂ ਕਿਸੇ ਤਰ੍ਹਾਂ ਦੇ ਨਿਵੇਸ਼ ਦੇ ਕਾਬਲ ਸਨ ਅਤੇ ਨਾ ਹੀ ਉਨ੍ਹਾਂ ਕੋਲ ਤਕਨੀਕ ਜਾਂ ਹੋਰ ਸਾਧਨ ਸਨ। ਸਰਕਾਰ ਨੇ ਇੱਕ ਆਦੇਸ਼ ਰਾਹੀਂ ਕਿਸਾਨਾਂ ਦੀਆਂ ਜ਼ਮੀਨਾਂ ਇੱਕ ਤਰ੍ਹਾਂ ਨਾਲ ਤਿੰਨ ਸਾਲ ਲਈ ਠੇਕੇ 'ਤੇ ਲੈ ਲਈਆਂ, ਕਿਸਾਨਾਂ ਨੂੰ ਗੁਜ਼ਾਰੇ ਜੋਗੇ ਪੈਸੇ ਅਦਾ ਕਰਨੇ ਸ਼ੁਰੂ ਕਰ ਦਿੱਤੇ ਅਤੇ ਖੇਤੀਬਾੜੀ ਵਿਭਾਗ ਨੂੰ ਇਹ ਜ਼ਮੀਨਾਂ ਵਾਹੀਯੋਗ ਬਣਾਉਣ ਦੇ ਆਦੇਸ਼ ਦਿੱਤੇ। ਕਿਸਾਨਾਂ ਨਾਲ ਵਾਅਦਾ ਕੀਤਾ ਗਿਆ ਕਿ ਆਮਦਨ ਯੋਗ ਹੋ ਜਾਣ 'ਤੇ ਜ਼ਮੀਨਾਂ ਮਾਲਕਾਂ ਨੂੰ ਵਾਪਸ ਕਰ ਦਿੱਤੀਆਂ ਜਾਣਗੀਆਂ। ਯੋਜਨਾਬੰਦੀ ਮੁਤਾਬਿਕ ਸਰਕਾਰ ਨੇ ਜ਼ਮੀਨਾਂ ਸਾਫ਼ ਕਰਕੇ ਜਿੱਥੇ ਰਬੜ ਦੇ ਦਰੱਖ਼ਤ ਜ਼ਿਆਦਾ ਸਨ ਉੱਥੇ ਰਬੜ ਤੇ ਜਿੱਥੇ ਪਾਮ ਜ਼ਿਆਦਾ ਸੀ ਉੱਥੇ ਪਾਮ ਦੇ ਦਰੱਖ਼ਤ ਲਗਵਾ ਦਿੱਤੇ। ਇਸੇ ਤਰ੍ਹਾਂ ਸਰਕਾਰ ਦੇ ਕਬਜ਼ੇ ਵਾਲੇ ਜੰਗਲਾਂ ਨਾਲ ਕੀਤਾ ਗਿਆ। ਜਿੱਥੇ ਪਾਮ ਜ਼ਿਆਦਾ ਸਨ ਉੱਥੋਂ ਰਬੜ ਕੱਢ ਕੇ ਸਾਰਾ ਪਾਮ ਕਰ ਦਿੱਤਾ ਤੇ ਜਿੱਥੇ ਰਬੜ ਜ਼ਿਆਦਾ ਸੀ ਉੱਥੇ ਸਭ ਰਬੜ ਰੱਖ ਲਈ। ਜਿੱਥੇ ਕਿਤੇ ਦਰੱਖ਼ਤਾਂ ਦੀਆਂ ਇਹ ਦੋਵੇਂ ਕਿਸਮਾਂ ਘੱਟ ਸਨ ਉੱਥੇ ਮਲੇਸ਼ੀਆ ਦੀ ਖਾਸੀਅਤ ਦੁਰੀਅਨ ਦੇ ਬਾਗ਼ ਲਗਵਾ ਦਿੱਤੇ। ਦੁਰੀਅਨ ਦੇ ਫ਼ਲ ਬੁਢਾਪੇ ਅਤੇ ਕਮਜ਼ੋਰੀ ਨੂੰ ਦੂਰ ਕਰਨ ਲਈ ਫ਼ਾਇਦੇਮੰਦ ਮੰਨੇ ਜਾਂਦੇ ਹਨ। ਜਿਉਂ ਹੀ ਨਵੇਂ ਲੱਗੇ ਦਰੱਖਤ ਆਮਦਨ ਦੇਣ ਲੱਗੇ, ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਵਾਪਸ ਕਰ ਦਿੱਤੀਆਂ ਗਈਆਂ। ਸਰਕਾਰੀ ਖੇਤਰ ਵਿੱਚ ਪਾਮ ਦਾ ਤੇਲ ਕੱਢਣ ਅਤੇ ਰਬੜ ਬਣਾਉਣ ਦੇ ਕਾਰਖਾਨੇ ਲਗਵਾ ਦਿੱਤੇ। ਨਤੀਜੇ ਵਜੋਂ ਪੰਜ ਸਾਲਾਂ ਵਿੱਚ ਹੀ ਮਲੇਸ਼ੀਆ ਦਾ ਦਿਹਾਤ ਅਤੇ ਆਰਥਿਕਤਾ ਦੋਵੇਂ ਹੀ ਪੈਰਾਂ ਸਿਰ ਹੋ ਗਏ।ਅੱਜ ਮਲੇਸ਼ੀਆ ਪਾਮ ਆਇਲ ਅਤੇ ਕੁਦਰਤੀ ਰਬੜ ਦੇ ਛੋਟੇ ਵੱਡੇ ਕਾਰਖਾਨਿਆਂ ਨਾਲ ਭਰਿਆ ਪਿਆ ਹੈ ਅਤੇ ਇਸ ਖੇਤਰ ਵਿੱਚ ਦੁਨੀਆਂ ਦਾ ਮੋਹਰੀ ਮੁਲਕ ਹੈ। ਪਾਮ ਆਇਲ ਸਨਅਤ ਤਾਂ ਵੱਡੀਆਂ ਮਿੱਲਾਂ ਦੇ ਨਾਲ ਨਾਲ ਛੋਟੀ ਸਥਾਨਕ ਸਨਅਤ ਵੀ ਬਣਾ ਦਿੱਤੀ ਗਈ ਹੈ। ਇਨ੍ਹਾਂ ਦੋਵਾਂ ਉਤਪਾਦਾਂ ਦੀ ਦਰਾਮਦ ਦੇਸ਼ ਲਈ ਆਮਦਨ ਦਾ ਵੱਡਾ ਸਰੋਤ ਹੈ। ਮਲੇਸ਼ੀਆ ਨੇ ਆਪਣੇ ਜੰਗਲ ਸਿਰਫ਼ ਸੰਭਾਲੇ ਹੀ ਨਹੀਂ ਹਨ ਸਗੋਂ ਉੱਨਤ ਵੀ ਕਰ ਲਏ ਹਨ। ਉੱਥੇ ਰਬੜ ਤੇ ਪਾਮ ਤੋਂ ਇਲਾਵਾ ਚੀਲ ਅਤੇ ਦਿਆਰ ਵੀ ਬਹੁਲਤਾ ਵਿੱਚ ਹੋਣ ਸਦਕਾ ਪੂਰੀ ਦੁਨੀਆਂ ਨੂੰ ਨਿਰਯਾਤ ਕੀਤੇ ਜਾਂਦੇ ਹਨ। ਹੇਠਲੇ ਰਾਜ, ਜਿੱਥੇ ਜ਼ਮੀਨ ਕੁਝ ਪੱਧਰ ਹੈ, ਝੋਨੇ ਲਈ ਵਿਕਸਿਤ ਕਰ ਲਏ ਗਏ ਹਨ। ਕਮੇਟੀ ਦੀ ਤੀਜੀ ਸਿਫ਼ਾਰਿਸ਼ ਭਾਵ ਸਨਅਤ ਅਤੇ ਵਪਾਰ ਦੇ ਵਿਕਾਸ ਉੱਤੇ ਵੀ ਮਲੇਸ਼ੀਆ ਸਰਕਾਰ ਨੇ ਬਹੁਤ ਕੰਮ ਕੀਤਾ ਹੈ। ਮੁਲਕ ਦਾ ਮੂਲ ਖਣਿਜ ਪਦਾਰਥ ਕੱਚਾ ਤੇਲ ਹੈ ਜਿਸ ਨੂੰ ਸੋਧਣ ਵਾਸਤੇ ਸਰਕਾਰ ਨੇ ਵਿਦੇਸ਼ੀ ਉੱਨਤ ਕੰਪਨੀਆਂ ਨਾਲ ਸਮਝੌਤੇ ਕੀਤੇ, ਪਰ ਮਾਲਕੀ ਦੇ ਹੱਕ ਆਪਣੇ ਕੋਲ ਹੀ ਰੱਖੇ। ਅੱਜ ਮਲੇਸ਼ੀਆ ਦੀ ਕੰਪਨੀ ਪੈਟ੍ਰੋਨਾਸ ਦੁਨੀਆਂ ਦੀਆਂ ਪ੍ਰਮੁੱਖ ਤੇਲ ਕੰਪਨੀਆਂ ਵਿੱਚੋਂ ਇੱਕ ਹੈ। ਮਲੇਸ਼ੀਆ ਵਿੱਚ ਪੈਟਰੋਲ ਅਤੇ ਡੀਜ਼ਲ ਹਿੰਦੋਸਤਾਨ ਨਾਲੋਂ ਚੌਥਾਈ ਕੀਮਤ ਉੱਤੇ ਸਸਤਾ ਮਿਲਦਾ ਹੈ। ਉੱਥੇ ਸਸਤਾ ਤੇਲ ਹੋਣ ਕਾਰਨ ਖੜ੍ਹੀਆਂ ਕਾਰਾਂ ਅਕਸਰ ਚੱਲਦੀਆਂ ਹੀ ਛੱਡ ਦਿੱਤੀਆਂ ਜਾਂਦੀਆਂ ਹਨ। ਮਲੇਸ਼ੀਆ ਵਿੱਚ ਤਕਰੀਬਨ ਵੀਹ ਸਾਲ ਤੋਂ ਵੀ ਪਹਿਲਾਂ ਸ਼ਾਨਦਾਰ ਸ਼ਾਹਰਾਹ ਬਣਾ ਦਿੱਤੇ ਗਏ ਸਨ। ਪਿੰਡਾਂ ਨੂੰ ਮਿਲਾਉਣ ਵਾਲੀਆਂ ਲਿੰਕ ਸੜਕਾਂ ਸਾਡੀਆਂ ਜਰਨੈਲੀ ਸੜਕਾਂ ਵਰਗੀਆਂ ਹਨ। ਸ਼ਾਹਰਾਹ ਅਤੇ ਲਿੰਕ ਸੜਕਾਂ ਸਾਰੀ ਰਾਤ ਜਗਮਗਾਉਂਦੀਆਂ ਰਹਿੰਦੀਆਂ ਹਨ। ਸਪਸ਼ਟ ਹੈ ਕਿ ਬਿਜਲੀ ਆਮ ਹੈ।ਮਲੇਸ਼ੀਆ ਤਿੰਨ ਪਾਸਿਆਂ ਤੋਂ ਸਮੁੰਦਰ ਨਾਲ ਘਿਰਿਆ ਹੋਇਆ ਹੈ ਤੇ ਸਿੰਗਾਪੁਰ ਨਾਲ ਤਾਂ ਇੱਕ ਤਰ੍ਹਾਂ ਜੁੜਿਆ ਹੀ ਹੋਇਆ ਹੈ। ਇਨ੍ਹਾਂ ਦਰਮਿਆਨ ਸਿਰਫ਼ ਡੇਢ ਦੋ ਕਿਲੋਮੀਟਰ ਦੀ ਹੀ ਦੂਰੀ ਹੈ। ਇਹ ਦੂਰੀ ਦੋਵਾਂ ਦੇਸ਼ਾਂ ਨੇ ਮਿਲਵਰਤਣ ਕਰਕੇ ਸਮੁੰਦਰ ਉੱਤੇ ਇੱਕ ਵੱਡਾ ਪੁਲ ਬਣਾ ਕੇ ਖ਼ਤਮ ਕਰ ਦਿੱਤੀ ਹੈ। ਸਿੰਗਾਪੁਰ ਨੂੰ ਮਲੇਸ਼ੀਆ ਦੇ ਖ਼ੂਬਸੂਰਤ ਸ਼ਹਿਰ ਜੌਹਰ ਬਰੂ ਨਾਲ ਜੋੜਿਆ ਗਿਆ ਹੈ। ਕਿਨਾਰਿਆਂ ਉੱਤੇ ਸਮੁੰਦਰ ਡੂੰਘਾ ਹੋਣ ਦਾ ਫ਼ਾਇਦਾ ਉਠਾਉਂਦਿਆਂ ਮਲੇਸ਼ੀਆ ਨੇ ਚਾਰੇ ਪਾਸੇ ਤਜਾਰਤੀ ਬੰਦਰਗਾਹਾਂ ਬਣਾ ਲਈਆਂ ਹਨ। ਇਸ ਤਰ੍ਹਾਂ ਸਿੰਗਾਪੁਰ-ਮਲੇਸ਼ੀਆ ਦੁਨੀਆਂ ਭਰ ਦੇ ਸਮੁੰਦਰੀ ਰਸਤਿਆਂ ਦਾ ਚੌਰਾਹਾ ਬਣ ਗਿਆ ਹੈ। ਰਾਜਧਾਨੀ ਕੁਆਲਾਲੰਪੁਰ ਦੁਨੀਆਂ ਵਿੱਚ ਆਪਣੇ ਟਵਿਨ ਟਾਵਰਾਂ ਕਾਰਨ ਪ੍ਰਸਿੱਧ ਹੈ। ਇੱਥੋਂ ਦਾ ਅਤਿ ਆਧੁਨਿਕ ਹਵਾਈ ਅੱਡਾ ਦੁਨੀਆਂ ਦੇ ਬਿਹਤਰੀਨ ਹਵਾਈ ਅੱਡਿਆਂ ਵਿੱਚ ਸ਼ੁਮਾਰ ਹੈ। ਨਵੀਂ ਉਸਾਰੀ ਜਾ ਰਹੀ ਰਾਜਧਾਨੀ ਬਾਰੇ ਸਰਕਾਰ ਦਾ ਦਾਅਵਾ ਹੈ ਕਿ ਉਹ ਦੁਨੀਆਂ ਦਾ ਅਤਿ ਆਧੁਨਿਕ ਅਤੇ ਸਭ ਤੋਂ ਸੋਹਣਾ ਸ਼ਹਿਰ ਹੋਵੇਗਾ। ਇਮਾਰਤਸਾਜ਼ੀ ਦੇ ਖੇਤਰ ਵਿੱਚ ਮਲੇਸ਼ੀਆ, ਹਿੰਦੋਸਤਾਨ ਨਾਲੋਂ ਕੋਹਾਂ ਅੱਗੇ ਹੈ। ਅੱਜ ਉਸਰ ਰਹੇ ਪਿੰਡ ਅਤੇ ਸ਼ਹਿਰ ਸਾਲ 2022-25 ਵਾਸਤੇ ਹਨ। ਅਜਿਹੀ ਵਿਉਂਤਬੰਦੀ ਦੇ ਹੁੰਦਿਆਂ ਮੁਲਕ ਵਿੱਚ ਝੁੱਗੀਆਂ ਝੌਂਪੜੀਆਂ ਅਤੇ ਨਾਜਾਇਜ਼ ਕਾਲੋਨੀਆਂ ਉਸਰਨ ਦਾ ਖ਼ਦਸ਼ਾ ਨਹੀਂ ਹੋ ਸਕਦਾ ਤੇ ਨਾ ਹੀ ਗੰਦੀਆਂ ਬਸਤੀਆਂ ਹੋਂਦ ਵਿੱਚ ਆ ਜਾਂ ਰਹਿ ਸਕਦੀਆਂ ਹਨ। ਮਲੇਸ਼ੀਆ ਵਿੱਚ ਰਹਿਣਾ ਬੜਾ ਸਸਤਾ ਪੈਂਦਾ ਹੈ। ਸਿੰਗਾਪੁਰ ਵਿੱਚ ਕੰਮ ਕਰਦੇ ਲੋਕ ਅਕਸਰ ਰਹਿਣ ਲਈ ਜੌਹਰ ਬਰੂ ਆ ਜਾਂਦੇ ਹਨ। ਰਹਿਣ ਦੀਆਂ ਹੋਰ ਸਹੂਲਤਾਂ ਵੀ ਬਹੁਤ ਹਨ। ਬੇਸ਼ੱਕ ਸਬਜ਼ੀ ਮਲੇਸ਼ੀਆ ਵਿੱਚ ਬਹੁਤ ਘੱਟ ਉੱਗਦੀ ਹੈ, ਪਰ ਗੁਆਂਢੀ ਮੁਲਕਾਂ ਤੋਂ ਇੰਨੀ ਮੰਗਵਾ ਲਈ ਜਾਂਦੀ ਹੈ ਕਿ ਸਾਰਾ ਸਾਲ ਹਰ ਕਿਸਮ ਦੀ ਤਾਜ਼ੀ ਸਬਜ਼ੀ ਹਰ ਥਾਂ ਉਪਲੱਬਧ ਰਹਿੰਦੀ ਹੈ। ਪੀਣ ਵਾਲੇ ਪਾਣੀ ਲਈ ਥਾਂ ਥਾਂ ਆਰ.ਓ. ਲੱਗੇ ਹਨ ਜਿੱਥੋਂ ਚੌਵੀ ਘੰਟੇ ਸ਼ੁੱਧ ਪਾਣੀ ਬੜੇ ਹੀ ਸਸਤੇ ਭਾਅ 'ਤੇ ਮਿਲਦਾ ਹੈ। ਗੈਸ ਲਈ ਕਿਸੇ ਕੁਨੈਕਸ਼ਨ ਦੀ ਲੋੜ ਨਹੀਂ, ਘਰ ਸਪਲਾਈ ਹੁੰਦੀ ਹੈ ਤੇ ਬੜੀ ਸਸਤੀ ਹੈ। ਮਲੇਸ਼ੀਆ ਵਿੱਚ ਮੁੱਖ ਤੌਰ 'ਤੇ ਤਿੰਨ ਭਾਈਚਾਰੇ ਰਹਿੰਦੇ ਹਨ: ਮਲੇਅ ਜੋ ਮਲੇਸ਼ੀਆ ਦੇ ਮੂਲ ਵਾਸੀ ਹਨ ਅਤੇ ਉਨ੍ਹਾਂ ਨੂੰ ਦੇਸ਼ ਵਿੱਚ ਧਰਤੀ ਪੁੱਤਰ ਦਾ ਰੁਤਬਾ ਮਿਲਿਆ ਹੋਇਆ ਹੈ। ਸਰਕਾਰ ਦੀ ਹਰ ਸੇਵਾ ਅਤੇ ਯੋਜਨਾ ਵਿੱਚ ਇਨ੍ਹਾਂ ਲੋਕਾਂ ਨੂੰ ਪਹਿਲ ਮਿਲਦੀ ਹੈ। ਇੱਥੋਂ ਤਕ ਕਿ ਵਿਦੇਸ਼ੀਆਂ ਨੂੰ ਮਲੇਸ਼ੀਆ ਵਿੱਚ ਕੰਪਨੀ ਸਥਾਪਿਤ ਕਰਨ ਵਾਸਤੇ ਧਰਤੀ ਪੁੱਤਰ ਦਾ ਬਿਨਾਂ ਨਿਵੇਸ਼ ਹਿੱਸਾ ਲਾਜ਼ਮੀ ਪੁਆਉਣਾ ਪੈਂਦਾ ਹੈ। ਮਲੇਅ ਭਾਈਚਾਰੇ ਦੇ ਬਹੁਤੇ ਆਦਮੀ ਸਾਡੇ ਕਈ ਭਾਈਚਾਰਿਆਂ ਵਾਂਗ ਵਿਹਲੀਆਂ ਖਾਂਦੇ ਹਨ ਤੇ ਔਰਤਾਂ ਕੰਮ ਕਰਦੀਆਂ ਹਨ। ਮਲੇਅ ਆਦਮੀ ਦੇਖਣ ਨੂੰ ਕਰੂਪ ਜਿਹੇ ਹਨ, ਪਰ ਔਰਤਾਂ ਅੰਤਾਂ ਦੀਆਂ ਖ਼ੂਬਸੂਰਤ ਅਤੇ ਬਹੁਤ ਮਿਹਨਤੀ ਹਨ। ਦੂਜਾ ਪ੍ਰਮੁੱਖ ਭਾਈਚਾਰਾ ਚੀਨੀ ਹਨ ਜੋ ਬਹੁਤ ਜ਼ਿਆਦਾ ਅਤੇ ਬਹੁਤ ਸ਼ਿੱਦਤ ਨਾਲ ਕੰਮ ਕਰਦੇ ਹਨ। ਬਹੁਤ ਘੱਟ ਬੋਲਦੇ ਹਨ ਤੇ ਕੰਮ ਵਿੱਚ ਹੀ ਮਗਨ ਰਹਿੰਦੇ ਹਨ। ਉਨ੍ਹਾਂ ਦੀਆਂ ਦੁਕਾਨਾਂ 'ਤੇ ਕਾਊਂਟਰ ਉੱਤੇ ਅਕਸਰ ਲਿਖਿਆ ਮਿਲੇਗਾ: 'ਨੋ ਵਰਕ, ਨੋ ਟੌਕ। ਸੌਦੇ ਦੀ ਗੱਲ ਤੋਂ ਬਿਨਾਂ ਤੁਸੀਂ ਉਨ੍ਹਾਂ ਨੂੰ ਕੁਝ ਵੀ ਪੁੱਛੋ ਜਾਂ ਕਹੀ ਜਾਓ ਉਹ ਪੱਥਰ ਵਾਂਗ ਹੀ ਬੈਠੇ ਰਹਿੰਦੇ ਹਨ ਤੇ ਸੌਦੇ ਦੀ ਗੱਲ ਕਰੋ ਤਾਂ ਇਕਦਮ ਊਰੀ ਵਾਂਗੂ ਘੁੰਮ ਜਾਂਦੇ ਹਨ। ਹਰ ਕੰਮ ਮਾਹਿਰਾਂ ਵਾਂਗ ਕਰਦੇ ਹਨ। ਬਹੁਤ ਵਧੀਆ ਮਕੈਨਿਕ ਹਨ ਤੇ ਟੈਕਸੀ ਚਲਾਉਣ ਵਿੱਚ ਚੀਨੀਆਂ ਦੀ ਝੰਡੀ ਹੈ।ਮਲੇਸ਼ੀਆ ਵਿੱਚ ਇਹ ਗੱਲ ਮਸ਼ਹੂਰ ਹੈ ਕਿ ਜੇ ਚਾਹੁਣ ਤਾਂ ਚੀਨੀ, ਰੇਲਵੇ ਟਰੈਕ ਉੱਤੇ ਵੀ ਕਾਰ ਚਲਾ ਸਕਦੇ ਹਨ। ਉਸ ਦੇਸ਼ ਵਿੱਚ ਤੀਜਾ ਵੱਡਾ ਭਾਈਚਾਰਾ ਤਾਮਿਲ ਹਨ। ਇਹ ਲੋਕ ਉੱਥੇ ਇੰਨੇ ਛਾਏ ਹੋਏ ਹਨ ਕਿ ਮਲੇਸ਼ੀਆ ਵਿੱਚ ਲੋਕ ਹਰ ਹਿੰਦੋਸਤਾਨੀ ਨੂੰ ਤਾਮਿਲ ਹੀ ਸਮਝਦੇ ਹਨ। ਸ਼ਾਇਦ ਮਲੇਸ਼ੀਆ ਪਹਿਲਾ ਅਜਿਹਾ ਮੁਲਕ ਹੈ ਜਿੱਥੇ ਟਰੱਕ ਅਤੇ ਜੇ.ਸੀ.ਬੀ ਦੇ ਕੰਮ ਉੱਤੇ ਸਿੱਖਾਂ ਦਾ ਨਹੀਂ, ਤਾਮਿਲਾਂ ਦਾ ਕਬਜ਼ਾ ਹੈ। ਸ਼ਾਇਦ ਇਸੇ ਕਰਕੇ ਬਦਮਾਸ਼ੀ ਵੀ ਜ਼ਿਆਦਾ ਉਹੀ ਕਰਦੇ ਹਨ। ਲੰਮੇ ਕੱਦ ਅਤੇ ਤਕੜੇ ਜੁੱਸੇ ਵਾਲੇ ਇਹ ਲੋਕ ਮਲੇਸ਼ੀਆ ਵਿੱਚ ਪੂਰੇ ਰੋਅਬ ਨਾਲ ਵਿਚਰਦੇ ਹਨ ਤੇ ਮਲੇਸ਼ੀਆ ਨੂੰ ਆਪਣਾ ਦੂਜਾ ਘਰ ਸਮਝਦੇ ਹਨ। ਉਂਜ, ਪਾਕਿਸਤਾਨੀ, ਬੰਗਲਾਦੇਸ਼ੀ, ਅਫ਼ਗਾਨ ਅਤੇ ਪੰਜਾਬੀ ਲੋਕ ਵੀ ਉੱਥੇ ਕਾਫ਼ੀ ਤਾਦਾਦ ਵਿੱਚ ਹਨ। ਇਨ੍ਹਾਂ ਸਾਰਿਆਂ ਨੂੰ ਉਹ ਲੋਕ 'ਪਾਕੀ' ਹੀ ਕਹਿੰਦੇ ਹਨ।



# ਪੇਟ ਦਰਦ ਨੂੰ ਦੂਰ ਕਰਨ 'ਚ ਬੇਹੱਦ ਅਸਰਦਾਰ ਹਨ ਇਹ ਘਰੇਲੂ ਨੁਸਖੇ

ਮੌਸਮ 'ਚ ਬਦਲਾਅ ਕਾਰਨ ਸਿਹਤ ਨਾਲ ਜੁੜੀਆਂ ਪ੍ਰੇਸ਼ਾਨੀਆਂ ਹੋਣਾ ਆਮ ਗੱਲ ਹੈ। ਕਈ ਵਾਰ ਸਾਡੇ ਭੋਜਨ 'ਚ ਬਦਲਾਅ ਅਤੇ ਪਾਚਨ ਕਿਰਿਆ 'ਚ ਗੜਬੜੀ ਦੀ ਵਜ੍ਹਾਂ ਨਾਲ ਵੀ ਪੇਟ 'ਚ ਦਰਦ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਘਰੇਲੂ ਉਪਾਅ ਦੀ ਵਰਤੋਂ ਨਾਲ ਵੀ ਆਰਾਮ ਪਾਇਆ ਜਾ ਸਕਦਾ ਹੈ।ਅੱਜ ਅਸੀਂ ਤੁਹਾਨੂੰ ਕੁਝ ਅਜਿਹੇ ਹੀ ਘਰੇਲੂ ਨੁਸਖਿਆਂ ਬਾਰੇ ਦੱਸਣ ਜਾ ਰਹੇ ਹਾਂ ਜਿਸ ਦੀ ਵਰਤੋਂ ਨਾਲ ਤੁਸੀਂ ਪੇਟ ਦਰਦ ਤੋਂ ਛੁਟਕਾਰਾ ਪਾ ਸਕਦੇ ਹੋ। ਆਓ ਜਾਣਦੇ ਹਾਂ ਇਸ ਬਾਰੇ...

ਪੇਟ ਦਰਦ ਹੋਣ 'ਤੇ ਅਦਰਕ ਦਾ ਛੋਟਾ ਜਿਹਾ ਟੁੱਕੜਾ ਮੂੰਹ 'ਚ ਪਾ ਕੇ ਚੂਸਣ ਨਾਲ ਦਰਦ ਤੋਂ ਆਰਾਮ ਮਿਲਦਾ ਹੈ। ਧੁੰਨੀ 'ਤੇ ਅਦਰਕ ਦਾ ਰਸ ਲਗਾਉਂਣ ਨਾਲ ਪੇਟ ਦਰਦ ਠੀਕ ਹੋ ਜਾਂਦਾ ਹੈ ਅਤੇ ਪਾਚਨ ਕਿਰਿਆ ਵੀ ਬਿਹਤਰ ਹੋ ਜਾਂਦੀ ਹੈ। ਬੱਚਿਆਂ ਦੇ ਪੇਟ 'ਚ ਗੈਸ ਦੀ ਵਜ੍ਹਾਂ ਨਾਲ ਦਰਦ ਹੋਵੇ ਤਾਂ ਥੋੜੀ ਜਿਹੀ ਹਿੰਗ 'ਚ ਪਾਣੀ ਮਿਲਾਕੇ ਪੇਸਟ ਬਣਾ ਲਓ। ਇਸ ਨੂੰ ਧੁੰਨੀ 'ਤੇ ਲਗਾਉਣ ਨਾਲ ਪੇਟ ਦਰਦ ਅਤੇ ਗੈਸ ਤੋਂ ਛੁਟਕਾਰਾ ਮਿਲਦਾ ਹੈ। ਪੇਟ ਦਰਦ ਹੋਣ 'ਤੇ ਮੂਲੀ ਦੀ ਵਰਤੋਂ ਕਰਨਾ ਬਹੁਤ ਫਾਇਦੇਮੰਦ ਹੁੰਦਾ ਹੈ ਮੂਲੀ 'ਤੇ ਕਾਲਾ ਨਮਕ ਲਗਾ ਕੇ ਖਾਣ ਨਾਲ ਪੇਟ ਦਰਦ ਠੀਕ ਹੋ ਜਾਂਦਾ ਹੈ। ਤੁਲਸੀ ਦੇ 10-12 ਪੱਤਿਆਂ ਦੇ ਰਸ ਦੀ ਵਰਤੋਂ ਕਰਨ ਨਾਲ ਜਾਂ ਤੁਲਸੀ ਦੀ ਚਾਹ ਪੀਣ ਨਾਲ ਆਰਾਮ ਮਿਲਦਾ ਹੈ। ਦਹੀਂ ਦੇ ਨਾਲ ਮੇਥੀ ਦੇ ਬੀਜ ਦਾ ਪਾਊਡਰ ਮਿਲਾਕੇ ਖਾਣ ਨਾਲ ਦਰਦ ਤੋਂ ਆਰਾਮ ਮਿਲਦਾ ਹੈ। ਪੇਟ ਗੈਸ ਦੇ ਕਾਰਨ ਦਰਦ ਤੋਂ ਪ੍ਰੇਸ਼ਾਨ ਹੋ ਤਾਂ 1 ਗਲਾਸ 'ਚ ਥੋੜਾ ਜਿਹਾ ਮਿੱਠਾ ਸੋਡਾ ਮਿਲਾਕੇ ਪੀਣ ਨਾਲ ਆਰਾਮ ਮਿਲਦਾ ਹੈ। 1 ਚੱਮਚ ਅਜਵਾਈਨ ਨੂੰ ਤਵੇ 'ਤੇ ਭੁੰਨ ਕੇ ਉਸ 'ਚ ਕਾਲਾ ਨਮਕ ਮਿਲਾ ਕੇ ਅਤੇ ਇਸ ਨੂੰ ਕੋਸੇ ਪਾਣੀ ਨਾਲ ਖਾਣ ਨਾਲ ਦਰਦ ਠੀਕ ਹੋ ਜਾਂਦਾ ਹੈ।

# ਤੰਦਰੁਸਤ ਦੰਦ ਮੰਗਦੇ ਹਨ ਉਚਿਤ ਦੇਖਭਾਲ



ਦੰਦ ਤੰਦਰੁਸਤ ਹਨ ਤਾਂ ਸਾਡਾ ਪੇਟ ਵੀ ਤੰਦਰੁਸਤ ਰਹੇਗਾ, ਕਿਉਂਕਿ ਜੋ ਵੀ ਭੋਜਨ ਅਸੀਂ ਖਾਂਦੇ ਹਾਂ, ਉਹ ਦੰਦਾਂ ਦੁਆਰਾ ਚਬਾਇਆ ਜਾਂਦਾ ਹੈ। ਦੰਦ ਕਮਜ਼ੋਰ ਹੋਣ 'ਤੇ ਭੋਜਨ ਬਿਨਾਂ ਪੂਰੀ ਤਰ੍ਹਾਂ ਚਬਾਏ ਪੇਟ ਵਿਚ ਜਾਵੇਗਾ ਅਤੇ ਪੇਟ ਖਰਾਬ ਹੋ ਜਾਵੇਗਾ। ਦੰਦਾਂ ਨੂੰ ਤੰਦਰੁਸਤ ਰੱਖਣ ਲਈ ਦੰਦਾਂ ਦੀ ਉਚਿਤ ਦੇਖਭਾਲ ਕਰਨੀ ਚਾਹੀਦੀ ਹੈ।

× ਦਿਨ ਵਿਚ ਦੋ ਵਾਰ ਦੰਦਾਂ ਦੀ ਸਫ਼ਾਈ ਜ਼ਰੂਰ ਕਰੋ, ਸਵੇਰੇ ਉੱਠ ਕੇ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ।
× ਦੰਦਾਂ ਦੀ ਸਫ਼ਾਈ ਦੇ ਨਾਲ ਮਸੂੜਿਆਂ ਦਾ ਵੀ ਧਿਆਨ ਰੱਖੋ। ਮਸੂੜੇ ਕਮਜ਼ੋਰ ਹੋਣ 'ਤੇ ਦੰਦ ਛੇਤੀ ਹਿੱਲਣੇ ਸ਼ੁਰੂ ਹੋ ਜਾਣਗੇ।
× ਬੁਰਸ਼ ਨੂੰ ਹੌਲੀ-ਹੌਲੀ ਦੰਦਾਂ 'ਤੇ ਉੱਪਰ-ਹੇਠਾਂ, ਸੱਜੇ-ਖੱਬੇ ਚਲਾਓ। ਦੰਦਾਂ ਅਤੇ ਮਸੂੜਿਆਂ 'ਤੇ ਜ਼ੋਰ ਨਾਲ ਬੁਰਸ਼ ਨੂੰ ਨਾ ਰਗੜੋ।
× ਡੇਢ-ਦੋ ਮਹੀਨੇ ਬਾਅਦ ਆਪਣਾ ਦੰਦਾਂ ਵਾਲਾ ਬੁਰਸ਼ ਬਦਲ ਲਓ। ਬੁਰਸ਼ ਦੇ ਬੇਤਰਤੀਬ ਰੇਸ਼ੇ ਦੰਦ ਸਾਫ ਕਰਨ ਦੇ ਯੋਗ ਨਹੀਂ ਹੁੰਦੇ।
× ਟੂੱਥ ਪੇਸਟ, ਬੁਰਸ਼, ਮੰਜਨ ਚੰਗੀ ਕਿਸਮ ਦਾ ਹੀ ਵਰਤੋ। ਸਖ਼ਤ ਮੰਜਨ ਨਾ ਵਰਤੋ।
× ਵਿਟਾਮਿਨ 'ਸੀ' ਦੇ ਸੇਵਨ ਨਾਲ ਦੰਦ ਅਤੇ ਮਸੂੜੇ ਮਜ਼ਬੂਤ ਬਣਦੇ ਹਨ। ਆਪਣੇ ਭੋਜਨ ਵਿਚ ਵਿਟਾਮਿਨ 'ਸੀ' ਵਾਲੇ ਫਲ ਅਤੇ ਪੁੰਗਰੀਆਂ ਦਾਲਾਂ ਦੀ ਵਰਤੋਂ ਨਿਯਮਤ ਕਰੋ। ਭੁੱਟਾ ਖਾਣ ਅਤੇ ਗੰਨਾ ਚੂਪਣ ਨਾਲ ਦੰਦਾਂ ਅਤੇ ਮਸੂੜਿਆਂ ਦੀ ਕਸਰਤ ਹੁੰਦੀ ਹੈ।
× ਜ਼ਿਆਦਾ ਮਸਾਲੇਦਾਰ, ਖਟਿਆਈ ਅਤੇ ਮਿੱਠਾ ਦੰਦਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਬਹੁਤ ਜ਼ਿਆਦਾ ਗਰਮ ਅਤੇ ਠੰਢੇ ਪਦਾਰਥਾਂ ਦਾ ਸੇਵਨ ਘੱਟ ਤੋਂ ਘੱਟ ਕਰੋ।
× ਸਾਲ ਵਿਚ ਘੱਟ ਤੋਂ ਘੱਟ ਦੋ ਵਾਰ ਦੰਦਾਂ ਦਾ ਨਿਰੀਖਣ ਦੰਦਾਂ ਦੇ ਡਾਕਟਰ ਕੋਲੋਂ ਕਰਵਾਓ। ਵਿਚ-ਵਿਚਾਲੇ ਦੰਦਾਂ ਵਿਚ ਕਿਸੇ ਤਰ੍ਹਾਂ ਦੀ ਦਰਦ, ਪਸ ਜਾਂ ਖ਼ੂਨ ਆਉਣ 'ਤੇ ਘਰੇਲੂ ਇਲਾਜ 'ਤੇ ਹੀ ਨਿਰਭਰ ਨਾ ਰਹੋ। ਡਾਕਟਰ ਨਾਲ ਸਲਾਹ ਕਰਕੇ ਉਚਿਤ ਦਵਾਈ ਲਓ।
× ਦੰਦਾਂ ਵਿਚ ਕੇਵਿਟੀ ਹੋਣ 'ਤੇ ਦੰਦ ਮਾਹਿਰਾਂ ਕੋਲੋਂ ਜਾਂਚ ਕਰਵਾ ਕੇ ਸਮੇਂ ਸਿਰ ਹੀ ਦੰਦਾਂ ਦੀ ਫਿਲਿੰਗ ਕਰਵਾਓ।
× ਦੰਦਾਂ 'ਤੇ ਜੰਮੀ ਪਰਤ ਦੀ ਸਫ਼ਾਈ ਲਈ ਡਾਕਟਰ ਕੋਲੋਂ ਦੰਦਾਂ ਦੀ ਸਕੇਲਿੰਗ ਕਰਵਾਓ।
× ਦੰਦਾਂ ਵਿਚ ਕੁਝ ਫਸ ਜਾਣ ਦੀ ਸਥਿਤੀ ਵਿਚ ਪਹਿਲਾਂ ਬੁਰਸ਼ ਕਰਕੇ ਕੱਢਣ ਦੀ ਕੋਸ਼ਿਸ਼ ਕਰੋ। ਨਾ ਨਿਕਲਣ ਦੀ ਹਾਲਤ ਵਿਚ 'ਡੈਂਟਲ ਫਲਾਸ' ਦੀ ਸਹਾਇਤਾ ਨਾਲ ਦੰਦਾਂ ਨੂੰ ਸਾਫ਼ ਕਰੋ। 'ਡੈਂਟਲ ਫਲਾਸ' ਖਰੀਦਣ ਤੋਂ ਪਹਿਲਾਂ ਡਾਕਟਰ ਕੋਲੋਂ ਉਸ ਦੀ ਸਹੀ ਤਰ੍ਹਾਂ ਵਰਤੋਂ ਕਰਨ ਬਾਰੇ ਜਾਣਕਾਰੀ ਲੈ ਲਓ।

# ਦਮੇ ਵਿਚ ਸਹਾਇਕ ਹੈ ਘਰੇਲੂ ਇਲਾਜ

ਜਿਥੇ ਅੰਗਰੇਜ਼ੀ ਦਵਾਈਆਂ ਨਾਲ ਦਮੇ ਦੇ ਲੱਛਣਾਂ ਨੂੰ ਦਬਾਅ ਕੇ ਕੁਝ ਸਮੇਂ ਲਈ ਰਾਹਤ ਹੀ ਪਾਈ ਜਾ ਸਕਦੀ ਹੈ, ਉਥੇ ਘਰੇਲੂ ਅਤੇ ਕੁਦਰਤੀ ਨਿਯਮਾਂ ਦਾ ਪਾਲਣ ਕਰਕੇ ਇਸ ਨੂੰ ਲਗਪਗ ਪੂਰੀ ਤਰ੍ਹਾਂ ਠੀਕ ਕੀਤਾ ਜਾ ਸਕਦਾ ਹੈ।

ਦਮਾ ਅਲਰਜੀ ਦਾ ਨਤੀਜਾ ਹੈ। ਜਿਨ੍ਹਾਂ ਚੀਜ਼ਾਂ ਤੋਂ ਵਿਅਕਤੀ ਨੂੰ ਅਲਰਜੀ ਹੋਵੇ, ਉਹ ਉਨ੍ਹਾਂ ਦੇ ਪ੍ਰਤੀ ਇਕ ਤਰ੍ਹਾਂ ਦੀ ਸਰੀਰਕ ਪ੍ਰਤੀਕਿਰਿਆ ਹੈ। ਸਾਹ ਸਬੰਧੀ ਰੋਗਾਂ ਵਿਚ ਇਹ ਸਭ ਤੋਂ ਤਕਲੀਫ਼ ਦਿੰਦਾ ਹੈ। ਦਮੇ ਦੇ ਮਰੀਜ਼ ਨੂੰ ਇਸ ਦੇ ਦੌਰੇ ਵਾਰ-ਵਾਰ ਪੈਂਦੇ ਹਨ ਅਤੇ ਉਸ ਸਮੇਂ ਉਸ ਦੇ ਲਈ ਸਾਹ ਲੈਣਾ ਮੁਸ਼ਕਿਲ ਹੋ ਜਾਂਦਾ ਹੈ। ਦੌਰੇ ਤੋਂ ਠੀਕ ਪਹਿਲਾਂ ਅਤੇ ਬਾਅਦ ਵਿਚ ਇਹ ਬਿਲਕੁਲ ਆਮ ਵਾਂਗ ਰਹਿੰਦਾ ਹੈ।



ਲੱਛਣ : ਦਮੇ ਦੇ ਮਰੀਜ਼ ਹਫਦੇ ਹੋਏ ਦਿਸਦੇ ਹਨ। ਉਨ੍ਹਾਂ ਨੂੰ ਸਾਹ ਲੈਣ ਵਿਚ ਜਿੰਨੀ ਮੁਸ਼ਕਿਲ ਹੁੰਦੀ ਹੈ, ਉਸ ਨਾਲੋਂ ਜ਼ਿਆਦਾ ਸਾਹ ਛੱਡਣ ਵਿਚ ਹੁੰਦੀ ਹੈ। ਅਜਿਹਾ ਫੇਫੜੇ ਤੱਕ ਹਵਾ ਲਿਜਾਣ ਵਾਲੀ ਨਲੀ ਵਿਚ ਸੰਕੁਚਨ ਦੇ ਕਾਰਨ ਹੁੰਦਾ ਹੈ। ਇਸ ਸੰਕੁਚਨ ਦੀ ਵਜ੍ਹਾ ਨਾਲ ਹਾਲੇ ਪਹਿਲੇ ਸਾਹ ਦੀ ਹਵਾ ਫੇਫੜੇ ਵਿਚੋਂ ਨਿਕਲ ਨਹੀਂ ਸਕੀ ਹੁੰਦੀ ਕਿ ਮਰੀਜ਼ ਅਗਲੀ ਸਾਹ ਲੈਣੀ ਚਾਹੁੰਦਾ ਹੈ। ਇਸ ਨਾਲ ਫੇਫੜੇ ਫੁੱਲਣ ਲਗਦੇ ਹਨ। ਦਮੇ ਦੇ ਸਾਰੇ ਮਰੀਜ਼ਾਂ ਨੂੰ ਜ਼ਿਆਦਾ ਪ੍ਰੇਸ਼ਾਨੀ ਰਾਤ ਨੂੰ, ਖਾਸ ਕਰਕੇ ਨੀਂਦ ਦੀ ਹਾਲਤ ਵਿਚ ਹੁੰਦੀ ਹੈ। ਕਾਰਨ : ਦਮਾ ਕਈ ਕਾਰਨਾਂ ਕਰਕੇ ਹੁੰਦਾ ਹੈ। ਕਈ ਲੋਕਾਂ ਨੂੰ ਇਹ ਅਲਰਜੀ ਦੇ ਕਾਰਨ ਹੁੰਦਾ ਹੈ। ਇਹ ਅਲਰਜੀ ਮੌਸਮ ਦੀਆਂ ਸਥਿਤੀਆਂ, ਕਿਸੇ ਖਾਧ, ਦਵਾਈ, ਗੰਧ ਜਾਂ ਹੋਰ ਕਾਰਨਾਂ ਨਾਲ ਹੋ ਸਕਦੀ ਹੈ। ਅਲਰਜੀ ਦੇ ਕਾਰਨ ਵੱਖ-ਵੱਖ ਵਿਅਕਤੀਆਂ ਲਈ ਵੱਖ-ਵੱਖ ਹੁੰਦੇ ਹਨ ਪਰ ਸਭ ਤੋਂ ਆਮ ਕਾਰਨ ਧੂੜ ਹੈ।

ਕੁਝ ਲੋਕਾਂ ਨੂੰ ਕਿਸੇ ਖਾਸ ਤਰ੍ਹਾਂ ਦੀ ਧੂੜ ਤੋਂ ਅਲਰਜੀ ਹੁੰਦੀ ਹੈ। ਕੱਪੜੇ ਦੀ ਧੂੜ, ਕਣਕ ਦੀ ਧੂੜ, ਕਾਗਜ਼ 'ਤੇ ਜੰਮੀ ਧੂੜ, ਪਸ਼ੂਆਂ ਦੇ ਵਾਲਾਂ ਦੀ ਧੂੜ ਅਤੇ ਕੀਟ-ਪਤੰਗੇ ਦੀ ਧੂੜ ਇਸ ਦੀਆਂ ਮਿਸਾਲਾਂ ਹਨ। ਅਲਰਜੀ ਪੈਦਾ ਕਰਨ ਵਾਲੇ ਖਾਧ ਪਦਾਰਥ ਆਮ ਤੌਰ 'ਤੇ ਇਹ ਹਨ-ਕਣਕ, ਆਂਡਾ, ਦੁੱਧ, ਚਾਕਲੇਟ, ਫਲੀਆਂ, ਆਲੂ ਅਤੇ ਮਾਸ। ਮਾਹਿਰਾਂ ਦਾ ਅਨੁਮਾਨ ਹੈ ਕਿ ਜੇ ਮਾਂ-ਬਾਪ ਦੋਵਾਂ ਨੂੰ ਦਮਾ ਹੋਵੇ ਤਾਂ 50 ਫੀਸਦੀ ਮਾਮਲਿਆਂ ਵਿਚ ਔਲਾਦ ਨੂੰ ਵੀ ਅਲਰਜੀ ਸਬੰਧੀ ਰੋਗ ਹੋ ਜਾਂਦੇ ਹਨ। ਹਾਲ ਹੀ ਵਿਚ ਕੁਝ ਖੋਜ ਕਰਤਾ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਕੁਪੋਸ਼ਣ ਜਾਂ ਸਰੀਰ ਵਿਚ ਕੁਝ ਪੌਸ਼ਟਿਕ ਤੱਤਾਂ ਦੀ ਕਮੀ ਵੀ ਦਮੇ ਦੇ ਕਾਰਨ ਹਨ। ਅਧਿਵਰਕਿਕ ਗ੍ਰੰਥੀ ਦੇ ਠੀਕ ਤਰ੍ਹਾਂ ਕੰਮ ਨਾ ਕਰਨ, ਖ਼ੂਨ ਸ਼ੱਕਰ ਘੱਟ ਹੋਣ ਜਾਂ ਕਾਰਬੋਹਾਈਡ੍ਰੇਟ ਠੀਕ ਤਰ੍ਹਾਂ ਨਾ ਪਚਾ ਸਕਣ ਦੀ ਸਥਿਤੀ ਵਿਚ ਵੀ ਦਮਾ ਹੋ ਸਕਦਾ ਹੈ।

# ਲਗਾਤਾਰਤਾ ਜ਼ਰੂਰੀ ਹੈ ਕਸਰਤ ਵਿਚ

ਤੁਸੀਂ ਆਪਣੀ ਸਿਹਤ ਅਤੇ ਲੋੜ ਨੂੰ ਧਿਆਨ ਵਿਚ ਰੱਖਦੇ ਹੋਏ ਨਿਸ਼ਾਨਾ ਬਣਾਓ। ਸਭ ਤੋਂ ਪਹਿਲਾਂ ਆਪਣੇ ਕੋਲੈਸਟ੍ਰੋਲ, ਸ਼ੂਗਰ ਅਤੇ ਖ਼ੂਨ ਦੇ ਦਬਾਅ ਦੀ ਜਾਂਚ ਕਰਵਾਓ। ਫਿਰ ਨਤੀਜੇ ਅਨੁਸਾਰ ਆਪਣੇ ਕਸਰਤ ਦੇ ਤਰੀਕਿਆਂ ਨੂੰ ਮਿਥ ਲਓ। ਡਾਕਟਰ ਦੀ ਸਲਾਹ ਅਨੁਸਾਰ ਆਪਣੇ ਕਸਰਤ ਦੇ ਤਰੀਕਿਆਂ ਨੂੰ ਜਾਣੋ ਅਤੇ ਸਮਾਂ ਵੀ ਪੁੱਛੋ ਕਿ ਮੈਨੂੰ ਇਕ ਹਫ਼ਤੇ ਵਿਚ ਕਿੰਨਾ ਸਮਾਂ ਕਸਰਤ ਲਈ ਦੇਣਾ ਚਾਹੀਦਾ ਹੈ। ਉਸ ਨੂੰ ਉਸੇ ਰੂਪ ਵਿਚ ਵੰਡ ਕੇ ਆਪਣੀ ਰੁਟੀਨ ਬਣਾਓ। ਫਿਰ ਦੇਖੋ ਤੁਹਾਡਾ ਸਰੀਰ ਤੁਹਾਡੇ ਕਾਬੂ ਵਿਚ ਰਹੇਗਾ। ਜੇ ਤੁਸੀਂ ਕੋਈ ਖੇਡ ਖੇਡਣਾ ਪਸੰਦ ਕਰਦੇ ਹੋ, ਜਿਵੇਂ ਤੈਰਾਕੀ, ਬੈਡਮਿੰਟਨ, ਲਾਅਨ ਟੈਨਿਸ, ਟੇਬਲ ਟੈਨਿਸ ਆਦਿ ਤਾਂ ਆਪਣੇ ਗਰੁੱਪ ਦੇ ਲੋਕਾਂ ਦੇ ਨਾਲ ਮੁਕਾਬਲਾ ਕਰਦੇ ਰਹੋ ਅਤੇ ਨਿਯਮਤ ਰੂਪ ਨਾਲ ਭਾਰ ਲਓ ਤਾਂ ਕਿ ਤੁਹਾਨੂੰ ਆਪਣੀ ਕਸਰਤ ਦਾ ਲਾਭ ਮਿਲਦਾ ਰਹੇ ਅਤੇ ਖੇਡ ਵਿਚ ਵੀ ਅੱਗੇ ਵਧਦੇ ਰਹੋ। ਤੁਹਾਡੇ ਸਰੀਰ ਵਿਚ ਜੇ ਚਰਬੀ ਛੇਤੀ ਜਮ੍ਹਾਂ ਹੁੰਦੀ ਹੋਵੇ ਅਤੇ ਖ਼ਰਚ ਘੱਟ ਹੁੰਦੀ ਹੋਵੇ ਤਾਂ ਚਰਬੀ ਨੂੰ ਖ਼ਰਚ ਕਰਨ ਦੇ ਤਰੀਕੇ ਜਾਣੋ ਅਤੇ ਚਰਬੀ ਜਮ੍ਹਾਂ ਨਾ ਹੋਣ ਦਿਓ। ਜੇ ਤੁਸੀਂ ਸਹੀ ਤਰੀਕਿਆਂ ਬਾਰੇ ਅਣਜਾਣ ਹੋ ਤਾਂ ਕਿਸੇ ਮਾਹਿਰ ਅਤੇ ਡਾਈਟੀਸ਼ੀਅਨ ਦੀ ਸਹਾਇਤਾ ਲੈ ਕੇ ਇਸ ਪ੍ਰਕਿਰਿਆ ਨੂੰ ਅੱਗੇ ਵਧਾਓ ਤਾਂ ਕਿ ਭਾਰ ਜ਼ਿਆਦਾ ਨਾ ਵਧੇ। ਜੇ ਕੁਝ ਕਸਰਤਾਂ ਤੁਹਾਨੂੰ ਪਸੰਦ ਨਹੀਂ ਤਾਂ ਉਨ੍ਹਾਂ ਨੂੰ ਆਪਣੇ 'ਤੇ ਨਾ ਥੋਪੋ, ਨਹੀਂ ਤਾਂ ਤੁਸੀਂ ਬਹੁਤ ਛੇਤੀ ਬੋਰ ਹੋ ਜਾਓਗੇ ਅਤੇ ਤੁਹਾਡੀ ਲਗਾਤਾਰਤਾ ਟੁੱਟ ਜਾਵੇਗੀ। ਜੇ ਜਿੰਮ ਜਾ ਕੇ ਤੁਹਾਨੂੰ ਰੋਜ਼ ਟ੍ਰੇਡਮਿਲ 'ਤੇ ਚੱਲਣਾ ਪਸੰਦ ਨਹੀਂ ਤਾਂ ਕੋਈ ਹੋਰ ਕਸਰਤ ਕਰੋ। ਜਿੰਮ ਜਾਣਾ ਪਸੰਦ ਨਹੀਂ ਤਾਂ ਘਰ ਹੀ ਯੋਗ ਆਸਣ, ਪ੍ਰਾਣਾਯਾਮ ਕਰ ਸਕਦੇ ਹੋ ਜਾਂ ਫਿਰ ਸੰਗੀਤ ਲਗਾ ਕੇ ਨਾਚ ਵਾਲੀ ਕਸਰਤ ਕਰ ਸਕਦੇ ਹੋ। ਕਦੇ-ਕਦੇ ਪਾਰਕ ਜਾ ਕੇ ਲੰਬੀ ਸੈਰ ਦਾ ਅਨੰਦ ਲੈ ਸਕਦੇ ਹੋ, ਰੱਸੀ ਟੱਪ ਸਕਦੇ ਹੋ, ਭਾਰ ਚੁੱਕ ਸਕਦੇ ਹੋ। ਜੋ ਪਸੰਦ ਹੋਵੇ, ਉਹੀ ਕਰੋ। ਕੋਸ਼ਿਸ਼ ਕਰ ਕੇ ਆਪਣੀ ਕਸਰਤ ਦਾ ਪ੍ਰੋਗਰਾਮ ਤੁਸੀਂ ਇਕ ਮਹੀਨੇ ਦਾ ਪਹਿਲਾਂ ਤੈਅ ਕਰ ਲਓ, ਫਿਰ ਸ਼ੁਰੂ ਕਰੋ। ਉਸ ਵਿਚ ਕਸਰਤ ਕਰਨ ਦੇ ਤਰੀਕਿਆਂ ਵਿਚ ਵਿਭਿੰਨਤਾ ਵੀ ਰੱਖ ਸਕਦੇ ਹੋ। ਜੋ ਪ੍ਰੋਗਰਾਮ ਤੁਸੀਂ ਲਿਖਤੀ ਰੂਪ ਵਿਚ ਤਿਆਰ ਕਰੋ, ਉਸ 'ਤੇ ਪੱਕੇ ਰਹਿ ਕੇ ਚੱਲੋ, ਤਾਂ ਹੀ ਲਾਭ ਮਿਲੇਗਾ। ਪ੍ਰੋਗਰਾਮ ਬਣਾਉਂਦੇ ਸਮੇਂ ਧਿਆਨ ਰੱਖੋ ਕਿ ਹਫ਼ਤੇ ਵਿਚ ਔਸਤ 4 ਘੰਟੇ ਦਾ ਸਮਾਂ ਕਸਰਤ ਲਈ ਜ਼ਰੂਰ ਰੱਖੋ। 4 ਘੰਟੇ ਦਾ ਅਰਥ 4 ਘੰਟੇ ਹੀ ਹੈ, ਇਸ ਤੋਂ ਘੱਟ ਨਹੀਂ।



ਕਸਰਤ ਘਰ ਕਰੋ ਜਾਂ ਜਿੰਮ ਜਾ ਕੇ, ਜੇ ਸੰਗੀਤ ਨਾਲ ਚੱਲ ਰਿਹਾ ਹੋਵੇ ਤਾਂ ਕਸਰਤ ਕਰਨ ਦਾ ਮਜ਼ਾ ਵਧ ਜਾਂਦਾ ਹੈ। ਇਕ ਅਧਿਐਨ ਅਨੁਸਾਰ ਜੇ ਗਾਣਾ ਤੁਹਾਡੀ ਪਸੰਦ ਦਾ ਹੈ ਤਾਂ ਤੁਸੀਂ ਜ਼ਿਆਦਾ ਜੋਸ਼ ਨਾਲ ਕਸਰਤ ਕਰ ਸਕਦੇ ਹੋ। ਇਸ ਗੱਲ ਨੂੰ ਅਣਡਿੱਠ ਨਾ ਕਰੋ। ਆਪਣੀ ਪਸੰਦ ਦੇ ਗਾਣਿਆਂ ਦੀ ਸੀ. ਡੀ. ਆਪਣੇ ਨਾਲ ਜਿੰਮ ਵਿਚ ਲਿਜਾ ਸਕਦੇ ਹੋ। ਚਾਹੋ ਤਾਂ ਘਰ ਹੀ ਕਸਰਤ ਕਰਦੇ ਹੋਏ ਵੀ ਸੁਣ ਸਕਦੇ ਹੋ। ਆਪਣੇ ਪਰਿਵਾਰ ਵਾਲਿਆਂ ਕੋਲੋਂ ਇਕ ਮਦਦ ਮੰਗੋ ਕਿ ਕਸਰਤ ਕਰਨ ਦੇ ਇਕ ਘੰਟੇ ਦੇ ਸਮੇਂ ਵਿਚ ਤੁਹਾਨੂੰ ਤੰਗ ਨਾ ਕਰਨ, ਸਹਿਯੋਗ ਦੇਣ। ਉਸ ਸਮੇਂ ਦੇ ਕੰਮ ਨੂੰ ਖੁਦ ਨਿਪਟਾ ਲੈਣ। ਉਨ੍ਹਾਂ ਨੂੰ ਸਮਝਾਓ ਕਿ ਉਹ ਤੁਹਾਨੂੰ ਸਹਿਯੋਗ ਦੇਣ, ਕਿਉਂਕਿ ਤੁਹਾਡੀ ਸਿਹਤ ਦਾ ਮਾਮਲਾ ਹੈ। ਉਮੀਦ ਹੈ ਉਹ ਤੁਹਾਨੂੰ ਪੂਰਾ ਸਹਿਯੋਗ ਦੇਣਗੇ।



# ਪੂਜਾ ਹੈਗੜੇ ਸ਼ੌਕ ਘੁੰਮਣ-ਫਿਰਨ ਦਾ

ਰਿਤਿਕ ਰੌਸ਼ਨ ਨਾਲ ਪੂਜਾ ਹੈਗੜੇ ਨੇ 'ਮੋਹੰਜੋਦੜੋ' ਫ਼ਿਲਮ ਨਾਲ ਪ੍ਰਵੇਸ਼ ਕੀਤਾ ਸੀ। ਪੂਜਾ ਇਸ ਤੋਂ ਪਹਿਲਾਂ ਦੱਖਣ ਦੀਆਂ ਫ਼ਿਲਮਾਂ ਕਰਦੀ ਸੀ। ਹੀਰੋਇਨ ਬਣਨ ਦੇ ਬਾਵਜੂਦ ਉਹ ਕੁਝ ਅਸਹਿਜ ਜਿਹਾ ਮਹਿਸੂਸ ਕਰ ਰਹੀ ਹੈ। ਪੱਤਰਕਾਰਾਂ ਨਾਲ ਵੀ ਉਸ ਦਾ ਵਤੀਰਾ ਖ਼ਾਸ ਨਹੀਂ ਰਹਿੰਦਾ। ਹਾਂ ਉਹ ਕੁਝ ਤੇਲਗੂ ਫ਼ਿਲਮਾਂ ਜ਼ਰੂਰ ਕਰ ਰਹੀ ਹੈ। ਪੂਜਾ ਦੱਖਣ ਦੀ ਇਕ ਫ਼ਿਲਮ 'ਚ ਵਿਸ਼ੇਸ਼ ਸੀਨ ਵੀ ਕਰ ਰਹੀ ਹੈ। ਪੂਜਾ ਦੀ ਉਂਜ ਆਕੜ ਬਹੁਤ ਹੈ ਤੇ ਉਸ ਨੇ ਸੂਰਜ ਪੇਰੋਲੀ ਨਾਲ ਫ਼ਿਲਮ ਕਰਨ ਤੋਂ ਨਾਂਹ ਕੀਤੀ ਹੈ। ਉਹ ਸਿਰਫ 'ਏ' ਕਤਾਰ ਦੇ ਕਲਾਕਾਰਾਂ ਨਾਲ ਹੀ ਕੰਮ ਕਰਨਾ ਚਾਹੁੰਦੀ ਹੈ। ਫ਼ਿਲਮ ਕਰਨੀ ਜਾਂ ਨਹੀਂ, ਉਸ ਦਾ ਨਿੱਜੀ ਫ਼ੈਸਲਾ ਹੈ ਪਰ ਹਰ ਵਾਰ ਸੁਪਰ ਸਟਾਰ ਨਾਲ ਫ਼ਿਲਮ ਕਰਨ ਦੀ ਖਾਹਿਸ਼ ਰੱਖਣੀ ਵੀ ਸਹੀ ਨਹੀਂ ਹੈ। ਟਾਲੀਵੁੱਡ 'ਚ ਪੂਜਾ ਦੇ ਸਿਤਾਰੇ ਠੀਕ ਹਨ। ਅਨੂ ਅਰਜਨ ਨਾਲ ਉਹ ਇਕ ਫ਼ਿਲਮ ਕਰ ਰਹੀ ਹੈ। ਉਂਜ ਦੱਖਣ 'ਚ ਹਿੱਟ ਫ਼ਿਲਮਾਂ ਦੇਣ ਦਾ ਰਿਕਾਰਡ ਉਸ ਕੋਲ ਹੈ। ਗਣੇਸ਼ ਅਚਾਰੀਆ ਨਾਲ ਪੂਜਾ ਡਾਂਸ ਦੀ ਰਿਹਰਸਲ ਕਰ ਰਹੀ ਹੈ। ਪੂਜਾ ਹੈਗੜੇ ਪਿਛਲੇ ਦਿਨੀਂ ਤੁਰਕੀ ਗਈ ਸੀ। ਉਹ ਹਰ ਸਾਲ ਕਿਤੇ ਨਾ ਕਿਤੇ ਘੁੰਮਣ-ਫਿਰਨ ਜਾਂਦੀ ਹੈ। ਉਸ ਲਈ ਇਹ ਜ਼ਰੂਰੀ ਨਹੀਂ ਕਿ ਘੁੰਮਣ-ਫਿਰਨ ਵਾਲੀ ਥਾਂ ਦੇਸ਼ 'ਚ ਹੋਏ ਜਾਂ ਦੇਸ਼ ਤੋਂ ਬਾਹਰ। ਪੂਜਾ ਨੇ ਇਸਤੰਬੁਲ ਦੀ ਸੈਰ ਵੀ ਕੀਤੀ। ਉਸ ਦਾ ਸੁਪਨਾ ਦੁਨੀਆ ਦੀ ਸੈਰ ਕਰਨੀ ਹੈ।

ਐਮ.ਕਾਮ ਤੱਕ ਪੜ੍ਹੀ-ਲਿਖੀ ਪੂਜਾ ਹੈਗੜੇ ਨੂੰ 'ਰੇਸ-3' ਮਿਲਣ ਦੀ ਪੂਰੀ ਸੰਭਾਵਨਾ ਹੈ। ਬਾਲੀਵੁੱਡ ਲਈ ਚਾਹੇ ਮੌਕੇ ਘੱਟ ਹਨ ਪਰ ਪੂਜਾ ਹੈਗੜੇ ਨੂੰ ਕੋਈ ਫ਼ਰਕ ਨਹੀਂ ਪਿਆ। ਦੱਖਣ 'ਚ ਬਹੁਤ ਕੰਮ ਹੈ। ਤੁਰਕੀ ਘੁੰਮਣ ਤੋਂ ਬਾਅਦ ਸ਼ਾਇਦ ਉਹ ਯੂਰਪ ਜਾਂਦੀ ਪਰ ਰੁਝੇਵੇਂ ਆੜੇ ਆ ਗਏ। ਜਦ ਵੀ ਵਿਹਲ ਮਿਲੀ ਦੁਨੀਆ ਦੀ ਸੈਰ ਜਾਰੀ ਰੱਖੇਗੀ ਪੂਜਾ।

# ਈਸ਼ਾ ਗੁਪਤਾ ਤੇਰੀ ਮਰਜ਼ੀ



ਪ੍ਰਭਾਵਸ਼ਾਲੀ ਕਲਾਕਾਰਾਂ ਨਾਲ ਕੰਮ ਕਰਕੇ ਹੀ ਵਧੀਆ ਅਭਿਨੇਤਰੀ ਬਣਿਆ ਜਾ ਸਕਦਾ ਹੈ, ਇਹ ਈਸ਼ਾ ਕਹਿ ਰਹੀ ਹੈ। 'ਰੁਸਤਮ' ਸਮੇਂ ਉਸ ਨੇ ਅਕਸ਼ੈ ਕੁਮਾਰ ਤੋਂ ਕਾਫੀ ਕੁਝ ਸਿੱਖਿਆ। 'ਜੰਨਤ-2', 'ਰਾਜ-3' ਬਾਦਸ਼ਾਹ ਕਰ ਚੁੱਕੀ ਈਸ਼ਾ ਗੁਪਤਾ ਉਂਜ ਜ਼ਿਆਦਾ ਹੀ ਖੁੱਲ੍ਹਾਪਣ ਦਿਖਾ ਰਹੀ ਹੈ। ਬੇਹੱਦ ਘੱਟ ਕੱਪੜਿਆਂ 'ਚ ਤਸਵੀਰਾਂ ਤੇ ਤਸਵੀਰਾਂ ਖਿਚਵਾ ਰਹੀ ਹੈ। 'ਕਮਾਂਡੋ-2 ਬਲੈਕ ਮਨੀ' ਵਾਲੀ ਇਹ ਨਾਇਕਾ ਹੁਣ ਲੜਕੀਆਂ 'ਚ ਉਤਸ਼ਾਹ ਭਰਨ ਲਈ ਫੁੱਟਬਾਲ ਟੀਮ ਬਣਾ ਚੁੱਕੀ ਹੈ। ਇਹ ਤਾਂ ਵਧੀਆ ਕੰਮ ਹੈ ਪਰ ਫੈਸ਼ਨ ਮੈਗਜ਼ੀਨ 'ਤੇ ਬੇਹੱਦ ਮਾੜੀ ਤਸਵੀਰ ਛਪਵਾਉਣੀ ਉਸ ਦੇ ਖੇਡ ਪਿਆਰ ਨੂੰ ਨਰਾਜ਼ ਕਰ ਸਕਦੀ ਹੈ। ਹਾਂ, ਇਹ ਸਾਲ ਈਸ਼ਾ ਲਈ ਵਧੀਆ ਆਇਆ ਹੈ। 'ਆਂਖੇਂ-2' ਉਸ ਦੀ ਫ਼ਿਲਮ ਆ ਰਹੀ ਹੈ। 'ਹੇਰਾਫੇਰੀ-3' ਵੀ ਉਸ ਕੋਲ ਹੈ। ਅਰਜਨ ਰਾਮਪਾਲ, ਅਨਿਲ ਕਪੂਰ, ਅਰਸ਼ਦ ਵਾਰਸੀ, ਇਲੀਆਨਾ ਡਿਕਰੂਜ਼ ਤੇ ਅਮਿਤਾਭ ਬੱਚਨ ਨਾਲ 'ਆਂਖੇਂ-2' ਈਸ਼ਾ ਕਰ ਰਹੀ ਹੈ। ਅਨੀਸ ਬਜਮੀ ਇਸ ਫ਼ਿਲਮ ਦਾ ਨਿਰਦੇਸ਼ਕ ਹੈ। ਈਸ਼ਾ ਗੁਪਤਾ ਜੇਕਰ ਬੇਸ਼ਰਮੀ ਭਰੀਆਂ ਹਰਕਤਾਂ ਤੋਂ ਪਿਛਾਂਹ ਹਟ ਜਾਏ ਤਾਂ ਉਹ ਸਤਿਕਾਰਤ ਅਭਿਨੇਤਰੀਆਂ ਦੀ ਸ਼੍ਰੇਣੀ 'ਚ ਆ ਸਕਦੀ ਹੈ। ਇਹ ਤਾਂ ਈਸ਼ਾ 'ਤੇ ਨਿਰਭਰ ਹੈ ਕਿ ਉਹ ਬਦਲਦੀ ਹੈ ਜਾਂ ਨਹੀਂ।

# ਸੋਨਮ ਕਪੂਰ ਵਿਆਹ ਦੇ ਕਿਆਫ਼ੇ ਲੱਗਣੇ ਸ਼ੁਰੂ



ਫੈਸ਼ਨਾਂ ਦੀ ਮਾਹਿਰ ਬਾਲੀਵੁੱਡ ਦੀ ਬੜਬੋਲੀ ਹੀਰੋਇਨ ਸੋਨਮ ਕਪੂਰ ਇਸ ਸਮੇਂ ਅਕਸ਼ੈ ਕੁਮਾਰ ਨਾਲ 'ਪੈਡਮੈਨ' ਫ਼ਿਲਮ ਕਰ ਰਹੀ ਹੈ। ਰਹੀ ਗੱਲ ਉਸ ਦੀ ਫ਼ਿਲਮ 'ਵੀਰੇ ਦੀ ਵੈਡਿੰਗ' ਦੀ ਤਾਂ ਸੋਨਮ ਦੀ ਇਹ ਘਰੇਲੂ ਫ਼ਿਲਮ ਹੁਣ ਅਪ੍ਰੈਲ ਨੂੰ ਆਏਗੀ। ਏਕਤਾ ਦੇ ਭਤੀਜੇ ਲਕਸ਼ਯ ਦਾ ਜਨਮ ਦਿਨ ਅਪ੍ਰੈਲ 'ਚ ਹੈ। ਇਸ ਮੌਕੇ ਹੀ ਸੋਨਮ ਦੀ 'ਵੀਰੇ ਦੀ ਵੈਡਿੰਗ' ਰਿਲੀਜ਼ ਹੋ ਜਨਮ ਦਿਨ ਦਾ ਤੋਹਫ਼ਾ ਲਕਸ਼ਯ ਨੂੰ ਹੋਏਗੀ। ਉਂਜ ਇਸ ਲੋਹੜੀ 'ਤੇ ਸੋਨਮ ਕਿੱਥੇ ਸੀ ? ਉਹ ਧੜਾਧੜ ਅਨੁਸ਼ਕਾ ਸ਼ਰਮਾ ਨੂੰ ਸੁਨੇਹੇ ਘੱਲ ਰਹੀ ਸੀ। ਵਿਆਹੁਤਾ ਜੀਵਨ ਸਬੰਧੀ ਪੁੱਛ ਰਹੀ ਸੀ। ਮਹਿਸੂਸ ਕਰੋ ਕਿ ਸੋਨਮ ਵੀ ਪਰਾਈ ਹੋਣ ਦੀ ਰਾਹ ਵੱਲ ਹੈ ਤੇ ਸੰਭਾਵਨਾ ਹੈ ਕਿ ਅਨੰਦ ਆਹੂਜਾ ਨਾਲ ਸੱਤ ਜਨਮਾਂ ਦਾ ਸਾਥ ਵਾਲੀ ਕਹਾਣੀ ਇਸ ਸਾਲ ਮੁਕਾਮ 'ਤੇ ਪਹੁੰਚ ਜਾਏ। ਕੋਲਕਾਤਾ ਦੀ ਇਕ ਗਹਿਣਿਆਂ ਦੀ ਦੁਕਾਨ 'ਤੇ ਲੋਹੜੀ ਵਾਲੇ ਦਿਨ ਸੋਨਮ ਅਨੰਦ ਆਹੂਜਾ ਦੀ ਅੰਮੀ ਨਾਲ ਖ਼ਰੀਦਦਾਰੀ ਕਰ ਰਹੀ ਸੀ। ਸੋਨਮ ਦੇ ਢਿੱਡ 'ਚ ਕੋਈ ਗੱਲ ਪੱਚ ਜਾਏ, ਨਹੀਂ-ਬਿਲਕੁਲ ਨਹੀਂ। ਸੋਨਮ ਨੇ ਕਾਫੀ ਚੰਗੀਆਂ ਫ਼ਿਲਮਾਂ ਵੀ ਕੀਤੀਆਂ ਹਨ। ਹੁਣ ਫੇਮ ਦੇ ਗੱਦਿਆਂ ਤੋਂ ਪ੍ਰੇਸ਼ਾਨ ਸੋਨਮ ਕਪੂਰ ਜੋਧਪੁਰ ਜਾ ਰਹੀ ਹੈ। ਇਥੇ ਹੀ ਅਪ੍ਰੈਲ 'ਚ ਦੋਵਾਂ ਦਾ ਵਿਆਹ ਹੋਏਗਾ। 'ਪੈਡਮੈਨ', 'ਵੀਰੇ ਦੀ ਵੈਡਿੰਗ' ਤਾਂ ਸੋਨਮ ਦੇ ਵਿਆਹ ਤੋਂ ਪਹਿਲਾਂ-ਪਹਿਲਾਂ ਸੰਪੂਰਨ ਹੋ ਜਾਣਗੀਆਂ ਪਰ ਸਸ਼ਾਂਕ ਘੋਸ਼ ਦੀ 'ਬੈਟਲ ਆਫ ਪਿਟੋਰਾ' ਦਾ ਕੀ ਬਣੂੰ ? ਇਹ ਹੁਣ ਲੇਟ ਹੋ ਜਾਏਗੀ।

# ਜ਼ਰੀਨ ਸਟਾਰਰ ਫਿਲਮ '1921' ਨੇ ਪਹਿਲੇ ਹਫਤੇ 'ਚ ਕਮਾਏ ਇੰਨੇ ਕਰੋੜ

ਪਿੱਛਲੇ ਹਫਤੇ ਸਿਨੇਮਾਘਰਾਂ 'ਚ ਰਿਲੀਜ਼ ਹੋਈ ਹਾਰਰ ਫਿਲਮ '1921' ਬਾਕਸ ਆਫਿਸ 'ਤੇ ਕੋਈ ਖਾਸ ਕਮਾਲ ਨਹੀਂ ਦਿਖਾ ਰਹੀ ਹੈ। ਤੁਹਾਨੂੰ ਦੱਸ ਦੇਈਏ ਫਿਲਮ ਨੇ ਪਹਿਲੇ ਦਿਨ ਸ਼ੁਕਰਵਾਰ 1.56 ਕਰੋੜ, ਦੂਜੇ ਦਿਨ ਸ਼ਨੀਵਾਰ 2.09 ਕਰੋੜ, ਤੀਜੇ ਦਿਨ ਐਤਵਾਰ 2.80 ਕਰੋੜ, ਚੋਥੇ ਦਿਨ ਸੋਮਵਾਰ 1.62 ਕਰੋੜ, 5ਵੇਂ ਦਿਨ ਮੰਗਲਵਾਰ 1.31 ਕਰੋੜ, 6ਵੇਂ ਦਿਨ ਬੁੱਧਵਾਰ 1.12 ਕਰੋੜ ਅਤੇ 7ਵੇਂ ਦਿਨ ਵੀਰਵਾਰ 1.06 ਕਰੋੜ ਦੀ ਕਮਾਈ ਕਰ ਚੁੱਕੀ ਹੈ। ਫਿਲਮ ਨੇ ਕੁੱਲ ਮਿਲਾ ਕੇ ਪਹਿਲੇ ਹਫਤੇ 'ਚ 11.58 ਕਰੋੜ ਦਾ ਕਾਰੋਬਾਰ ਕਰ ਲਿਆ ਹੈ। ਦੱਸਣਯੋਗ ਹੈ ਕਿ ਫਿਲਮ '1921' ਨਿਰਦੇਸ਼ਕ ਵਿਕਰਮ ਭੱਟ ਦੇ ਨਿਰਦੇਸ਼ਨ ਹੇਠ ਬਣ ਰਹੀ ਹੈ। ਫਿਲਮ 'ਚ ਜ਼ਰੀਨ ਖਾਨ, ਕਰਨ ਕੁੰਦਰਾ ਵਰਗੇ ਸਟਾਰਜ਼ ਅਹਿਮ ਭੂਮਿਕਾ 'ਚ ਹਨ। ਫਿਲਮ ਦਾ ਬਜਟ ਕਰੀਬ 15 ਕਰੋੜ ਦਾ ਦੱਸਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਇਹ ਉਮੀਦ ਕਰਦੇ ਹਾਂ ਕਿ ਫਿਲਮ ਆਉਣ ਵਾਲੇ ਦਿਨਾਂ 'ਚ ਬਾਕਸ ਆਫਿਸ 'ਤੇ ਚੰਗਾ ਬਿਜ਼ਨੈੱਸ ਕਰੇਗੀ।



# ਸੋਸ਼ਲ ਮੀਡੀਆ ਦੀ ਆਦਤ ਤੋਂ ਇੰਝ ਛੁਟਕਾਰਾ ਦਿਵਾਏਗੀ ਭੋਲੀ



ਗਾਇਕਾ ਸ਼ਿਵਾਨੀ ਕਸ਼ਯਪ ਦੇ ਨਵੇਂ ਗੀਤ 'ਵਾਨਾਬੀ ਫਰੀ' ਦੇ ਵੀਡੀਓ ਵਿਚ ਅਦਾਕਾਰਾ ਰਿਚਾ ਚੱਢਾ ਨਜ਼ਰ ਆਏਗੀ। ਇਹ ਗਾਣਾ ਹਰ ਕਿਸੇ ਨੂੰ ਸੋਸ਼ਲ ਮੀਡੀਆ ਦੀਆਂ ਬੇੜੀਆਂ ਤੋਂ ਆਜ਼ਾਦ ਕਰਨ ਨੂੰ ਉਤਸ਼ਾਹਿਤ ਕਰਦਾ ਹੈ। ਰਿਚਾ ਨੇ ਕਿਹਾ ਕਿ ਸ਼ਿਵਾਨੀ ਦੋਸਤ ਹੈ ਅਤੇ ਮੈਨੂੰ ਖੁਸ਼ੀ ਹੈ ਕਿ ਮੈਂ ਉਸ ਨਾਲ ਕੰਮ ਕਰ ਰਹੀ ਹਾਂ।ਉਸਨੇ ਕਿਸੇ ਪਾਰਟੀ ਨੰਬਰ ਜਾਂ ਰੋਮਾਂਟਿਕ ਗਾਣੇ ਦੀ ਥਾਂ ਸਮਾਜ ਵਿਚ ਵਧ ਰਹੀਆਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਕ ਸਾਰਥਕ ਗਾਣਾ ਤਿਆਰ ਕੀਤਾ ਹੈ। 'ਵਾਨਾਬੀ ਫਰੀ' ਦੇ ਨਾਲ ਗਾਇਕਾ ਦਾ ਉਦੇਸ਼ ਲੋਕਾਂ ਨੂੰ ਸੋਸ਼ਲ ਮੀਡੀਆ ਦੀ ਆਦਤ ਤੋਂ ਛੁਟਕਾਰਾ ਦਿਵਾਉਣਾ ਹੈ। ਉਸਦਾ ਮੰਨਣਾ ਹੈ ਕਿ ਵੀਡੀਓ ਵਿਚ ਰਿਚਾ ਪੂਰੀ ਤਰ੍ਹਾਂ ਫਿੱਟ ਹੈ ਕਿਉਂਕਿ ਉਹ ਇਕ ਅਦਾਕਾਰਾ ਹੈ।


We Thank Our Customers for Their Trust & Loyality
22 Years of Excellent Customer Service
FOR COMPETITIVE RATES CALL
1-800-870-5845
PICK-UP & DELIVERY
ANYWHERE IN USA
INDO US EXPRESS,INC.
World wide Couriers*Freight Forwards
Domestic & Local Delivery
43-50, 11th St.,Suite No,109, LIC,New York, N.Y.111o1
Tel:212-447-5720.Fax:5169323750
www.indousexpress.com
Email : gsingh9070@aol.com (or) indousexpress@gmail.com
7Days A Week
CALL ABOUT OUR SPECIAL RATES TO
INDIA



Virsa and Culture of Punjab ,
Bhangra, Gidha,
Live Music, Dhol,
Celebrity Entertainment

# PUNJABI AMERICAN NIGHT 2018

**SUNDAY, AUGUST 19, 2018 6:30 ONWARDS**

**EISENHOWER PARK EAST MEADOW, LONG ISLAND**

*Free Refreshment*

**Mohinder Singh Taneja**
**Chairperson**

Media Partner
ਪੰਜਾਬੀ ਦੁਨੀਆ

**Tell : 516-840-7968, mohindertaneja@gmail.com**


PRRIA HAIDER PRODUCTIONS
PRESENTS
AR RAHMAN
HINDI | TAMIL | TELUGU
LIVE
PRRIA HAIDER PRODUCTIONS GLOBAL
POWERED BY
utshob.com
YOUR ULTIMATE ONLINE SHOPPING EXPERIENCE
I AM ENTERTAINMENT
SHIFT
SKP
SAFIYA KAZIM PRODUCTIONS
DTNY
MEDIA PARTNER
Yollay
SATURDAY 1ST SEPT, 2018, 8:00PM
VENUE
NASSAU COLISEUM
1255 HEMPSTEAD TURNPIKE,
UNIONDALE, NY 11553
TICKETS ON- ticketmaster
MARKETING PARTNER
BOLLYWOOD hungama
SUPPORTED BY
The South Asian INSIDER
Sulekha
Apnee Community
ticket | hungama
ਪੰਜਾਬੀ ਦੁਨੀਆ
FARMERS INSURANCE
PINTOO JEWELERS
Hum Hindustani
NYCB LIVE
BOMBAY THEATRE
FOR SPONSORSHIP AND INFORMATION CALL
PPRIA HAIDER: 516 303 6597 MEHBOOB HAIDER: 516 468 8536